# ਵਾਮਨ ਮਲ੍ਹਾਰ ਜੋਸ਼ੀ

ਗੋਵਿੰਦ ਮਲ੍ਹਾਰ ਕੁਲਕਰਣੀ




ਭਾਰਤੀ

ਸਾਹਿਤ ਦੇ

Pb
891.460 92
J 78 K

J 78 K



INDIAN INSTITUTE
OF
ADVANCED STUDY
LIBRARY, SHIMLA

ਅਸਤਰ 'ਤੇ ਮੂਰਤੀ ਕਲਾ ਦਾ ਜੋ ਇਹ ਪ੍ਰਤੀਰੂਪ ਪੇਸ਼ ਕੀਤਾ ਗਿਆ ਹੈ, ਇਸ ਵਿਚ ਵਿਖਾਏ ਗਏ ਦ੍ਰਿਸ਼ ਵਿਚ ਤਿੰਨ ਜੋਤਸ਼ੀ ਰਾਜਾ ਸ਼ੁਧੋਧਨ ਨੂੰ ਮਹਾਤਮਾ ਬੁੱਧ ਦੀ ਮਾਤਾ-ਮਹਾਰਾਣੀ ਮਾਇਆ ਦੇ ਸੁਪਨੇ ਦੀ ਵਿਆਖਿਆ ਕਰਕੇ ਦੱਸ ਰਹੇ ਹਨ । ਉਹਨਾਂ ਦੇ ਹੇਠ ਇਕ ਮੁਨਸ਼ੀ ਬੈਠਾ ਹੈ ਜੋ ਵਿਆਖਿਆ ਲਿਖਦਾ ਜਾ ਰਿਹਾ ਹੈ । ਸ਼ਾਇਦ ਆਦਿ ਕਾਲ ਦੀ ਭਾਰਤੀ ਚ੍ਰਿਤਕਲਾ ਦਾ ਚਿਤ੍ਰ ਰੂਪ ਵਿਚ ਪ੍ਰਾਪਤ ਇਹੀ ਰਿਕਾਰਡ ਹੈ ।

**ਨਾਗਾਰਜੁਨਕੋਂਡਾ : ਦੂਸਰੀ ਸਦੀ ਈਸਵੀ**

**ਧੰਨਵਾਦ ਸਹਿਤ : ਨੈਸ਼ਨਲ ਮਿਊਜ਼ੀਅਮ, ਨਵੀਂ ਦਿੱਲੀ**

ਭਾਰਤੀ ਸਾਹਿਤ ਦੇ ਨਿਰਮਾਤਾ

# ਵਾਮਨ ਮਲ੍ਹਾਰ ਜੋਸ਼ੀ

ਲੇਖਕ

ਗੋਵਿੰਦ ਮਲ੍ਹਾਰ ਕੁਲਕਰਣੀ

ਅਨੁਵਾਦਕ

ਸਵਰਨ ਸਿੰਘ

ਸਾਹਿੱਤ ਅਕਾਦੇਮੀ

*Waman Malhar Joshi* : Punjabi translation by Swarn Singh of Govind Malhar Kulkarni's monograph in Marathi. Sahitya Akademi, New Delhi (1994), Rs. 15.

Library IIAS, Shimla
P 891.460 92 J 78 K
00116243

© ਸਾਹਿਤ ਅਕਾਦੇਮੀ
ਪਹਿਲੀ ਵਾਰ 1994

## ਸਾਹਿਤ ਅਕਾਦੇਮੀ

**ਪ੍ਰਧਾਨ ਦਫ਼ਤਰ**

ਰਵਿੰਦਰ ਭਵਨ, 35, ਫ਼ੀਰੋਜ਼ਸ਼ਾਹ ਮਾਰਗ, ਨਵੀਂ ਦਿੱਲੀ 110 001

ਵਿਕਰੀ ਵਿਭਾਗ : ਸਵਾਤੀ, ਮੰਦਿਰ ਮਾਰਗ, ਨਵੀਂ ਦਿੱਲੀ 110 001

**ਖੇਤਰੀ ਦਫ਼ਤਰ**

ਜੀਵਨਤਾਰਾ ਬਿਲਡਿੰਗ, ਚੌਥੀ ਮੰਜ਼ਿਲ, 23 ਏ/44 ਐੱਕਸ,
ਡਾਇਮੰਡ ਹਾਰਬਰ ਰੋਡ, ਕਲਕੱਤਾ 700 053

304-305, ਅੰਨਾ ਸਲਾਈ, ਤੇਨਾਮਪੇਟ, ਮਦਰਾਸ 600 018

172, ਮੁੰਬਈ ਮਰਾਠੀ ਗ੍ਰੰਥ ਸੰਗ੍ਰਹਾਲਯ ਮਾਰਗ,
ਦਾਦਰ, ਬੰਬਈ 400 014

ਏ ਡੀ ਏ ਰੰਗਮੰਦਿਰ, 109, ਜੇ. ਸੀ. ਮਾਰਗ, ਬੰਗਲੌਰ 560 002

ਮੁੱਲ : ਪੰਦਰਾ ਰੁਪਏ

ISBN 81-7201- 784-7

ਲੇਜ਼ਰਸੈਟਿੰਗ : ਵੈਲਵਿਸ਼ ਪਬਲਿਸ਼ਰਜ਼,
ਪੀਤਮ ਪੁਰਾ, ਦਿੱਲੀ 110 034

ਪ੍ਰਿੰਟਰਜ਼ : ਸੁਪਰ ਪ੍ਰਿੰਟਰਸ
ਦਿੱਲੀ 110 051

Indian Institute of Advanced Study
116243
23/11/04
SHIMLA

P
891.46092
J78K

# ਤਤਕਰਾ


| | |
|---|---|
| ਵਿਅਕਤਿਤਵ ਤੇ ਕਾਰਜ | 7 |
| ਅਧਿਆਤਮਵਾਦ | 22 |
| ਨਾਵਲ ਰਚਨਾ | 37 |
| ਸਮੀਖਿਆ ਲੇਖਨ | 53 |
| ਫੁਟਕਲ ਲਲਿਤ ਲੇਖਨ | 61 |
| ਅੰਤਿਕਾ | 69 |
| ਵਾਮਨ ਮਲ੍ਹਾਰ ਜੋਸ਼ੀ: ਸਾਹਿਤ ਰੁਚੀ | 71 |
| ਵਾਮਨ ਮਲ੍ਹਾਰ ਜੋਸ਼ੀ ਬਾਰੇ ਮਹੱਤਵਪੂਰਨ ਲਿਖਤਾਂ | 72 |

# ਵਿਅਕਤਿਤਵ ਤੇ ਕਾਰਜ

ਵਾਮਨ ਮਲ੍ਹਾਰ ਜੋਸ਼ੀ ਦਾ ਜਨਮ ਕੋਂਕਣ ਵਿਚ 'ਤਲੇ' ਨਾਂ ਦੇ ਗਰਾਂ ਵਿਖੇ 22 ਜਨਵਰੀ 1882 ਈ. ਨੂੰ ਹੋਇਆ । ਉਹਨਾਂ ਦੇ ਪਿਤਾ ਜੀ ਬਹੁਤ ਵੱਡੇ ਵਿਦਵਾਨ ਬ੍ਰਾਹਮਣ ਅਤੇ ਉੱਤਮ ਦਰਜੇ ਦੇ ਜੋਤਸ਼ੀ ਸਨ । ਉਹ ਗੋਰੇਗਾਂਵ ਅਤੇ ਆਸ ਪਾਸ ਦੇ ਸੱਤ ਅੱਠ ਪਿੰਡਾਂ ਦੇ ਪ੍ਰੋਹਿਤ ਸਨ । ਉਹਨਾਂ ਦਾ ਜੀਵਨ ਸਾਦਾ ਸੀ । ਵਾਮਨ ਰਾਓ ਦੇ ਘਰ ਦਾ ਮਾਹੌਲ ਸਭਿਆਚਾਰਕ ਤੇ ਸੁਖਾਵਾਂ ਸੀ । ਉਹਨਾਂ ਦੇ ਸਾਹਿੱਤ ਵਿਚ ਪਰਿਵਾਰਿਕ ਜੀਵਨ ਦੇ ਜਿਹੜੇ ਸੁਖਾਵੇਂ ਚਿਤਰ ਮਿਲਦੇ ਹਨ ਉਹ ਮੂਲ ਰੂਪ ਵਿਚ ਉਹਨਾਂ ਦੇ ਘਰੇਲੂ ਮਾਹੌਲ ਵਿਚ ਮੌਜੂਦ ਸਨ ।

ਵਾਮਨ ਰਾਓ ਦੇ ਦੋ ਭਰਾ ਅਤੇ ਚਾਰ ਭੈਣਾਂ ਸਨ । ਉਹਨਾਂ ਤੋਂ ਵੱਡਾ ਇਕ ਮਤ੍ਰੇਇਆ ਭਰਾ ਵੀ ਸੀ । ਉਹ ਕੋਂਕਣ ਵਿਚ ਰਹਿੰਦਾ ਸੀ । ਵਾਮਨ ਰਾਓ ਦਾ ਵੱਡਾ ਤੇ ਸਕਾ ਭਰਾ ਮਹਾਦੇਵ ਪੂਣੇ ਪੜ੍ਹਨੇ ਪੈ ਗਿਆ । ਉਸਦੇ ਪਿੱਛੇ ਹੀ ਵਾਮਨ ਰਾਓ ਦਾ ਦੂਜਾ ਭਰਾ ਨਾਰਾਇਣ ਰਾਓ ਅਤੇ ਉਸਤੋਂ ਪਿੱਛੋਂ ਖ਼ੁਦ ਵਾਮਨ ਰਾਓ ਕੁਝ ਦਿਨਾਂ ਦੇ ਅੰਤਰ ਨਾਲ ਪੂਣੇ ਸਿੱਖਿਆ ਪ੍ਰਾਪਤ ਕਰਨ ਲਈ ਆ ਗਏ । ਮਹਾਦੇਵ ਜੋਸ਼ੀ ਨੇ ਉਸ ਸਮੇਂ ਨਵੇਂ ਸਥਾਪਤ ਹੋਏ 'ਨਿਊ ਇੰਗਲਿਸ਼ ਸਕੂਲ' ਤੋਂ ਮੈਟ੍ਰਿਕ ਪਾਸ ਕੀਤੀ । ਮਗਰੋਂ ਡੇਕਨ ਕਾਲਜ ਤੋਂ ਬੀ. ਏ. ਅਤੇ ਐਮ. ਏ. ਕੀਤੀ । ਉਸਨੂੰ ਸੰਸਕ੍ਰਿਤ ਵਿਸ਼ੇ ਵਿਚ ਹਰ ਵਰ੍ਹੇ ਪਹਿਲੇ ਦਰਜੇ ਵਿਚ ਪਾਸ ਹੋਣ 'ਤੇ ਪੁਰਸਕਾਰ ਤੇ ਵਜ਼ੀਫ਼ੇ ਮਿਲੇ । ਨਾਰਾਇਣ ਰਾਓ ਨੇ ਵੀ ਪੂਣੇ ਤੋਂ ਬੀ. ਏ. ਕੀਤੀ । ਉਸਨੇ ਆਰੰਭ ਵਿਚ ਰਤਨਾਗਿਰੀ ਵਿਚ ਅਧਿਆਪਨ ਦਾ ਕਾਰਜ ਕੀਤਾ । ਸੇਵਾ-ਮੁਕਤ ਹੋਣ ਤੀਕ ਸਰਵੈਂਟਸ ਆਫ਼ ਇੰਡੀਆ ਸੁਸਾਇਟੀ ਦੀ ਸੇਵਾ ਨਿਭਾਈ ।

ਵਾਮਨ ਰਾਓ ਦੀ ਜਨੇਊ ਪਹਿਨਣ ਦੀ ਰਸਮ ਨੇਪਰੇ ਚੜ੍ਹੀ ਹੀ ਸੀ ਕਿ ਉਹਨਾਂ ਦੇ ਪਿਤਾ ਜੀ ਪੂਰੇ ਹੋ ਗਏ । ਉਹਨਾਂ ਦੀ ਪੰਜਵੀਂ ਜਮਾਤ ਤੀਕ ਪੜ੍ਹਾਈ ਗੋਰੇਗਾਂਵ ਵਿਚ ਹੀ ਹੋਈ । ਅਗਾਂਹ ਪੜ੍ਹਨ ਲਈ ਉਹ ਵੱਡੇ ਭਰਾ ਮਹਾਦੇਵ ਉਰਫ਼ ਅੱਣਾ ਕੋਲ ਪੂਣੇ ਆ ਗਏ । ਵਾਮਨ ਰਾਓ ਦੀ ਮੈਟ੍ਰਿਕ ਤੱਕ ਦੀ ਪੜ੍ਹਾਈ ਪੂਣੇ ਵਿਚ ਲਵਾਟੇ-ਪਾਂਗਾਰਕਰ ਦੀ ਸੰਗਤ ਵਿਚ ਹੋਈ । ਇਸੇ ਸਮੇਂ ਉਹਨਾਂ ਦੇ ਛੋਟੇ ਭਰਾ ਅੱਣਾ ਨੇ ਅਹਿਮਦ ਨਗਰ ਹਾਈ ਸਕੂਲ ਵਿਚ ਅਧਿਆਪਕ ਦੀ ਆਸਾਮੀ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ । ਵਾਮਨ ਰਾਓ ਵੀ ਆਪਣੇ ਭਰਾ ਕੋਲ ਅਹਿਮਦ ਨਗਰ ਚਲੇ ਗਏ । ਮੈਟ੍ਰਿਕ ਦੇ ਇਮਤਿਹਾਨ ਵਿਚ ਸਾਰਾ ਸਮਾਂ ਅੰਗ੍ਰੇਜ਼ੀ ਲੇਖ ਲਿਖਣ ਵਿਚ ਰੁੱਝੇ ਰਹਿਣ ਕਾਰਣ

ਉਹ ਪ੍ਰੀਖਿਆ 'ਚੋ ਅਸਫ਼ਲ ਰਹੇ । ਅਗਲੇ ਸਾਲ 1900 ਈ. ਵਿਚ ਉਹਨਾਂ ਨੇ ਮੈਟ੍ਰਿਕ ਦਾ ਇਮਤਿਹਾਨ ਚੰਗੇ ਅੰਕ ਹਾਸਿਲ ਕਰਕੇ ਪਾਸ ਕਰ ਲਿਆ । ਵਾਮਨ ਰਾਓ ਨੂੰ ਅਹਿਮਦ ਨਗਰ ਵਿਚ ਡਾ. ਗੁਣੇ. ਸ੍ਰੀ. ਪਾ. ਮੰ ਉਰਫ਼ ਸੈਨਾਪਤੀ ਬਾਪਟ ਵਰਗੇ ਚੰਗੇ ਜਮਾਤੀ ਮਿਲ ਗਏ ।

ਮੈਟ੍ਰਿਕ ਤੋ ਬਾਅਦ ਉਹਨਾਂ ਨੇ ਆਪਣੇ ਵੱਡੇ ਭਰਾ ਵਾਂਗ ਡੇਕਨ ਕਾਲਜ ਵਿਚ ਦਾਖ਼ਲਾ ਲੈ ਲਿਆ । ਉਦੋ ਡੇਕਨ ਕਾਲਜ ਦਾ ਮਾਹੌਲ ਵਧੇਰੇ ਰਮਣੀਕ, ਕਲਾਤਮਕ ਅਤੇ ਵਿਦਿਆਰਥੀਆਂ ਨੂੰ ਪ੍ਰਭਾਵਿਤ ਕਰਨ ਵਾਲਾ ਹੁੰਦਾ ਸੀ । ਵਾਮਨ ਰਾਓ ਡੇਕਨ ਕਾਲਜ ਦੇ ਹੋਸਟਲ ਵਿਚ ਰਹਿੰਦੇ ਸਨ । ਉਹਨਾਂ ਨੇ 1904 ਈ. ਵਿਚ ਬੀ. ਏ. ਅਤੇ 1906 ਈ. ਵਿਚ ਐਮ. ਏ. ਕੀਤੀ । ਐਮ. ਏ. ਵਿਚ ਤਰਕ ਸ਼ਾਸਤ੍ਰ ਅਤੇ ਤਤਵ-ਗਿਆਨ ਭਾਵ ਫ਼ਿਲਾਸਫ਼ੀ ਵਿਸ਼ਿਆਂ ਦਾ ਅਧਿਐਨ ਕੀਤਾ । ਸਾਰੀ ਪੜ੍ਹਾਈ ਵਜ਼ੀਫ਼ਾ ਲੈਂਦਿਆਂ ਕੀਤੀ । ਬੀ. ਏ. ਵਿਚ ਉਹ ਆਪਣੇ ਕਾਲਜ ਦੇ ਪਹਿਲੇ ਤਿੰਨ ਵਿਦਿਆਰਥੀਆਂ ਵਿਚੋ ਸਨ । ਇਸ ਲਈ 'ਦੱਖਣਾ ਫ਼ੈਲੋਸ਼ਿਪ' ਪ੍ਰਾਪਤ ਹੋਈ । ਬੀ. ਏ. ਵਿਚ ਵਧੀਆ ਲੇਖ ਲਿਖਣ ਕਾਰਣ 'ਹੱਵਲਾਕ ਪ੍ਰਾਈਜ਼' ਹਾਸਿਲ ਕੀਤਾ ।

ਕਾਲਜ ਵਿਚ ਉਹ ਟੈਨਿਸ ਬੜੇ ਸ਼ੌਂਕ ਨਾਲ ਖੇਡਿਆ ਕਰਦੇ ਸਨ । ਉਹਨਾਂ ਦੇ ਖੇਡਣ ਦਾ ਤੌਰ ਤਰੀਕਾ ਵਿਧੀ ਪੂਰਵਕ ਹੋਣ ਦੀ ਬਜਾਏ ਦੂਜੇ ਖਿਡਾਰੀਆਂ ਨਾਲੋਂ ਵਧੇਰੇ ਉਤਸ਼ਾਹਜਨਕ ਸੀ । ਇਕ ਅੰਤਰ-ਕਾਲਜ ਮੁਕਾਬਲੇ ਵਿਚ ਉਹਨਾਂ ਨੇ ਫ਼ਰਗਸਨ ਕਾਲਜ ਵਿਰੁੱਧ ਮੈਚ ਵਿਚ ਜਿੱਤ ਪ੍ਰਾਪਤ ਕੀਤੀ । ਉਸ ਮੁਕਾਬਲੇ ਦੀ ਹਕੀਕਤ ਬਾਰੇ ਪ੍ਰਿੰਸੀਪਲ ਸ਼ਾਰਪ ਨੇ ਜਦੋ ਪੁੱਛ ਪੜਤਾਲ ਕੀਤੀ ਤਾਂ ਵਾਮਨ ਰਾਓ ਨੇ ਅਤਿਅੰਤ ਨਿਡਰ ਹੋਕੇ ਆਖਿਆ, "ਫ਼ਰਗਸਨ ਕਾਲਜ ਵਿਚ ਜਿਵੇਂ ਪ੍ਰੋਫ਼ੈਸਰ ਵਿਦਿਆਰਥੀਆਂ ਨਾਲ ਮੇਲ ਜੋਲ ਰੱਖਦੇ ਹਨ, ਉਹ ਕੁਝ ਇੱਥੇ ਨਹੀਂ । ਇੱਥੇ ਯੂਰਪੀਨ ਪ੍ਰੋਫ਼ੈਸਰ ਉੱਕਾ ਹੀ ਅਜਨਬੀ ਹਨ । ਉਹਨਾਂ ਦੇ ਮਨ ਵਿਚ ਹਿੰਦੀ ਵਿਦਿਆਰਥੀਆਂ ਨਾਲ ਸਨੇਹ ਅਤੇ ਅਪਣੱਤ ਕਿੱਥੋ ਪੈਦਾ ਹੋਵੇ । ਅੰਗ੍ਰੇਜ਼ੀ ਰਾਜ ਦਾ ਭਾਰਤ ਨੂੰ ਭੋਰਾ ਲਾਭ ਨਹੀਂ ਹੋਇਆ । ਕੁਝ ਸਮੇਂ ਲਈ ਤਾਂ ਬਦਅਮਨੀ ਸਵੀਕਾਰ ਕੀਤੀ ਜਾ ਸਕਦੀ ਏ, ਪਰ ਬਰਤਾਨਵੀ ਰਾਜ ਵਿਚ ਤਾਂ ਸ਼ਾਂਤੀ ਦੀ ਮੁੱਖ ਅਵਸਥਾ ਹੀ ਨਹੀਂ ।" ਉਹਨਾਂ ਦੇ ਇਸ ਸਪਸ਼ਟ ਕਥਨ ਦੇ ਪ੍ਰਤੀਬਿੰਬ *ਨਲਿਨੀ* ਅਤੇ *ਸੁਸ਼ੀਲਾ* ਦੇ ਦੇਵ ਨਾਵਲਾਂ ਵਿਚ ਝਲਕਦੇ ਦਿਖਾਈ ਦਿੰਦੇ ਹਨ ।

ਡੇਕਨ ਕਾਲਜ ਵਿਚ ਪੜ੍ਹਦਿਆਂ ਵਾਮਨ ਰਾਓ ਨੂੰ ਪੜ੍ਹਨ ਲਿਖਣ ਦੀ ਚੇਟਕ ਲਗ ਗਈ । ਉਹਨਾਂ ਕਾਲਜ ਵਿਚ ਪਾਠ ਪੁਸਤਕਾਂ ਇਕ ਪਾਸੇ ਰੱਖਕੇ ਆਪਣੀ ਦਿਲਚਸਪੀ ਦੀਆਂ ਕਿਤਾਬਾਂ ਦਾ ਅਧਿਐਨ ਕੀਤਾ । ਕਾਲਜ ਮੈਗਜ਼ੀਨ ਵਿਚ 'ਵਾਮਨ' ਨਾਂ ਹੇਠ ਅੰਗ੍ਰੇਜ਼ੀ ਅਤੇ ਮਰਾਠੀ ਵਿਚ ਲਘੂ ਲੇਖ ਲਿਖੇ । ਵਾਮਨ ਮਲ੍ਹਾਰ ਰਚਿਤ ਸਾਹਿੱਤ ਵਿਚ ਉਹਨਾਂ ਦੇ ਜੀਵਨ ਦੀਆਂ ਡੇਕਨ ਕਾਲਜ ਦੀਆਂ ਘਟਨਾਵਾਂ ਦਾ ਮਹੱਤਵਪੂਰਣ ਸਥਾਨ

ਪੂਣੇ ਸ਼ਹਿਰ ਦੇ ਮਾਹੌਲ ਅਤੇ ਸੁਤੰਤਰ ਬੌਧਿਕਤਾ ਕਾਰਣ ਵਾਮਨ ਰਾਓ ਦੀ ਰਾਸ਼ਟਰੀ ਬਿਰਤੀ ਸਹਿਜੇ, ਹੀ ਕਾਫ਼ੀ ਪ੍ਰਪੱਕ ਹੋ ਗਈ । ਸਿੱਟੇ ਵਜੋਂ ਐਮ. ਏ. ਕਰਨ ਬਾਅਦ ਸਰਕਾਰੀ ਨੌਕਰੀ ਨਹੀਂ ਕੀਤੀ । ਇਕ ਅੰਗ੍ਰੇਜ਼ ਪ੍ਰੋਫ਼ੈਸਰ ਨੇ 'ਪੋਸਟਲ ਸੁਪਰਡੈਂਟ' ਦੀ ਨੌਕਰੀ ਦੁਆਉਣ ਦਾ ਪ੍ਰਬੰਧ ਕੀਤਾ । ਪਰ ਉਹਨਾਂ ਨੇ ਇਹ ਵੀ ਸਵੀਕਾਰ ਨਾ ਕੀਤਾ । ਉਹਨਾਂ ਨੇ ਪ੍ਰਾਧਿਆਪਕ ਬਣਨ ਦੀ ਰੀਝ ਮਨ ਵਿਚ ਧਾਰਣ ਕਰ ਲਈ ਸੀ । ਇਹ ਪੂਰੀ ਕਰਨ ਲਈ ਉਹਨਾਂ ਨੂੰ ਲਗਭਗ ਇਕ ਦਹਾਕਾ ਉਡੀਕ ਕਰਨੀ ਪਈ ।

ਵਾਮਨ ਮਲ੍ਹਾਰ ਨੇ ਜਿਸ ਸਾਲ ਐਮ. ਏ. ਕੀਤੀ, ਉਸੇ ਸਾਲ ਕਲਕੱਤਾ ਵਿਖੇ ਕਾਂਗਰਸ ਤੇ ਅਧਿਵੇਸ਼ਨ ਵਿਚ ਸ਼ਾਮਿਲ ਹੋਣ ਲਈ ਉਹ ਉਥੇ ਗਏ । ਉਹ ਕਾਂਗਰਸ ਅਧਿਵੇਸ਼ਨ ਅਨੇਕ ਕਾਰਣਾਂ ਕਰਕੇ ਬਹੁਤ ਮਹੱਤਵਪੂਰਣ ਸਿੱਧ ਹੋਇਆ । ਇਸ ਜਲਸੇ ਵਿਚ ਦਾਦਾ ਭਾਈ ਨਾਰੋਜੀ ਨੇ ਭਾਰਤੀ ਜਨਤਾ ਨੂੰ ਪੂਰਣ ਸਵਰਾਜ ਪ੍ਰਾਪਤ ਕਰਨ ਦਾ ਸੁਨੇਹਾ ਦਿੱਤਾ । ਵਿਦੇਸ਼ੀ ਚੀਜ਼ਾਂ-ਵਸਤਾਂ ਦਾ ਤਿਆਗ ਕਰਕੇ ਸੁਦੇਸ਼ੀ ਵਸਤਾਂ ਅਤੇ ਰਾਸ਼ਟਰੀ ਸਿੱਖਿਆ ਧਾਰਣ ਕਰਨ ਦੀ ਪ੍ਰੇਰਣਾ ਦਿੱਤੀ । ਕੋਹਲਾਪੁਰ ਦੇ 'ਸਮਰਥ ਵਿਦਿਆਲਾ' ਦੇ ਸੰਸਥਾਪਕ, ਰਾਸ਼ਟਰੀ ਸਿੱਖਿਆ ਦੇ ਸਮਰਥਕ ਅਤੇ ਸੁਦੇਸ਼-ਸੁਧਰਮ-ਸੁਭਾਸ਼ਾ ਤ੍ਰਿਕੁਟੀ ਦੇ ਪ੍ਰਚਾਰਕ ਪ੍ਰੋ. ਅੱਣਾ ਸਾਹਿਬ ਵਿਜਾਪੁਰਕਰ ਨਾਲ ਵਾਮਨ ਮਲ੍ਹਾਰ ਦੀ ਮੁਲਾਕਾਤ ਇਸੇ ਅਧਿਵੇਸ਼ਨ ਵਿਚ ਹੋਈ । ਪ੍ਰੋਫ਼ੈਸਰ ਵਿਜਾਪੁਰਕਰ ਹੋਰਾਂ ਦੀ ਰਾਸ਼ਟਰੀ ਸਿੱਖਿਆ ਦੀ ਕਲਪਨਾ ਵਾਮਨ ਮਲ੍ਹਾਰ ਨੂੰ ਅਤਿਅੰਤ ਚੰਗੀ ਲੱਗੀ । ਇਸੇ ਕਾਰਣ ਉਹ 1907 ਈ. ਵਿਚ 'ਸਮਰਥ ਵਿਦਿਆਲੇ' ਵਿਚ ਆ ਗਏ ।

ਪ੍ਰੋ. ਵਿਜਾਪੁਰਕਰ *ਵਿਸ਼ਵਵ੍ਰਿੱਤ* ਨਾਂ ਦੀ ਮਾਸਿਕ ਪੱਤ੍ਰਕਾ ਚਲਾਉਂਦੇ ਸਨ । 1908 ਈ. ਤੋਂ ਇਸ ਮਾਸਿਕ ਪੱਤ੍ਰਕਾ ਦੀ ਸੰਪੂਰਣ ਜ਼ਿੰਮੇਦਾਰੀ ਵਾਮਨ ਰਾਓ ਦੇ ਸਿਰ ਆ ਪਈ । *'ਵਿਸ਼ਵਵ੍ਰਿੱਤ'* ਦੇ ਸਾਰੇ ਕੰਮਾਂ ਦੀ ਦੇਖ-ਰੇਖ ਉਹਨਾਂ ਨੂੰ ਹੀ ਕਰਨੀ ਪਈ । ਕੇਵਲ ਸੰਪਾਦਕ ਦਾ ਨਾਂ ਵਿਜਾਪੁਰਕਰ ਛਪਦਾ ਸੀ । *'ਵਿਸ਼ਵਵ੍ਰਿੱਤ'* ਦੇ ਇਕ ਅੰਕ ਵਿਚ ਪੰਡਿਤ ਸ੍ਰੀ ਦਾ. ਸਾਤਵਲੇਕਰ ਹੁਰਾਂ ਦਾ ਲੇਖ 'ਵੈਦਿਕ ਪ੍ਰਾਰਥਨਾ ਦੀ ਤੇਜੱਸਵਿਤਾ' ਪ੍ਰਕਾਸ਼ਿਤ ਹੋਣ ਕਾਰਣ *'ਵਿਸ਼ਵਵ੍ਰਿੱਤ'* ਕੋਹਲਾਪੁਰ ਸਰਕਾਰ ਦੀਆਂ ਰੋਹ ਭਰੀਆਂ ਨਜ਼ਰਾਂ ਵਿਚ ਆ ਗਿਆ । ਪ੍ਰੋ. ਵਿਜਾਪੁਰਕਰ, ਸਹਾਇਕ ਸੰਪਾਦਕ ਵਾਮਨ ਮਲ੍ਹਾਰ ਅਤੇ ਛਾਪਕ ਸ੍ਰੀ ਜੋਸ਼ੀ ਰਾਓ 'ਤੇ ਕਤਲ ਕਰਨ ਲਈ ਭੜਕਾਉਣ ਅਤੇ ਰਾਜ-ਦ੍ਰੋਹੀ ਹੋਣ ਦਾ ਇਲਜ਼ਾਮ ਲਗਾਇਆ ਗਿਆ । ਤਿੰਨਾਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ । ਉਸ ਸਮੇਂ ਦੇ ਪ੍ਰਸਿੱਧ ਵੈਦਿਕ ਕਾਂਡਾਂ 'ਚੋਂ ਇਹ ਮੁਕੱਦਮਾ ਇਕ ਅਹਿਮ ਤੇ ਤਾਜ਼ੀ ਘਟਨਾ ਸੀ । ਇਕ ਵਿਵਾਦ ਖੜ੍ਹਾ ਹੋ ਗਿਆ ਕਿ ਉਸ ਵੇਲੇ ਕੋਹਲਾਪੁਰ ਦੇ ਸ਼ਾਹੂ ਮਹਾਰਾਜ ਵੇਦ-ਉਕਤ ਜਾਂ ਪ੍ਰਾਣ-ਉਕਤ ਵਿਧੀ ਦੇ ਅਧਿਕਾਰੀ ਸਨ । ਕੁਝ ਬ੍ਰਾਹਮਣਾਂ ਦਾ ਮੱਤ ਸੀ ਕਿ ਸ਼ਾਹੂ ਰਾਜ ਘਰਾਣੇ ਨੇ ਆਪਣੇ ਵੇਦ-ਉਕਤ ਵਿਧੀ ਦੇ ਅਧਿਕਾਰ ਖੂਹ ਖਾਤੇ ਪਾ ਦਿੱਤੇ ਸਨ । ਇਸ ਪ੍ਰਸੰਗ ਵਿਚ ਪੰਡਿਤ ਸਾਤਵਲੇਕਰ ਦੇ ਲੇਖ ਦੇ ਇਕ ਵਾਕ 'ਜਿਹੜੇ ਖੱਤਰੀ

ਦੁਸ਼ਮਣ ਦੀ ਸੈਨਾ ਦਾ ਜਾਂ ਦੁਨੀਆਂ ਵਿਚੋਂ ਗੁਲਾਮੀ ਦਾ ਬੀਅ ਨਾਸ ਨਹੀਂ ਕਰਦੇ ਉਹਨਾਂ ਦੇ ਛਤਰਪਤੀ ਪੁਣੇ ਜਾਂ ਸਮਸ਼ੀਰ-ਬਹਾਦਰ ਪੁਣੇ ਦਾ ਰਾਸ਼ਟਰ ਨੂੰ ਕੀ ਲਾਭ ਹੈ ?' ਇਹ ਵਾਕ ਕੋਹਲਾਪੁਰ ਦੇ ਮਹਾਰਾਜੇ ਨੂੰ ਚੁੱਭ ਗਿਆ ਜਿਸ ਕਾਰਣ ਉਹ ਬਹੁਤ ਪਰੇਸ਼ਾਨ ਰਹੇ ।

*ਵਿਸ਼ਵ ਵ੍ਰਿੱਤ* ਵਿਚ ਵਿਵਾਦ-ਗ੍ਰਸਤ ਲੇਖ ਦੀ ਜ਼ਿੰਮੇਦਾਰੀ ਪ੍ਰੋ. ਵਿਜਾਪੁਰਕਰ ਆਪਣੇ ਸਿਰ ਨਾ ਲੈਣ ਅਤੇ ਵਾਮਨ ਰਾਓ ਇਹ ਸਾਰਾ ਕੁਝ ਆਪਣੇ ਮੋਢਿਆਂ 'ਤੇ ਚੁੱਕ ਲੈਣ, ਇਹ ਫ਼ੈਸਲਾ ਕੀਤਾ ਗਿਆ । ਕਾਰਣ ਇਹ ਸੀ ਕਿ ਇੰਜ ਕਰਨ ਨਾਲ ਸ਼ਾਇਦ ਦੋਵਾਂ ਦਾ ਛੁਟਕਾਰਾ ਹੋ ਜਾਵੇ, ਇਹ ਉਮੀਦ ਕੀਤੀ ਗਈ । ਵਾਮਨ ਰਾਓ ਵਲੋਂ ਬਿਆਨ ਦਿੱਤਾ ਗਿਆ-'ਮੈਂ ਸਾਤਵਲੇਕਰ ਦੇ ਲੇਖ ਵਿਚ ਤਬਦੀਲੀ ਕਰਕੇ ਇਸਨੂੰ ਛਾਪਿਆ ਹੈ ।' ਪਰ ਇਸ ਮੁਕੱਦਮੇ ਦਾ ਫ਼ੈਸਲਾ ਵਿਜਾਪੁਰਕਰ ਅਤੇ ਵਾਮਨ ਰਾਓ ਦੇ ਖ਼ਿਲਾਫ਼ ਹੋਇਆ । ਵਾਮਨ ਰਾਓ ਨੂੰ (1909 ਈ.) ਤਿੰਨ ਸਾਲ ਦੀ ਬਾਮੁੱਸ਼ਕਤ ਸਜ਼ਾ ਹੋਈ । ਕੁਝ ਦਿਨ ਕੋਹਲਾਪੁਰ ਅਤੇ ਪਨਹਾਲਾ ਜੇਲ੍ਹ ਵਿਚ ਰੱਖਣ ਮਗਰੋਂ ਵਾਮਨ ਰਾਓ ਨੂੰ ਸਿੰਧ ਹੈਦਰਾਬਾਦ ਦੀ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਗਿਆ । ਜਨਵਰੀ 1909 ਤੋਂ ਅਕਤੂਬਰ 1911 ਈ. ਤੀਕ ਵਾਮਨ ਰਾਓ ਨੂੰ ਜੇਲ੍ਹ ਦੀ ਹਵਾ ਖਾਣੀ ਪਈ ।

ਕੋਹਲਾਪੁਰ ਜੇਲ੍ਹ ਵਿਚ ਮਹਾਰਾਜੇ ਨੇ ਵਾਮਨ ਰਾਓ ਨੂੰ 'ਦਸ਼ ਕੁਮਾਰ ਚਰਿਤਾ' ਦਾ ਅਨੁਵਾਦ ਕਰਨ ਦੇ ਹੁਕਮ ਜਾਰੀ ਕੀਤੇ । ਵਾਮਨ ਰਾਓ ਨੇ ਅੱਧ-ਪਚੱਧਾ ਅਨੁਵਾਦ ਕੀਤਾ । ਉਹ ਵੀ ਅੱਜ ਉਪਲਭਧ ਨਹੀਂ । ਇਸ ਅਨੁਵਾਦ ਲਈ ਵਾਮਨ ਰਾਓ ਨੇ ਜਿਹੜੀਆਂ ਪੁਸਤਕਾਂ ਮੰਗਵਾਈਆਂ ਸਨ ਉਹਨਾਂ ਉਹ ਸਾਰੀਆਂ ਪੜ੍ਹ ਲਈਆਂ ।

ਸਿੰਧ ਹੈਦਰਾਬਾਦ ਜੇਲ੍ਹ ਵਿਚ ਵਾਮਨ ਰਾਓ ਨੂੰ ਮੁਸ਼ੱਕਤ ਦੇ ਅਨੇਕਾਂ ਕੰਮ, ਜਿਵੇਂ ਚੱਕੀ ਪੀਹਣਾ, ਚਰਖ਼ੇ 'ਤੇ ਸੂਤ ਕੱਤਣਾ ਅਤੇ ਬੂਟਾਂ ਦੇ ਤਲੇ ਤਿਆਰ ਕਰਨੇ ਆਦਿ, ਕਰਨੇ ਪਏ । ਇੱਥੇ ਇਕ ਅੰਗ੍ਰੇਜ਼ ਅਧਿਕਾਰੀ ਅਤੇ ਵਾਮਨ ਰਾਓ ਦੀ ਦੇਖ ਰੇਖ ਕਰਨ ਵਾਲੇ ਮੁਸਲਮਾਨ ਕੈਦੀ ਲੰਬਰਦਾਰ ਗੋਮਲ ਨੇ ਇਹਨਾਂ ਨੂੰ ਅਨੇਕਾਂ ਸਹੂਲਤਾਂ ਦਿੱਤੀਆਂ ਹੋਈਆਂ ਸਨ । ਜੇਲ੍ਹ ਅਧਿਕਾਰੀਆਂ ਦੇ ਵਾਮਨ ਰਾਓ ਬਾਰੇ ਚੰਗੇ ਵਿਚਾਰ ਸਨ ਕਿਉਂਕਿ ਉਹ ਸੁਸਿੱਖਿਅਤ ਅਤੇ ਸੱਜਨ ਕੈਦੀ ਸਨ, ਅਧਿਕਾਰੀ ਉਹਨਾਂ ਨੂੰ ਆਪਣੀ ਜ਼ਿੰਮੇਦਾਰੀ 'ਤੇ ਪੜ੍ਹਣ ਲਈ ਕਿਤਾਬਾਂ ਦੇ ਦਿੰਦੇ ਸਨ । ਇਸ ਸਮੇਂ ਵਾਮਨ ਰਾਓ ਨੇ ਬਾਈਬਲ ਅਤੇ ਸ਼ੈਕਸਪੀਅਰ ਦੀਆਂ ਕਲਾ-ਕਿਰਤਾਂ ਦਾ ਅਧਿਐਨ ਕੀਤਾ ।

ਵਾਮਨ ਰਾਓ ਦੀ ਦੇਖ ਰੇਖ ਕਰਨ ਵਾਲਾ ਮੁਸਲਮਾਨ ਲੰਬਰਦਾਰ ਗੋਮਲ ਕੱਟੜ ਧਾਰਮਿਕ ਵਿਚਾਰਾਂ ਦਾ ਹਾਮੀ ਸੀ । ਗੋਮਲ ਅਤੇ ਵਾਮਨ ਰਾਓ ਧਰਮ ਅਤੇ ਆਚਾਰ-ਨੀਤੀ ਬਾਰੇ ਟੁੱਟੀ-ਫੁੱਟੀ ਹਿੰਦੀ ਵਿਚ ਬਹਿਸ ਕਰਦੇ ਰਹਿੰਦੇ ਸਨ । ਇਕ ਵੇਰਾਂ ਗੋਮਲ ਨੂੰ ਵਾਮਨ ਰਾਓ 'ਤੇ ਖ਼ੂਬ ਕ੍ਰੋਧ ਆਇਆ ਅਤੇ ਉਸਨੂੰ ਅੰਤਾਂ ਦੀ ਚਿੜ੍ਹ ਚੜ੍ਹ ਗਈ । ਪਰ ਦਿਆਲੂ ਸੁਭਾਅ ਦੇ ਗੋਮਲ ਨੇ ਵਾਮਨ ਰਾਓ ਦੀ ਅਨੇਕਾਂ ਪ੍ਰਕਾਰ ਦੀ ਮਦਦ ਕਰਕੇ ਉਹਨਾਂ ਦੇ ਜੀਵਨ ਨੂੰ ਸੁਖਦ ਬਣਾਇਆ । ਇਸ ਕਿਰਤੱਗਤਾ ਨੂੰ ਵਾਮਨ

ਰਾਓ ਨੇ ਆਪਣੇ ਦਿਲ ਦੀ ਯਾਦ-ਤਖ਼ਤੀ 'ਤੇ ਲਿਖ ਲਿਆ ਹੋਇਆ ਸੀ । ਵਾਮਨ ਰਾਓ ਦੇ ਜੇਲ੍ਹ ਵਾਸ ਸਮੇਂ ਉਹਨਾਂ ਦੇ ਮਾਤਾ ਜੀ ਚੱਲ ਵਸੇ । ਪਰ ਉਹਨਾਂ ਦੇ ਸਾਥੀ ਨੇ ਇਹ ਖ਼ਬਰ ਵਾਮਨ ਰਾਓ ਨੂੰ ਜੇਲ੍ਹ ਤੋਂ ਰਿਹਾਅ ਹੋਣ ਸਮੇਂ ਤੀਕ ਨਹੀਂ ਦੱਸੀ । ਰਿਹਾਅ ਹੋਣ ਪਿਛੋਂ ਜਦੋਂ ਵਾਮਨ ਰਾਓ ਨੂੰ ਇਹ ਦੁਖਦਾਈ ਖ਼ਬਰ ਮਿਲੀ ਤਾਂ ਮਾਤਾ ਦੇ ਵਿਯੋਗ ਨੇ ਉਹਨਾਂ ਦੇ ਹਿਰਦੇ ਨੂੰ ਵਿੰਨ੍ਹ ਦਿੱਤਾ ।

ਜੇਲ੍ਹੋਂ ਰਿਹਾਈ ਪਿੱਛੋਂ ਸਵਾਲ ਸੀ-'ਅੱਗੋਂ ਕੀ ?' ਸਰਕਾਰ ਦੀ ਕਰੋਪੀ ਕਾਰਣ 'ਸਮਰਥ ਵਿਦਿਆਲਾ' ਬੰਦ ਪਿਆ ਸੀ । ਇਸ ਸਮੇਂ ਪੂਣੇ ਦੇ 'ਆਰਯ ਭੂਸ਼ਣ' ਛਾਪੇਖਾਨੇ ਵਿਚ ਅੰਗ੍ਰੇਜ਼ੀ-ਮਰਾਠੀ ਸ਼ਬਦ-ਕੋਸ਼ ਤਿਆਰ ਹੋ ਰਿਹਾ ਸੀ । ਇਸ ਕੰਮ ਵਿਚ ਹੱਥ ਵਟਾਉਣ ਲਈ ਵਾਮਨ ਰਾਓ 1912 ਈ. ਦੇ ਅੰਤ ਤੀਕ ਸਹਾਇਕ ਵਜੋਂ ਕੰਮ ਕਰਦੇ ਰਹੇ । ਇਸਤੋਂ ਪਿੱਛੋਂ ਉਹ ਸੱਤ ਅੱਠ ਮਹੀਨੇ ਬੇਰੁਜ਼ਗਾਰ ਰਹੇ । ਇਸ ਕਾਲ ਵਿਚ ਛੋਟੀਆਂ ਮੋਟੀਆਂ ਲਿਖਤਾਂ ਤੋਂ ਬਿਨਾਂ ਦੋ ਪ੍ਰਸਿੱਧ ਪੁਸਤਕਾਂ *'ਸੁਕਰਾਤ ਦੇ ਸੰਵਾਦ'* ਅਤੇ *'ਰਾਗਿਣੀ'* ਵੀ ਲਿਖੀਆਂ । 1914 ਤੋਂ *ਰਾਗਿਣੀ* 'ਮਾਸਿਕ ਮਨੋਰੰਜਨ' ਵਿਚ ਕਿਸ਼ਤਾਂ ਵਿਚ ਛਪ ਕੇ ਬਹੁਤ ਪ੍ਰਸਿੱਧ ਹੋਈ ।

'ਕੇਸਰੀ ਮਰਾਠਾ' ਸੰਸਥਾ ਦੀ ਇਹ ਨੀਤੀ ਸੀ ਕਿ ਜਿਹੜੇ ਵਿਅਕਤੀਆਂ ਨੂੰ ਸਰਕਾਰੀ ਕਰੋਪੀ ਕਾਰਣ ਨੌਕਰੀ ਮਿਲਣੀ ਔਖੀ ਹੋ ਗਈ ਸੀ, ਉਹਨਾਂ ਦੀ ਉਹ ਸਹਾਇਤਾ ਕਰਦੀ ਸੀ । ਇਸ ਨੀਤੀ ਅਨੁਸਾਰ ਨ. ਚਿੰ. ਕੇਲਕਰ ਨੇ ਵਾਮਨ ਮਲ੍ਹਾਰ ਨੂੰ 'ਮਰਾਠਾ' ਅਖ਼ਬਾਰ ਵਿਚ ਸਹਾਇਕ-ਸੰਪਾਦਕ ਦੀ ਨੌਕਰੀ ਦੇ ਦਿੱਤੀ । ਇੱਥੇ ਉਹਨਾਂ ਦੋ ਸਾਲ ਕੰਮ ਕੀਤਾ । ਇਸ ਸਮੇਂ ਭਾਵ 1915 ਈ. ਵਿਚ ਉਹਨਾਂ ਨੇ 'ਕੇਸਰੀ-ਮਰਾਠਾ' 'ਚ ਕੰਮ ਕਰਦਿਆਂ ਵਾਮਨ ਰਾਓ ਨੂੰ ਤਿਲਕ ਜੀ ਦੇ ਵਿਅਕਤਿਤਵ ਨੂੰ ਨੇੜਿਉਂ ਦੇਖਣ ਦਾ ਮੌਕਾ ਮਿਲਿਆ । ਪੂਣੇ ਵਿਚ ਨਰਮ ਦਲ ਦੇ ਸੰਪਾਦਕਾਂ ਦੀ ਕਾਨਫ਼ਰੰਸ ਵਿਚ ਬਤੌਰ ਪੱਤਰਕਾਰ ਦੇ ਸ਼ਾਮਿਲ ਹੋਣਾ ਵਾਮਨ ਰਾਓ ਨੂੰ ਚੰਗਾ ਨਹੀਂ ਲੱਗਿਆ । ਇਸੇ ਕਾਰਣ ਉਹਨਾਂ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ।

'ਮਰਾਠਾ' ਅਖ਼ਬਾਰ ਦੀ ਨੌਕਰੀ ਛੱਡਣ ਪਿਛੋਂ ਵਾਮਨ ਰਾਓ ਨੇ ਅ. ਬ. ਕੋਲ੍ਹਟਕਰ ਦੀ ਦੈਨਿਕ ਅੰਗ੍ਰੇਜ਼ੀ ਪੱਤ੍ਰਕਾ 'ਮੈਸੇਜ' ਵਿਚ ਡੇਢ ਕੁ ਸਾਲ ਸਹਾਇਕ-ਸੰਪਾਦਕ ਦੀ ਆਸਾਮੀ 'ਤੇ ਕੰਮ ਕੀਤਾ । ਕੋਲ੍ਹਟਕਰ, ਪੈਸੇ ਪੱਖੋਂ ਮਾੜੇ ਵਿਹਾਰ ਵਾਲਾ ਬੰਦਾ ਸੀ । ਵਾਮਨ ਰਾਓ ਵਰਗੇ ਸਿਧ-ਪੱਧਰੇ ਵਿਅਕਤੀ ਨੂੰ ਆਪਣੀ ਤਨਖ਼ਾਹ ਲੈਣ ਲਈ ਕਚਹਿਰੀ ਦੇ ਦਰਵਾਜ਼ੇ ਖੜਕਾਉਣੇ ਪਏ । 1917 ਈ. ਵਿਚ 'ਮੈਸੇਜ' ਦੀ ਨੌਕਰੀ ਵੀ ਛੱਡ ਦਿੱਤੀ । ਮਹਾਰਿਸ਼ੀ ਧੋਂਡੋ ਕੇਸ਼ਵ ਕਰਵੇ ਦੇ ਮਹਿਲਾ ਵਿਦਿਆਪੀਠ ਦੀ ਸਥਾਪਨਾ ਇਸੇ ਸਮੇਂ ਹੋਈ ਸੀ । ਜੂਨ 1918 ਈ. ਵਿਚ ਵਾਮਨ ਰਾਓ ਇਸ ਵਿਦਿਆਲੇ ਵਿਚ ਮਰਾਠੀ ਅਤੇ ਮਾਨਵ ਵਿਗਿਆਨ ਦੇ ਪ੍ਰਾਧਿਆਪਕ ਨਿਯੁਕਤ ਹੋ ਗਏ । ਇਥੇ ਉਹਨਾਂ ਨੂੰ ਉਮਰ ਭਰ ਲਈ ਸਥਿਰਤਾ ਪ੍ਰਾਪਤ ਹੋ ਗਈ । ਇੰਜ ਐਮ. ਏ. ਕਰਨ ਪਿਛੋਂ ਵਾਮਨ ਰਾਓ ਨੂੰ 12 ਸਾਲ ਭੱਠ ਝੋਕਣਾ ਪਿਆ-ਕੋਈ ਪੱਕੀ ਨੌਕਰੀ ਨਾ ਮਿਲੀ । ਇਸਦੇ ਬਾਵਜੂਦ

ਉਹਨਾਂ ਦੀ ਪ੍ਰਸਿੱਧੀ ਵਧਦੀ ਗਈ। ਉਹ ਪਹਿਲੀ ਸਫ਼ ਦੇ ਸਾਹਿੱਤਕਾਰ ਅਤੇ ਅਧਿਆਤਮਕ ਚਿੰਤਕ ਵਜੋਂ ਉਭਰੇ। ਉਹਨਾਂ ਦੀਆਂ ਮਹੱਤਵਪੂਰਣ ਲਿਖਤਾਂ ਇਸੇ ਕਾਲ ਵਿਚ ਨੇਪਰੇ ਚੜ੍ਹੀਆਂ। ਲੋਕਮਾਨਯ ਤਿਲਕ ਦੇ 'ਗੀਤਾ ਰਹੱਸ' ਬਾਰੇ ਉਹਨਾਂ ਨੇ *'ਗੀਤਾ ਰਹੱਸ ਦਾ ਸਾਰੰਸ਼'* ਪ੍ਰਸਿੱਧ ਨਿਬੰਧ ਇਸੇ ਸਮੇਂ ਲਿਖਿਆ। ਆਪਣੇ ਵੱਡੇ ਭਰਾ ਪ੍ਰੋ. ਮ. ਮ. ਜੋਸ਼ੀ ਦੁਆਰਾ 'ਕੇਸਰੀ' ਵਿਚ 'ਆਧੁਨਿਕ ਸੁਸ਼ਿਕਸ਼ਤਾ ਤੇ ਵੇਦਾਂਤ' ਨਾਮੀ ਲੇਖ ਉਪਰ ਆਪਣੇ *'ਜਗਿਆਸੂ ਦੀ ਸ਼ੰਕਾ'* ਨਾਮੀ ਟਿੱਪਣੀ ਲਿਖੀ। *ਨਵਪੁਸ਼ਪ ਧਾਰੀ* ਕਹਾਣੀ-ਸੰਗ੍ਰਹਿ, *ਆਸ਼੍ਰਮ ਹਿਰਣੀ* ਅਤੇ *ਰਾਗਿਣੀ* ਨਾਵਲਾਂ ਦਾ ਲੇਖਨ ਇਸੇ ਸਮੇਂ ਕੀਤਾ ਗਿਆ। *'ਸੁਕਰਾਤ ਦੇ ਸੰਵਾਦ'* (1922 ਈ. ਵਿਚ ਪ੍ਰਸਿੱਧ ਹੋਈ) ਨਾਂ ਦੀ ਪੁਸਤਕ ਦੀ ਰਚਨਾ ਵੀ ਇਸੇ ਸਮੇਂ ਦੌਰਾਨ ਹੋਈ।

'ਮੈਸੇਜ' ਵਿਚੋਂ ਨੌਕਰੀ ਛੱਡਣ ਦੇ ਨਾਲ ਹੀ ਵਾਮਨ ਰਾਓ ਦਾ ਪੱਤਰਕਾਰਿਤਾ ਦਾ ਜੀਵਨ ਸਮਾਪਤ ਹੋ ਗਿਆ। ਅਖ਼ਬਾਰਾਂ ਜਿਹੇ ਤੁਤਫੁਰਤੀ ਪ੍ਰਸਿੱਧੀ ਵਾਲੇ ਕਸਬ ਵਿਚ ਵਾਮਨ ਰਾਓ ਦੀ ਰੁਚੀ ਨਹੀਂ ਸੀ। *'ਸੁਕਰਾਤ ਦੇ ਸੰਵਾਦ'* ਦੀ ਭੂਮਿਕਾ ਵਿਚ ਉਹਨਾਂ ਨੇ ਲਿਖਿਆ, "ਲਗਭੱਗ ਛੇ ਸੱਤ ਸਾਲ ਪਹਿਲਾਂ ਵਰਤਮਾਨ ਅਖ਼ਬਾਰਾਂ ਦੇ ਧੰਦੇ ਵਿਚ ਰਹਿੰਦਿਆਂ ਜਿਹੜਾ ਲਿਖਣ ਪੜ੍ਹਣ ਦਾ ਕੰਮ ਕਰਨ ਪੈਂਦਾ ਸੀ, ਉਹ ਥੋੜ ਚਿਰੇ ਮਹੱਤਵ ਵਾਲਾ ਹੁੰਦਾ ਸੀ। ਇਸ ਅਨੁਭਵ ਕਾਰਣ ਮੇਰੇ ਮਨ ਵਿਚ ਅਸੰਤੁਸ਼ਟਤਾ ਪੈਦਾ ਹੋਣ ਲੱਗ ਪਈ। ਕਾਫ਼ੀ ਸਮੇਂ ਤੀਕ ਉਚੱਤਰ ਅਤੇ ਵਧੇਰੇ ਮਹੱਤਵਪੂਰਣ ਲੇਖਣ-ਵਾਚਣ ਦੀ ਮੇਰੀ ਕੋਸ਼ਿਸ਼ ਸਮੇਂ ਦੀ ਘਾਟ, ਮਾੜੀ ਸਿਹਤ ਅਤੇ ਆਲਸੀ ਸੁਭਾਅ ਕਾਰਣ ਨਾਕਾਮ ਰਹੀ। ਇਹ ਗੱਲ ਬੜੀ ਸਪਸ਼ਟ ਹੈ ਕਿ, *ਮਰਾਠਾ* ਤੇ *ਮੈਸੇਜ* ਅਖ਼ਬਾਰਾਂ ਦੇ ਕੌੜੇ ਤਜਰਬੇ ਅਤੇ ਵਧੇਰੇ ਪੜ੍ਹਣ ਲਿਖਣ ਦੀ ਅੰਦਰੂਨੀ ਇੱਛਿਆ ਕਾਰਣ ਹੀ ਵਾਮਨ ਰਾਓ ਨੇ ਅਖ਼ਬਾਰੀ ਧੰਦੇ ਨੂੰ ਅਲਵਿਦਾ ਆਖੀ।

ਮਹਿਲਾ ਵਿਦਿਆਪੀਠ ਹਿੰਗਣੇ ਦਾ ਵਾਤਾਵਰਣ ਵਾਮਨ ਰਾਓ ਨੂੰ ਅਤਿਅੰਤ ਚੰਗਾ ਲੱਗਾ। ਉਹਨਾਂ ਦੀਆਂ ਮੁਢਲੀਆਂ ਵਿਦਿਆਰਥਣਾਂ ਵਿਚੋਂ ਕਮਲਾਬਾਈ ਦੇਸ਼ਪਾਂਡੇ, ਗੋਦਾਵਰੀ ਕੇਤਕਰ, ਗੰਗੂਬਾਈ ਪਟਵਰਧਨ, ਮਾਲਤੀ ਬਾਈ ਬੇਡੇਕਰ ਆਦਿ ਨਾਂ ਦੀਆਂ ਕੁੜੀਆਂ ਸਨ। ਇਹਨਾਂ ਕੁੜੀਆਂ ਨੂੰ ਇਸ ਗੱਲ ਦਾ ਮਾਣ ਸੀ ਕਿ 'ਰਾਗਿਣੀ' ਦੇ ਰਚਨਹਾਰੇ ਵਾਮਨ ਮਲ੍ਹਾਰ ਉਹਨਾਂ ਦੇ ਅਧਿਆਪਕ ਸਨ। ਵਾਮਨ ਮਲ੍ਹਾਰ ਹਿੰਗਣੇ ਦੇ ਮਾਹੌਲ ਵਿਚ ਵਧੇਰੇ ਰਚ ਮਿਚ ਗਏ।

ਅਧਿਆਪਕ ਵਾਮਨ ਮਲ੍ਹਾਰ ਵਿਦਿਆਰਥਣਾਂ ਵਿਚਕਾਰ ਵਧੇਰੇ ਹਰਮਨ ਪਿਆਰੇ ਹੋ ਗਏ। ਉਹ ਵਿਦਿਆਰਥਣਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦੇ। ਉਹਨਾਂ ਦੇ ਅਧਿਆਪਨ ਦਾ ਵਿਸ਼ਾ ਸੁਕਰਾਤ ਦੇ ਸੰਵਾਦ ਸਨ ਅਤੇ ਇਹ ਕੁਝ ਵਿਦਿਆਰਥਾਂ ਨੂੰ ਮੂਲ ਰੂਪ ਵਿਚ ਸਮਝਾਉਣ ਦੀ ਪੱਧਤੀ ਉਹਨਾਂ ਨੇ ਸਥਾਪਤ ਕੀਤੀ। ਜਮਾਤ ਵਿਚ ਪ੍ਰਸ਼ਨ ਉੱਤਰ ਹੁੰਦੇ। ਪ੍ਰਸ਼ਨਾਂ 'ਚੋਂ ਪ੍ਰਸ਼ਨ ਨਿਕਲਦੇ। ਇਸੇ ਕਾਰਣ ਵਿਦਿਆਰਥਣਾਂ ਆਪੋ ਆਪਣੇ ਅਭਿਆਸ ਵਿਚ ਮਸਰੂਫ਼ ਰਹਿੰਦੀਆਂ ਸਨ। 'ਬਿਲਕੁਲ ਹੌਲੀ ਹੌਲੀ ਰੁਕ ਰੁਕ ਕੇ ਉਹ

ਪੜ੍ਹਾਉਂਦੇ । ਅੱਖਾਂ ਵਿਚ ਸਨੇਹ, ਆਵਾਜ਼ ਵਿਚ ਮਧੁਰਤਾ, ਚਿਹਰੇ ਉਪਰ ਵਾਤਸਲ ਪਿਆਰ ਅਤੇ ਬੁੱਧੀ ਦੀ ਪ੍ਰਪੱਕਤਾ ਕਾਰਣ ਉਹਨਾਂ ਦਾ ਪੀਰੀਅਡ ਕਦੇ ਨੀਰਸ ਨਹੀਂ ਹੁੰਦਾ ਸੀ ।' ਇਹ ਉਹਨਾਂ ਦੀਆਂ ਵਿਦਿਆਰਥਣਾਂ ਦਾ ਵਿਚਾਰ ਸੀ । ਵਾਮਨ ਰਾਓ ਦੀ ਜਮਾਤ ਵਿਚ ਅਪਣੱਤ ਦਾ ਵਾਤਾਵਰਣ ਹੁੰਦਾ ਸੀ । ਉਹ ਕੁੜੀਆਂ ਹੋਸਟਲ ਵਿਚ ਰਹਿੰਦੀਆਂ ਸਨ । ਵਾਮਨ ਰਾਓ, ਪੜ੍ਹਾਈ ਦੌਰਾਨ ਅਤੇ ਹੋਰ ਅਨੇਕਾਂ ਕੰਮਾਂ ਸਮੇਂ ਉਹਨਾਂ ਵਿਚ ਸ਼ਾਮਿਲ ਹੋ ਜਾਂਦੇ । ਉਹਨਾਂ ਕੋਲੋਂ ਬਾਗ਼ਬਾਨੀ ਦਾ ਕੰਮ ਕਰਵਾਉਂਦੇ । ਉਹਨਾਂ ਦਾ ਟੀਚਾ ਸੀ ਕਿ ਇਹੋ ਜਿਹੇ ਕੰਮ ਕਰਨ ਸਮੇਂ ਵਿਦਿਆਰਥਣਾਂ ਵਿਚਕਾਰ ਮੇਲਜੋਲ ਤੇ ਇਕ ਦੂਜੇ ਨੂੰ ਸਮਝਣ ਦੀ ਬਿਰਤੀ ਵਧੇਰੇ ਪ੍ਰਬਲ ਹੋਵੇ । ਵਿਦਿਆਰਥਣਾਂ ਨੂੰ ਸਜ਼ਾ ਦੇਣੀ ਵਾਮਨ ਰਾਓ ਦੀ ਜ਼ੁਬਾਨ ਤੀਕ ਸੀਮਤ ਸੀ । ਉਹ ਦੰਡ ਸੁਣਾ ਕੇ ਉਸੇ ਵੇਲੇ ਮਾਫ਼ ਕਰ ਦਿੰਦੇ ਸਨ । ਹਿੰਗਣੇ ਵਿਚ ਉਹ ਕਈ ਸਾਲ ਮੁੱਖ ਅਧਿਆਪਕ ਲੱਗੇ ਰਹੇ । ਸੰਸਥਾ ਦੇ ਕੰਮ ਕਾਜ ਤੋਂ ਬਿਨਾਂ ਵਾਨਮ ਰਾਓ ਨੂੰ ਨੌਕਰਾਂ ਦੀ ਦੇਖ ਰੇਖ ਵੀ ਕਰਨੀ ਪੈਂਦੀ । ਵਾਮਨ ਰਾਓ ਦੇ ਨਰਮ ਸੁਭਾਉ ਕਾਰਣ ਨੌਕਰ ਚਾਕਰ ਅਲਗਰਜ਼ੀ ਅਤੇ ਕੰਮ-ਚੋਰੀ ਕਰਦੇ ਸਨ । ਵਾਮਨ ਰਾਓ ਇਹ ਸਭ ਕੁਝ ਦੇਖਕੇ ਵੀ ਕ੍ਰੋਧਿਤ ਨਹੀਂ ਹੁੰਦੇ ਸਨ । ਉਹ ਆਖਦੇ-"ਨੌਕਰਾਂ ਚਾਕਰਾਂ ਦੀ ਬੇਈਮਾਨੀ ਕਾਰਣ ਅਗਿਆਨਤਾ ਅਤੇ ਦਲਿਦੱਰਤਾ ਇਹਨਾਂ ਦੇ ਬੱਚਿਆਂ ਉੱਪਰ ਹਾਵੀ ਹੈ । ਉਹਨਾਂ ਨੂੰ ਕੁਝ ਕਹਿਣ ਦਾ ਕੀ ਲਾਭ ? ਵੱਡੇ ਵੱਡੇ, ਪੜ੍ਹੇ ਲਿਖੇ ਤੇ ਅਮੀਰ ਲੋਕ ਵੀ ਬੇਈਮਾਨ ਹਨ । ਸਮੁੱਚੇ ਸਮਾਜਿਕ ਢਾਂਚੇ ਵਿਚ ਹੀ ਦੋਸ਼ ਹਨ ।" ਸੰਸਥਾ ਲਈ ਚੰਦਾ ਇਕੱਠਾ ਕਰਨਾ ਸਹਿਯੋਗੀਆਂ ਲਈ ਅਪਮਾਨ ਦੀ ਗੱਲ ਸੀ । ਇਸ ਪ੍ਰਸੰਗ ਵਿਚ ਵਾਮਨ ਰਾਓ ਦਾ ਕਥਨ ਸੀ-'ਚਿੜ੍ਹਨ ਨਾਲ ਕੰਮ ਕਿਵੇਂ ਚੱਲੇਗਾ । ਪ੍ਰਚਾਰਕ ਨੂੰ ਨਿੰਦਿਆ ਅਪਮਾਨ ਆਦਿ ਤੋਂ ਉਦਾਸ ਨਹੀਂ ਹੋਣਾ ਚਾਹੀਦਾ । ਉਸਨੇ ਦੁਨੀਆ ਵਿਚ ਸਾਰਾ ਕੁਝ ਖਿੜੇ ਮੱਥੇ ਬਰਦਾਸ਼ਤ ਕਰਨਾ ਹੁੰਦਾ ਹੈ । ਨਾਵਲਕਾਰ ਵਜੋਂ ਵਾਮਨ ਮਲ੍ਹਾਰ ਦਾ ਸਥਾਨ ਸਾਧਾਰਣ ਮਨੁੱਖਾਂ ਦੇ ਦਿਲ ਵਿਚ ਸੀ । ਦਾਨ ਦੇਣ ਦਾ ਸਭ ਨੂੰ ਲਾਭ ਪਹੁੰਚਦਾ ਹੈ । ਕਦੇ ਕਦੇ ਕੁਝ ਮਨੁੱਖ ਪਹਿਲਾਂ ਸੰਸਥਾ ਨੂੰ ਦੇਖਣ ਆਉਂਦੇ ਸਨ ਤੇ ਮਗਰੋਂ ਦਾਨ ਦਿੰਦੇ ਸਨ । ਅਜਿਹੇ ਪ੍ਰਾਹੁਣਿਆਂ ਨਾਲ ਵਾਮਨ ਰਾਓ ਹੁਸ਼ਿਆਰੀ ਅਤੇ ਅਕਲਮੰਦੀ ਨਾਲ ਵਿਹਾਰ ਕਰਦੇ ਸਨ । ਇਸ ਸਬੰਧ ਵਿਚ ਉਹ ਆਖਦੇ-'ਇਹ ਖ਼ਾਸ ਸੰਸਥਾ ਹੈ । ਇਸਨੂੰ ਸੁਧਾਰਕ ਅਤੇ ਸਨਾਤਨੀ ਆਦਿ ਸਾਰੇ ਲੋਕਾਂ ਦੀ ਸਹਾਨੁਭੂਤੀ ਦੀ ਲੋੜ ਹੈ । ਇੱਥੇ ਸਭ ਨੂੰ ਖੁਸ਼ ਰੱਖਣਾ ਪੈਂਦਾ ਹੈ ।' ਵਾਮਨ ਮਲ੍ਹਾਰ ਦਾ ਹਿੰਗਣੇ ਆਉਣ ਤੋਂ ਪਹਿਲਾਂ ਦਾ ਸਮਾਂ ਅਸਥਿਰਤਾ ਅਤੇ ਮੁਸੀਬਤਾਂ ਦਾ ਸਮਾਂ ਸੀ । ਉਸ ਸਮੇਂ ਉਹਨਾਂ ਨੂੰ ਘਰੋਗੀ ਸੁਖ ਪ੍ਰਾਪਤ ਨਹੀਂ ਸਨ । ਆਰੰਭ ਵਿਚ ਜੇਲ੍ਹਵਾਸ ਅਤੇ ਮਗਰੋਂ ਨੌਕਰੀ ਦੀ ਅਸਥਿਰਤਾ ਕਾਰਣ ਉਹਨਾਂ ਨੂੰ ਆਪਣੇ ਟੱਬਰ ਵਿਚ ਰਹਿਣ ਦਾ ਮੌਕਾ ਨਾ ਮਿਲਿਆ । ਬੇਰੁਜ਼ਗਾਰੀ ਦੇ ਸਮੇਂ ਉਹਨਾਂ ਦੀ ਪਤਨੀ ਨੂੰ ਬੱਚਿਆਂ ਸਮੇਤ ਆਪਣੇ ਪੇਕੇ ਘਰ ਰਹਿਣਾ ਪਿਆ । ਨਿੱਤ ਪੈਸੇ ਦੀ ਘਾਟ ਪਰੇਸ਼ਾਨ ਕਰਦੀ । ਉਹ ਮਾਨਸਿਕ ਰੋਗੀ ਹੋ ਗਈ । ਹਿੰਗਣੇ ਆਉਣ 'ਤੇ ਹਾਲਤ ਕੁਝ

ਸੁਧਰੀ। ਮਨ ਮਰਜ਼ੀ ਦਾ ਕੰਮ, ਸੁਖਾਵਾਂ ਮਾਹੌਲ, ਮੋਹ ਕਰਨ ਵਾਲੇ ਆਦਰਸ਼ ਅਧਿਆਪਕਾਂ ਨਾਲ ਰਹਿਣ ਕਰਕੇ ਵਾਮਨ ਰਾਓ ਨੂੰ ਸੁੱਖ ਦਾ ਸਾਹ ਆਇਆ। "ਹਿੰਗਣੇ ਵਿਚ 16 ਸਾਲਾਂ ਦਾ ਸਮਾਂ ਮੇਰੇ ਜੀਵਨ ਦਾ ਸਭ ਤੋਂ ਸੁਖਾਵਾਂ ਸਮਾਂ ਹੈ।" ਉਹ ਕਿਹਾ ਕਰਦੇ ਸਨ।

ਹਿੰਗਣੇ ਆ ਕੇ ਕੁਝ ਸਮੇਂ ਤੀਕ ਲੇਖਨ ਕਾਰਜ ਬੰਦ ਰਿਹਾ। ਇਸ ਸਮੇਂ ਵਿਚ *'ਨਲਿਨੀ'* ਅਤੇ *'ਸੁਕਰਾਤ ਦੇ ਸੰਵਾਦ'* ਪੁਸਤਕਾਂ ਦਾ ਪ੍ਰਕਾਸ਼ਨ ਸਿਰੇ ਚੜ੍ਹ ਗਿਆ। ਇਸ ਸਮੇਂ ਉਹਨਾਂ ਨੇ ਖੋਜ ਭਰਪੂਰ ਨਿਬੰਧ ਲਿਖੇ। 1927 ਈ. ਵਿਚ *'ਵਿਚਾਰਵਿਲਯ'* ਲੇਖ-ਸੰਗ੍ਰਹਿ ਪ੍ਰਕਾਸ਼ਿਤ ਹੋਇਆ। 1927-28 ਈ. ਵਿਚ *'ਸੁਸ਼ੀਲਾ ਦਾ ਦੇਵ'* ਨਾਵਲ ਮਾਸਕ ਪੱਤਰ 'ਰਤਨਾਕਰ' ਵਿਚ ਕਿਸ਼ਤਵਾਰ ਛਪਣਾ ਆਰੰਭ ਹੋਇਆ। *'ਰਾਗਿਣੀ'* ਦੇ ਕਰਤਾ ਦੇ ਇਸ ਨਾਵਲ ਨੇ ਪਾਠਕਾਂ ਨੂੰ ਆਪਣੇ ਵੱਲ ਕਾਫ਼ੀ ਆਕ੍ਰਸ਼ਿਤ ਕੀਤਾ। ਇਹ ਨਾਵਲ 1930 ਈ. ਵਿਚ ਪੁਸਤਕ ਰੂਪ ਵਿਚ ਛਪਿਆ। ਇਸ ਪੁਸਤਕ ਨੂੰ ਦੇਵਾਸ ਸੰਸਥਾਨ ਦੇ ਹੁਕਮਰਾਨਾਂ ਵੱਲੋਂ ਉੱਤਮ ਪੁਸਤਕ ਨੂੰ ਦਿੱਤਾ ਜਾਣ ਵਾਲਾ ਸਨਮਾਨ 'ਭੋਜਰਾਜ ਪਾਰਿਤੋਸ਼ਕ' ਦਿੱਤਾ ਗਿਆ। 1930 ਈ. ਵਿਚ ਵਾਮਨ ਰਾਓ ਮਡਗਾਂਵ (ਗੋਆ) ਵਿਖੇ ਸਰਬ ਭਾਰਤੀ ਮਰਾਠੀ ਸਾਹਿੱਤ ਸੰਮੇਲਨ ਦੀ ਪ੍ਰਧਾਨਗੀ ਲਈ ਚੁਣੇ ਗਏ। 1934 ਈ. ਵਿਚ ਉਹਨਾਂ ਦਾ ਅੰਤਿਮ ਨਾਵਲ *'ਇੰਦੂ ਕਾਲ਼ੇ ਅਤੇ ਸਰਲਾ ਭੋਲੇ'* ਪ੍ਰਕਾਸ਼ਿਤ ਹੋਇਆ।

1934 ਈ. ਵਿਚ ਵਾਮਨ ਰਾਓ ਨੇ ਹਿੰਗਣੇ ਨੂੰ ਅਲਵਿਦਾ ਕਹਿਕੇ ਜੀਮਖਾਨੇ ਸੁਤੰਤਰ ਰਿਹਾਇਸ਼ ਕਰ ਲਈ। ਜੀਮਖਾਨੇ ਉਹਨਾਂ ਕੋਲ ਨੌਜਵਾਨ ਗੱਪ ਸ਼ੱਪ ਮਾਰਨ ਅਤੇ ਵਿਚਾਰ ਚਰਚਾ ਲਈ ਆਉਂਦੇ। ਉਹਨਾਂ ਵਿਚ ਬਾ. ਸੀ. ਮਰਢੇਕਰ, ਪ੍ਰਭਾਕਰ ਪਾਧੇ, ਪੁ. ਸ਼ਿ. ਰੇਗੇ ਆਦਿ ਸ਼ਾਮਿਲ ਸਨ। ਉਹ ਮਾਰਕਸਵਾਦ, ਫਰਾਇਡ ਦੇ ਮਾਨਵ ਸ਼ਾਸਤ੍ਰ, ਨਵੇਂ ਮਤਾਂਮਤਾਂਤਰਾਂ ਅਤੇ ਕਲਾਨੀਤੀ ਬਾਰੇ ਚਰਚਾ ਕਰਦੇ। ਵਾਮਨ ਰਾਓ ਦਾ ਕਥਨ ਸੀ ; "ਮਰਢੇਕਰ ਅਤਿਅੰਤ ਬੁੱਧੀਮਾਨ ਮਨੁੱਖ ਹੈ।" ਮਰਢੇਕਰ ਬਾਰੇ ਇਸ ਆਦਰ-ਸਨਮਾਨ ਦੇ ਨਤੀਜੇ ਵਜੋਂ ਉਹਨਾਂ ਦੀ ਪੁਸਤਕ 'ਸਾਹਿੱਤਕ ਮਹਾਤਮਤਾ' ਦੀ ਭੂਮਿਕਾ ਵਾਮਨ ਰਾਓ ਨੇ ਲਿਖੀ। 1937 ਈ. ਵਿਚ ਉੱਜੀਨੀ ਵਿਖੇ ਮਹਾਰਾਸ਼ਟਰ ਸਾਹਿੱਤ ਮੰਡਲ ਸੰਮੇਲਨ ਦੀ ਪ੍ਰਧਾਨਗੀ ਵਾਮਨ ਰਾਓ ਨੇ ਕੀਤੀ।

ਸਾਹਿੱਤ ਸੇਵਕ ਅਤੇ ਅਧਿਆਪਕ ਦੇ ਰੂਪ ਵਿਚ ਵਾਮਨ ਰਾਓ ਦਾ ਰਸਦਾਇਕ ਜੀਵਨ ਗੁਜ਼ਰ ਰਿਹਾ ਸੀ। ਪਰ ਉਹਨਾਂ ਦਾ ਘਰੋਗੀ ਜੀਵਨ ਸਕੂਨ ਤੋਂ ਖਾਲੀ ਸੀ। ਹਿੰਗਣੇ ਰਹਿੰਦਿਆਂ ਉਹਨਾਂ ਦੀ ਪਤਨੀ 1919 ਈ. ਵਿਚ ਚਲ ਵਸੀ। ਇਸ ਘਟਨਾ ਨੇ ਵਾਮਨ ਦਾ ਦਿਲ ਤੋੜ ਦਿੱਤਾ। ਹਿੰਗਣੇ ਵਿਚ ਅਧਿਆਪਕਾਂ ਦੀ ਰਿਹਾਇਸ਼ਗਾਹ ਦਾ ਮਾਹੌਲ ਇਕ ਵੱਡੇ ਟੱਬਰ ਵਰਗਾ ਸੀ। ਇਸੇ ਲਈ ਉਹਨਾਂ ਦੇ ਚਾਰ ਬੱਚੇ ਉੱਕਾ ਹੀ ਬੇਸਹਾਰਾ ਨਹੀਂ ਸਨ। ਮਈ 1924 ਈ. ਵਿਚ ਵਾਮਨ ਰਾਓ ਦੀ ਵੱਡੀ ਧੀ ਗੰਗੂ ਦਾ ਵਿਆਹ ਤਾਂਤਿਆ ਸਾਹਿਬ ਕੇਲਕਰ ਦੇ ਚਚੇਰੇ ਭਰਾ ਸ੍ਰੀ ਦ. ਕੇ. ਕੇਲਕਰ (ਅੱਗੋਂ

ਕਾਵਿ ਆਲੋਚਕ) ਨਾਲ ਹੋ ਗਿਆ। ਹਿੰਗਣੇ ਛੱਡਣ ਪਿੱਛੋਂ 1934 ਈ. ਵਿਚ ਵਾਮਨ ਰਾਓ ਜੀਮਖਾਨੇ ਆਪਣੇ ਭਤੀਜੇ ਕੋਲ ਆ ਗਏ। ਇੱਥੇ ਉਹਨਾਂ ਨੂੰ ਅਨੀਮੀਆ ਦੀ ਬਿਮਾਰੀ ਨੇ ਘੇਰ ਲਿਆ। ਉਹਨਾਂ ਨੂੰ ਬੰਬਈ ਇਲਾਜ ਕਰਵਾਉਣ ਲਈ ਲੈ ਜਾਣਾ ਪਿਆ। 1937 ਈ. ਵਿਚ ਉਹਨਾਂ ਦੀ ਦੂਸਰੀ ਲੜਕੀ ਸ਼ਕੁੰਤਲਾ ਦਾ ਵਿਆਹ ਪ੍ਰਸਿੱਧ ਸਮਾਜ ਸੁਧਾਰਕ ਸੀਤਾ ਰਾਮ ਪੰਤ ਦੇਵਧਰ ਦੇ ਸਪੁੱਤਰ ਵਿਦਿਆਧਰ ਪੰਤ ਨਾਲ ਹੋਇਆ। ਸ਼ਕੁੰਤਲਾ ਦੀ ਸ਼ਾਦੀ ਪਿਛੋਂ ਵਾਮਨ ਰਾਓ ਨੂੰ ਇਕੱਲਪੁਣਾ ਸਤਾਉਣ ਲੱਗ ਪਿਆ। ਇਸ ਸਮੇਂ ਉਹਨਾਂ ਦਾ ਵੱਡਾ ਪੁੱਤਰ ਬੰਡੂ ਪਾਗ਼ਲ ਹੋ ਗਿਆ। ਉਸ ਨੂੰ ਯੇਰਵਡਾ ਦੇ ਪਾਗ਼ਲਾਂ ਦੇ ਹਸਪਤਾਲ ਵਿਚ ਦਾਖ਼ਲ ਕਰਵਾਉਣਾ ਪਿਆ। ਉਹਨਾਂ ਨੂੰ ਇਸ ਘਟਨਾ ਕਾਰਣ ਇੰਨਾ ਧੱਕਾ ਲੱਗਾ ਕਿ ਉਹ ਪੁੱਤਰ ਨੂੰ ਮਿਲਣ ਵੀ ਨਹੀਂ ਸਨ ਜਾਂਦੇ। 1940 ਵਿਚ, ਕੋਈ ਤਿੰਨ ਵਰ੍ਹੇ ਪਿਛੋਂ ; ਬੰਡੂ ਯੇਰਵਡਾ ਵਿਚ ਚੜ੍ਹਾਈ ਕਰ ਗਿਆ। ਵਾਮਨ ਮਲ੍ਹਾਰ ਪੁੱਤਰ ਦੇ ਸੰਸਕਾਰ ਲਈ ਅਧਿਕਾਰੀਆਂ ਨੂੰ ਪੈਸੇ ਦੇਕੇ ਘਰ ਆ ਗਏ। ਉਹ ਜਿੰਨੀਂ ਪ੍ਰਪੱਕ ਬੌਧਿਕਤਾ ਦੇ ਮਾਲਕ ਸਨ, ਉਨੇਂ ਹੀ ਕੋਮਲ-ਭਾਵੀ ਵੀ ਸਨ।

1940 ਈ. ਵਿਚ ਉਹਨਾਂ ਦੀ ਮੌਲਿਕ ਰਚਨਾ *'ਵਿਚਾਰ ਸੌਂਦਰਯ'* ਨੇ ਪ੍ਰਸਿੱਧੀ ਪ੍ਰਾਪਤ ਕੀਤੀ। ਹੁਣ ਉਹਨਾਂ ਨੇ ਨਾਵਲ-ਰਚਨਾ ਉੱਕਾ ਹੀ ਬੰਦ ਕਰ ਦਿੱਤੀ। ਇਸਦਾ ਕਾਰਣ ਵਾਮਨ ਰਾਓ ਹੀ ਜਾਣਦੇ ਸਨ। ਪ੍ਰਕਾਸ਼ਕ ਨਾਵਲ ਦੀ ਮੰਗ ਕਰਦੇ, ਉਹ ਨਾਂਹ ਕਰ ਦਿੰਦੇ ਸਨ। ਇਕ ਪ੍ਰਕਾਸ਼ਕ ਨੇ ਮਾਡਖੋਲ਼ਕਰ ਜਿਹੇ ਵੱਡੇ ਲੇਖਕ ਨੂੰ ਵਿਚ ਪਾਕੇ ਨਾਵਲ ਦੀ ਮੰਗ ਕੀਤੀ। ਉਦੋਂ ਵਾਮਨ ਮਲ੍ਹਾਰ ਨੇ ਮਾਡਖੋਲ਼ਕਰ ਨੂੰ ਆਖਿਆ, "ਨਵਾਂ ਨਾਵਲ ਲਿਖਣ ਲਈ ਕੋਈ ਵਿਸ਼ਾ ਮੇਰੇ ਦਿਮਾਗ਼ ਵਿਚ ਜ਼ੁਬੰਸ਼ ਵੀ ਪੈਦਾ ਕਰੇ ਤਾਂ ਨਾ ? ਮੇਰੇ ਕੋਲ ਨਵਾਂ ਕਹਿਣ ਲਈ ਕੁਝ ਵੀ ਨਹੀਂ। ਲਿਖਾਂ ਤਾਂ ਕੀ ਲਿਖਾਂ ?" ਇਸ ਸਮੇਂ ਉਹਨਾਂ ਨੇ ਕੁਝ ਫੁਟਕਲ ਲੇਖ ਲਿਖੇ। ਉਹ ਵਧੇਰੇ ਕਰਕੇ ਆਤਮ-ਮੁਖੀ ਹਨ। ਇਹ ਲੇਖ *'ਸਿਮ੍ਰਿਤ ਲਹਿਰੀ'* ਸੰਗ੍ਰਹਿ ਵਿਚ ਪ੍ਰਕਾਸ਼ਿਤ ਹੋਏ ਹਨ।

1937 ਤੋਂ 1942 ਤੀਕ ਵਾਮਨ ਮਲ੍ਹਾਰ ਮਹਾਂਰਾਸ਼ਟਰ ਸਾਹਿੱਤ ਪ੍ਰੀਸ਼ਦ ਦੇ ਮੁਖੀ ਰਹੇ। ਮਈ 1943 ਈ. ਵਿਚ ਪ੍ਰਸਿੱਦ ਇਤਿਹਾਸਕਾਰ ਗੋ. ਸ. ਸਰਦੇਸਾਈ ਦੀ ਪ੍ਰਧਾਨਗੀ ਵਿਚ ਇਤਿਹਾਸ ਪ੍ਰੀਸ਼ਦ ਦਾ ਇਜਲਾਸ ਹੋਇਆ। ਵਾਮਨ ਮਲ੍ਹਾਰ ਇਸ ਪ੍ਰੀਸ਼ਦ ਦੇ ਸਵਾਗਤ-ਅਧਿਅਕਸ਼ ਸਨ। ਇੱਥੇ ਪੇਸ਼ ਕੀਤਾ ਗਿਆ ਭਾਸ਼ਣ ਉਹਨਾਂ ਦਾ ਅੰਤਿਮ ਭਾਸ਼ਣ ਸੀ। ਜੂਨ 1941 ਈ. ਵਿਚ ਵਾਮਨ ਰਾਓ ਮਹਾਂਰਿਸ਼ੀ ਕਰਵੇ ਦੇ ਮਹਿਲਾ ਕਾਲਜ ਦੇ ਪ੍ਰਿੰਸੀਪਲ ਨਿਯੁਕਤ ਹੋਏ। ਇੰਜ ਜੀਮਖਾਨੇ ਤੋਂ ਉਹ ਫੇਰ ਹਿੰਗਣੇ ਪ੍ਰਿੰਸੀਪਲ ਦੇ ਬੰਗਲੇ ਵਿਚ ਆ ਵਸੇ। ਵਾਮਨ ਮਲ੍ਹਾਰ ਨੂੰ ਪ੍ਰਿੰਸੀਪਲ ਦੀ ਕੁਰਸੀ ਕਠਿਨ ਪਰਿਸਥਿਤੀ ਵਿਚ ਸੰਭਾਲਣੀ ਪਈ। ਪਹਿਲੇ ਪ੍ਰਿੰਸੀਪਲ ਨੇ ਅਸਤੀਫ਼ਾ ਦੇ ਦਿੱਤਾ ਸੀ। ਇਸ ਘਟਨਾ ਦੇ ਪਿਛੋਕੜ ਵਿਚ ਜਦੋਂ ਵਾਮਨ ਮਲ੍ਹਾਰ ਨੇ ਇਕ ਪ੍ਰਾਧਿਆਪਕਾ ਵਿਰੁੱਧ ਰਿਪੋਰਟ ਦਿੱਤੀ ਤਾਂ ਹੰਗਾਮਾ ਖੜ੍ਹਾ ਹੋ ਗਿਆ। ਉਹਨਾਂ ਨੇ ਆਪਣੀ ਭੂਮਿਕਾ ਸਪਸ਼ਟ ਕਰਨ ਲਈ ਸੰਸਥਾ ਦੇ ਮੁਖੀ ਨੂੰ ਰਿਪੋਰਟ ਦੇ ਨਾਲ ਹੀ ਆਪਣਾ ਅਸਤੀਫ਼ਾ ਵੀ ਭੇਜ ਦਿੱਤਾ। ਇਸ

ਸਪਸ਼ਟੀਕਰਨ ਤੋਂ ਮਗਰੋਂ ਸੰਸਥਾ ਦੇ ਮੁਖੀ ਨੇ ਅਸਤੀਫ਼ਾ ਨਾ-ਮੰਜ਼ੂਰ ਕਰਕੇ ਉਹਨਾਂ ਦਾ ਸਨਮਾਨ ਕੀਤਾ । ਵਾਮਨ ਮਲ੍ਹਾਰ ਦੀ ਜ਼ਿੰਦਗੀ ਹੁਣ ਵਧੇਰੇ ਸੰਘਰਸ਼ਮਈ ਬਣ ਗਈ । ਉਹਨਾਂ ਦੇ ਸਨੇਹੀ ਸਹਿਯੋਗੀ ਉਹਨਾਂ ਦੇ ਦੁਸ਼ਮਣ ਬਣ ਗਏ । ਜਿਨ੍ਹਾਂ ਦਾ ਕਦੇ ਕੋਈ ਦੁਸ਼ਮਣ ਨਹੀਂ ਸੀ । ਪ੍ਰਿੰਸਪਲ ਬਣਨ ਕਰਕੇ ਉਹਨਾਂ ਨੂੰ ਦੋ ਸਾਲ ਸਖ਼ਤ ਮਾਨਸਿਕ ਦੁੱਖ ਸਹਿਣਾ ਪਿਆ । ਉਹਨਾਂ ਦੀ ਸਿਹਤ ਵਿਗੜ ਗਈ । ਮਾਨਸਿਕ ਤਣਾਉ 'ਚ ਘਿਰ ਗਏ । ਨੀਂਦ ਘਟ ਗਈ । ਸਿਗਰਟ ਨੋਸ਼ੀ ਵਧ ਗਈ । ਉਹਨਾਂ ਦੀ ਫ਼ਿਤਰਤ ਹੀ ਬਦਲ ਗਈ । ਅਨੀਮੀਆ ਅਤੇ ਬਵਾਸੀਰ ਜਿਹੀਆਂ ਪੁਰਾਣੀਆਂ ਬਿਮਾਰੀਆਂ ਦਾ ਅਸਰ ਵਧ ਗਿਆ ।

ਜਨਵਰੀ 1943 ਈ. ਵਿਚ ਵਾਮਨ ਰਾਓ ਦੇ 61 ਵੇਂ ਵਰ੍ਹੇ ਵਿਚ ਪ੍ਰਵੇਸ਼ ਕਰਨ ਨਾਲ ਮਹਾਂਰਾਸ਼ਟਰ ਵਿਚ ਅਨੇਕਾਂ ਸਥਾਨਾਂ 'ਤੇ ਉਹਨਾਂ ਦਾ ਸਨਮਾਨ ਕੀਤਾ ਗਿਆ । ਪਰ ਕਾਲਜ ਚਲਾਉਣ ਵਾਲੀ ਸੰਸਥਾ ਕੋਲੋਂ ਇਕ ਹਾਰ ਵੀ ਨਹੀਂ ਸਰਿਆ । ਇਸ ਤੋਂ ਜ਼ਾਹਿਰ ਹੈ ਕਿ ਉਥੋਂ ਦਾ ਵਾਤਾਵਰਣ ਕਿੰਨਾਂ ਪ੍ਰਤੀਕੂਲ ਅਤੇ ਦੂਸ਼ਿਤ ਸੀ ।

ਜੁਲਾਈ 1943 ਈ. ਵਿਚ ਉਹਨਾਂ ਦੀ ਸਿਹਤ ਠੀਕ ਨਹੀਂ ਸੀ । ਫੇਰ ਵੀ ਉਹ ਯੂਨੀਵਰਸਿਟੀ ਸਿੰਡੀਕੇਟ ਦੀ ਬੈਠਕ ਲਈ ਪੁਣੇ ਤੋਂ ਬੰਬਈ ਲਈ ਚੱਲ ਪਏ । ਉਹ ਸਫ਼ਰ ਦੌਰਾਨ ਹੀ ਬੇਹੋਸ਼ ਹੋ ਗਏ । ਨਾਲ ਦੇ ਸਾਥੀਆਂ ਨੇ ਉਹਨਾਂ ਨੂੰ ਨ. ਮ. ਜੋਸ਼ੀ (ਉਹਨਾਂ ਦੇ ਭਰਾ) ਦੇ ਘਰ ਤੱਕ ਬੜੀ ਔਖ ਨਾਲ ਪਹੁੰਚਾਇਆ । ਡਾਕਟਰਾਂ ਦੇ ਮਸ਼ਵਰੇ 'ਤੇ ਉਹਨਾਂ ਨੂੰ ਹਸਪਤਾਲ ਦਾਖ਼ਲ ਕਰਵਾਉਣਾ ਪਿਆ । ਬਿਮਾਰੀ ਦੀ ਹਾਲਤ ਵਿਚ ਕੋਈ ਫ਼ਰਕ ਨਾ ਪੈਣ ਕਾਰਣ ਉਹ 19 ਜੁਲਾਈ 1943 ਈ. ਨੂੰ ਇਸ ਫ਼ਾਨੀ ਦੁਨੀਆਂ ਤੋਂ ਕੂਚ ਕਰ ਗਏ । *'ਰਾਗਿਣੀ'* ਦੇ ਕਰਤਾ ਵਾਮਨ ਮਲ੍ਹਾਰ ਦੇ ਚੱਲ-ਵਸਣ ਦੀ ਖ਼ਬਰ ਸੁਣਕੇ ਮਰਾਠੀ ਪਾਠਕ ਸ਼ੋਕ-ਸਾਗਰ ਵਿਚ ਡੁੱਬ ਗਏ । ਉਹਨਾਂ ਦੇ 'ਘਰ ਦਾ ਤੱਤ-ਗਿਆਨੀ' ਭਾਵ ਫ਼ਿਲਾਸਫ਼ਰ ਕਿਧਰੇ ਅਲੋਪ ਹੋ ਗਿਆ ਸੀ ।

## ਜੀਵਨ ਕਾਲ

ਵਾਮਨ ਮਲ੍ਹਾਰ ਦਾ ਜੀਵਨ-ਕਾਲ (1882-1943 ਈ.) ਅਤੇ ਮਰਢੇਕਰ ਪੂਰਵ ਆਧੁਨਿਕ ਮਰਾਠੀ ਸਾਹਿੱਤ-ਕਾਲ ਦੋਵੇਂ ਅਗਲ-ਬਗਲ ਚਲਦੇ ਹਨ । ਵਾਮਨ ਮਲ੍ਹਾਰ ਦਾ ਲੇਖਨ 1915 ਈ. ਤੋਂ ਲੈਕੇ 1942 ਈ. ਤੀਕ ਦੇ ਸਮੇਂ ਵਿਚਕਾਰ ਹੋਇਆ । ਇਹ ਕਾਲ-ਖੰਡ ਤਿਲਕ ਯੁਗ (1915-20) ਦੀ ਚੜ੍ਹਤ ਦਾ ਸਮਾਂ ਸੀ । ਇਸੇ ਸਮੇਂ ਗਾਂਧੀ ਯੁਗ (1920-42 ਈ.) ਦਾ ਉਦੈ ਹੋਇਆ । ਤਿਲਕ ਯੁਗ ਵਿਚ ਬਹੁਤ ਵੱਡੀਆਂ ਵੱਡੀਆਂ ਰਾਜਸੀ ਅਤੇ ਸਮਾਜਿਕ ਘਟਨਾਵਾਂ ਘਟੀਆਂ । ਸ਼ਹਿਰੀ ਮੱਧ ਵਰਗ ਵਿਚਕਾਰ

ਵਿੱਦਿਆ ਦਾ ਪ੍ਰਸਾਰ ਹੋਇਆ । ਵਿੱਦਿਆ ਦੁਆਰਾ ਨਵਾਂ ਗਿਆਨ, ਨਵੇਂ ਵਿਚਾਰ ਸਿੱਧੇ ਰੂਪ ਵਿਚ ਲੋਕਾਂ ਨੂੰ ਪ੍ਰਾਪਤ ਹੋਏ । ਉਹ ਮੱਧ ਵਰਗੀ ਲੋਕਾਂ ਦੇ ਚਿੰਤਨ ਅਤੇ ਆਚਰਣ ਦਾ ਅੰਗ ਬਣ ਗਏ । ਰਾਨਾਡੇ-ਆਗਰਕਰ ਹੁਰਾਂ ਦੇ ਵਿਚਾਰ-ਪ੍ਰਵਾਹ ਕਾਰਣ ਸੁਧਾਰਵਾਦੀ ਹਵਾਵਾਂ ਝੁੱਲ ਪਈਆਂ । ਇਸ ਨਾਲ ਇਸਤ੍ਰੀ ਜ਼ਾਤੀ ਬਾਰੇ ਅਨੇਕਾਂ ਪ੍ਰਕਾਰ ਦੇ ਪ੍ਰਸ਼ਨ ਸਾਹਮਣੇ ਆਏ । ਧੋਂਡੋ ਕੇਸ਼ਵ ਕਰਵੇ ਵਰਗੇ ਵਿਅਕਤੀਆਂ ਨੇ ਇਸਤ੍ਰੀ ਸਿੱਖਿਆ ਦੀ ਵਿਸ਼ੇਸ਼ ਲਹਿਰ ਚਲਾਈ । ਨਤੀਜੇ ਵਜੋਂ, ਹੌਲੀ ਹੌਲੀ ਇਸਤ੍ਰੀ ਨੂੰ ਇਕ ਸੁਤੰਤਰ ਵਿਅਕਤੀ ਸਵੀਕਾਰ ਕਰਨ ਦਾ ਦ੍ਰਿਸ਼ਟੀਕੋਣ ਉਭੱਰਨ ਲੱਗਾ । ਇਸ ਦ੍ਰਿਸਟੀਕੋਣ ਦਾ ਪ੍ਰਭਾਵ ਕੇਵਲ ਇਸਤ੍ਰੀ ਉੱਪਰ ਹੀ ਨਹੀਂ ਪਿਆ, ਸਗੋਂ ਉਹਦੇ ਟੱਬਰ ਅਤੇ ਸਮਾਜ ਉੱਪਰ ਵੀ ਪਿਆ । ਲੋਕਾਂ ਨੂੰ ਅਹਿਸਾਸ ਹੋਇਆ ਕਿ ਇਸਤ੍ਰੀ ਦਾ ਰਿਸ਼ਤਾ ਨਾਤਾ ਅਤੇ ਸਥਾਨ ਪਰਿਵਾਰਿਕ ਜੀਵਨ ਤੋਂ ਵੀ ਉੱਚਾ ਹੈ । ਇਹ ਨਵੀਂ ਇਸਤ੍ਰੀ ਦੇ ਚਰਿੱਤ੍ਰ ਦੀ ਘਾੜਤ ਘੜਨ ਅਤੇ ਉਸਦੀ ਸਮੁੱਚੀ ਪਛਾਣ ਦਾ ਸਮਾਂ ਸੀ । ਵਾਮਨ ਮਲ੍ਹਾਰ ਦੇ ਨਾਵਲਾਂ ਵਿਚ ਨਵੀਂ ਇਸਤ੍ਰੀ ਦਾ ਜਨਮ ਹੋਇਆ । ਉਸਦਾ ਸੰਖ਼ੇਪ ਪਿਛੋਕੜ ਉਤਲੀਆਂ ਸਤਰਾਂ ਤੋਂ ਜ਼ਾਹਿਰ ਹੈ ।

ਨਵੀਂ ਸਿੱਖਿਆ ਦੇ ਸਿੱਟੇ ਵਜੋਂ ਇਕ ਹੋਰ ਕਹਾਣੀ ਸਾਹਵੇਂ ਆਈ । ਅਨੇਕਾਂ ਪੱਛਮੀ ਦਰਸ਼ਨ ਸ਼ਾਸਤ੍ਰੀਆਂ ਅਤੇ ਚਿੰਤਕਾਂ ਨਾਲ ਪੜ੍ਹੀ ਲਿਖੀ ਪੀੜ੍ਹੀ ਦੀ ਪਛਾਣ ਵਧ ਗਈ । ਨਵੇਂ ਵਿਚਾਰਾਂ ਅਧੀਨ ਰਵਾਇਤੀ ਭਾਰਤੀ ਫ਼ਲਸਫ਼ੇ ਬਾਰੇ ਵਾਦ-ਵਿਵਾਦ ਪੈਦਾ ਹੋਇਆ ਅਤੇ ਉਸਦੀ ਖੋਜ ਜ਼ਰੂਰੀ ਹੋ ਗਈ । ਰਾਜਨੀਤਕ ਅਕਾਂਖਿਆ ਰੱਖਣ ਵਾਲੇ ਭਾਰਤੀਆਂ ਨੂੰ ਅਜਿਹੇ ਫ਼ਲਸਫ਼ੇ ਦੀ ਲੋੜ ਸੀ । ਨਵਾਂ ਫ਼ਲਸਫ਼ਾ ਮਗਰੋਂ ਸੈਂਕੜੇ ਰੁਪਏ ਖਰਚ ਕੇ ਵੀ ਨਹੀਂ ਮਿਲਣਾ ਸੀ । ਇਸ ਲਈ ਵਿਦਵਾਨ ਇਸਨੂੰ ਭਾਰਤੀ ਪਰੰਪਰਾ ਵਿਚ ਰਚਾਉਣਾ ਚਾਹੁੰਦੇ ਸਨ । ਫ਼ਲਸਫ਼ੇ ਦੀ ਖੋਜ ਆਰੰਭ ਹੋਈ । ਇਕ ਪਾਸੇ 'ਗੀਤਾ ਰਹੱਸ' ਸਪਸ਼ਟ ਰੂਪ ਵਿਚ ਉੱਘੜਨਾ ਸ਼ੁਰੂ ਹੋਇਆ ਅਤੇ ਦੂਜੇ ਪਾਸੇ 'ਸੁਕਰਾਤ ਦੇ ਸੰਵਾਦ' ਸਮਝਣ ਦੀ ਕੋਸ਼ਿਸ਼ ਕੀਤੀ ਗਈ । ਆਚਾਰੀਆ ਜਾਵਡੇਕਰ ਨੇ ਇਸ ਕਾਲ ਨੂੰ 'ਭਾਰਤੀ ਸੰਸਕ੍ਰਿਤੀ ਦਾ ਤੱਤ-ਮੰਥਨ ਕਾਲ' ਤਦ ਹੀ ਆਖਿਆ ਹੈ ।

ਇਹ ਕਾਲ ਵਿਅਕਤੀ, ਪਰਿਵਾਰ, ਸਮਾਜ ਅਤੇ ਰਾਸ਼ਟਰੀ ਪੱਧਰ 'ਤੇ ਅਨੇਕਾਂ ਛੋਟੇ ਵੱਡੇ ਵਾਦ-ਵਿਵਾਦਾਂ ਨਾਲ ਭਰਪੂਰ ਦਿਖਾਈ ਦਿੰਦਾ ਹੈ । ਸਨਾਤਨੀ ਰਾਸ਼ਟਰਵਾਦੀਆਂ ਅਤੇ ਸੁਧਾਰਕ ਉਦਾਰਵਾਦੀਆਂ ਵਿਚ ਖੁੱਲਮ ਖੁੱਲ੍ਹਾ ਯੁੱਧ ਚੱਲ ਰਿਹਾ ਸੀ । ਸੁਸਿੱਖਿਅਤ ਨੌਜਵਾਨ ਵਰਗ ਰਾਜਸੀ ਖ਼ੇਤਰ ਵਿਚ ਸੁਧਾਰ ਚਾਹੁੰਦਾ ਸੀ ।

1920 ਈ. ਤੋਂ ਪਿੱਛੋਂ ਰਾਜਸੀ ਮੰਚ ਉੱਪਰ ਤਿਲਕ ਯੁਗ ਸਮਾਪਤ ਹੋਇਆ ਅਤੇ ਗਾਂਧੀ ਯੁਗ ਉਦੈ ਹੋਇਆ । ਗਾਂਧੀ ਜੀ ਦੀ ਭਾਰਤੀ ਰਾਜਨੀਤੀ ਕਾਰਣ ਰਾਜਸੀ ਅਤੇ ਸਮਾਜਿਕ ਜੀਵਨ ਵਿਚ ਇਕ ਮਹੱਤਵਪੂਰਨ ਮੋੜ ਆਇਆ । ਨਵ ਮਾਨਵਤਾਵਾਦ ਦਾ ਫ਼ਲਸਫ਼ਾ ਪ੍ਰਬਲ ਦਿਖਾਈ ਦੇਣ ਲੱਗਾ । ਮਹਾਤਮਾ ਗਾਂਧੀ ਦਾ ਇਹ ਫ਼ਲਸਫ਼ਾ ਭਾਰਤੀ

ਅਧਿਆਤਮ ਪਰੰਪਰਾ ਵਿਚ ਰਚ ਮਿਚ ਗਿਆ । ਇਸ ਕਾਰਣ ਸਨਾਤਨੀ ਰਾਸ਼ਟਰਵਾਦੀ ਅਤੇ ਸੁਧਾਰਕ ਉਦਾਰਵਾਦੀਆਂ ਵਿਚਕਾਰ ਵਿੱਥ ਘਟ ਗਈ । ਇਹਨਾਂ ਦੇ ਵਾਦ-ਵਿਵਾਦ ਪਿੱਛੇ ਪੈ ਗਏ । ਜੀਵਨ ਦੇ ਵਿਆਪਕ ਸੰਦਰਭ ਵਿਚ ਵਿਅਕਤੀ ਦੀ ਆਤਮ-ਉੱਨਤੀ ਅਤੇ ਮਾਨਸਿਕ ਵਿਕਾਸ ਨੂੰ ਮੁੱਖ ਰੱਖਿਆ ਗਿਆ । ਵਿਅਕਤੀ ਅਤੇ ਸਮੂਹ ਦੇ ਸਬੰਧਾਂ ਉੱਪਰ ਵੱਖਰੀ ਦ੍ਰਿਸ਼ਟੀ ਤੋਂ ਝਾਤ ਮਾਰੀ ਜਾਣ ਲੱਗ ਪਈ ।

1917 ਈ. ਦੇ ਰੂਸੀ ਇਨਕਲਾਬ ਦੀ ਗੂੰਜ ਸਾਰੀ ਦੁਨੀਆਂ ਵਿਚ ਫ਼ੈਲ ਗਈ । ਹਿੰਦੁਸਤਾਨ ਵਿਚ 1930 ਈ. ਦੇ ਕਰੀਬ ਬਾਲਸ਼ਵਿਕ ਵਿਚਾਰਾਂ ਦਾ ਪ੍ਰਸਾਰ ਹੋਇਆ । ਇੱਥੋਂ ਅਨੇਕਾਂ ਵਿਚਾਰਵਾਨ, ਕਲਾਕਰਮੀ ਅਤੇ ਰਾਜਸੀ ਕਾਰਕੁੰਨ ਵਿਸ਼ਵ ਪਰਿਵਾਰ ਦੇ ਸੰਕਲਪ ਵੱਲ ਆਕ੍ਰਸ਼ਿਤ ਹੋਏ । ਮਾਰਕਸਵਾਦ ਦਾ ਸੰਪੂਰਣ ਅਭਿਆਸ ਕਰਨ ਲਈ ਅਨੇਕਾਂ ਸਭਾਵਾਂ ਸਥਾਪਿਤ ਹੋਈਆਂ । ਸਮਾਜਵਾਦ ਦੇ ਫ਼ਲਸਫ਼ੇ ਨੂੰ ਧਾਰਣ ਕਰਨ ਵਾਲੇ ਆਚਾਰੀਆ ਨੇ 'ਕਮਿਊਨਜ਼' ਸਥਾਪਿਤ ਕੀਤੇ ।

ਗਾਂਧੀਵਾਦ ਅਤੇ ਮਾਰਕਸਵਾਦ ਦੀਆਂ ਦੋ ਵਿਚਾਰ-ਪ੍ਰਣਾਲੀਆਂ ਇਸ ਕਾਲ-ਖੰਡ (1920-42 ਈ.) ਵਿਚ ਵਿਕਸਤ ਹੋਈਆਂ । ਤਿਲਕ ਯੁਗ ਨਾਲੋਂ ਇਸ ਸਮੇਂ ਵਿਚ ਇਕ ਨਵੀਂ ਦ੍ਰਿਸ਼ਟੀ ਪ੍ਰਾਪਤ ਹੋਈ । ਤਿਲਕ ਯੁਗ ਵਿਚ ਜੀਵਨ ਬਾਰੇ ਪ੍ਰਸ਼ਨਾਂ ਨੂੰ ਸੰਪੂਰਨ ਰੂਪ ਵਿਚ ਦੇਖਣ ਦੀ ਬਜਾਏ ਉਸਦੇ ਨਿੱਕੇ ਰੂਪਾਂ ਵੱਲ ਧਿਆਨ ਦਿੱਤਾ ਗਿਆ । ਗਾਂਧੀ ਯੁਗ ਵਿਚ ਗਾਂਧੀਵਾਦ (ਮਾਰਕਸ ਨੇ ਵੀ) ਨੇ ਜ਼ਿੰਦਗੀ ਦੇ ਸਵਾਲਾਂ ਬਾਰੇ ਸਮੁੱਚੀ ਮਨੁੱਖੀ ਜ਼ਿੰਦਗੀ ਦੇ ਸੰਦਰਭ ਵਿਚ ਵਿਚਾਰ ਕੀਤੀ । ਆਗਰਕਰ-ਤਿਲਕ ਯੁਗ ਵਿਚ ਮਿੱਲ-ਸਪੇਂਸਰ ਦੇ ਫ਼ਲਸਫ਼ੇ ਨੂੰ ਪਿੱਛੇ ਛੱਡ ਕੇ ਮਾਰਕਸ-ਏਂਗਲਜ਼ ਦੇ ਸਮਾਜਵਾਦੀ ਦਰਸ਼ਨ 'ਤੇ ਵਿਚਾਰ-ਚਰਚਾ ਕੀਤੀ ਗਈ । ਪਰ ਇਸ ਸਮਾਜਵਾਦੀ ਦਰਸ਼ਨ ਦੀ ਥਾਂ ਗਾਂਧੀ ਦੁਆਰਾ ਪ੍ਰਚਾਰਿਤ 'ਸੱਤਿਆਗ੍ਰਹਿ ਇਕ ਰਾਸ਼ਟਰੀ ਕ੍ਰਾਂਤੀ ਸ਼ਾਸ੍ਤ੍ਰ' ਨੇ ਭਾਰਤੀ ਜਨਤਾ ਨੂੰ ਵਧੇਰੇ ਪ੍ਰਭਾਵਿਤ ਕੀਤਾ । ਇਸੇ ਪ੍ਰਕਾਰ ਇਹ ਕ੍ਰਾਂਤੀ ਅਤੇ ਸਮਾਜ-ਸੰਗਠਨ ਅਤੇ ਸਮਾਜਿਕ ਵਿਚਾਰਾਂ ਦਾ ਸ਼ਾਸਤ੍ਰ ਵੀ ਹੈ । ਇਹ ਭਾਰਤੀ ਸੰਸਕ੍ਰਿਤੀ ਦਾ ਪੱਕਾ ਫ਼ਲ ਹੈ । ਇਹ ਵਿਚਾਰਧਾਰਾ ਲੋਕਾਂ ਵਿਚ ਪ੍ਰਚਲਿਤ ਸੀ । ਅਹਿੰਸਾ ਦਾ ਮੂਲ ਖੋਜਣ ਵਾਲਿਆਂ, ਆਤਮਕ ਬਲ ਪ੍ਰਾਪਤ ਕਰਨ ਵਾਲਿਆਂ, ਸੱਤਿਆਗ੍ਰਹਿ ਦਾ ਸ਼ਸਤਰ ਧਾਰਨ ਕਰਨ ਵਾਲਿਆਂ, ਸੁਤੰਤਰਤਾ ਅਤੇ ਸਮਾਜ ਦੀ ਆਤਮਿਕ ਉਨੱਤੀ ਦਾ ਟੀਚਾ ਰੱਖਣ ਵਾਲੇ ਭਾਰਤੀਆਂ ਅਤੇ ਗ਼ੈਰ-ਭਾਰਤੀਆਂ ਨੂੰ ਇਸ ਵਿਚਾਰਧਾਰਾ ਨੇ ਆਕ੍ਰਸ਼ਿਤ ਕੀਤਾ । 1915-42 ਈ. ਵਿਚਕਾਰ ਰਾਜਸੀ ਅਤੇ ਸਮਾਜਿਕ ਜੀਵਨ ਵਿਚ ਤੇਜ਼ੀ ਨਾਲ ਤਬਦੀਲੀਆਂ ਆਈਆਂ । ਇਸੇ ਕਾਰਣ ਦੁਨੀਆਂ ਦੇ ਵਿਚਾਰਵਾਨਾਂ ਦੀਆਂ ਬੈਠਕਾਂ ਵਿਚ ਲੋਕਾਂ ਦੇ ਵਿਚਾਰ ਬਦਲਣ ਵਾਲੇ ਕਈ ਸ਼ੋਧ-ਸਿਧਾਂਤ ਸਮਾਜਿਕ ਸ਼ਾਸਤ੍ਰ ਵਿਚ ਪ੍ਰਗਟ ਹੋਏ । ਫ਼ਰਾਇਡ ਅਤੇ ਯੁੰਗ ਦੇ ਮਾਨਵੀ ਮਾਨਸਿਕ ਰਿਸ਼ਤਿਆਂ ਦੇ ਸਬੰਧਾਂ ਦੇ ਨਵੇਂ ਸਿਧਾਂਤ ਅਤੇ ਰੱਸਲ ਦੀ ਨਵ-ਨੀਤੀ ਕਾਰਣ ਪਰੰਪਰਿਕ ਵਿਚਾਰ-ਪ੍ਰਣਾਲੀ ਵਿਚ ਖੜੋਤ ਆ

ਗਈ । ਇਸ ਨਵੇਂ ਪ੍ਰਵਾਹ ਨੇ ਲੋਕਾਂ ਦੇ ਵਿਚਾਰਾਂ ਵਿਚ ਅਤੇ ਉਹਨਾਂ ਦੇ ਸਿਧਾਂਤਾਂ ਵਿਚ ਨਵੇਂ ਸਿਰਿਉਂ ਇਕ ਪ੍ਰਕਿਰਿਆ ਪੈਦਾ ਕਰ ਦਿੱਤੀ । ਮਨੁੱਖ ਅਤੇ ਉਸਦੇ ਜੀਵਨ ਨੂੰ ਨਵੀਂ ਦਿਸ਼ਾ ਵਿਚ ਸਮਝਣ ਦਾ ਜਤਨ ਕੀਤਾ ਗਿਆ ।

ਜਿਸ ਸਮੇਂ ਵਿਚ ਵਾਮਨ ਮਲ੍ਹਾਰ ਅਤਿਅੰਤ ਬੇਬਾਕੀ ਨਾਲ ਨਾਵਲ ਰਚਨਾ ਕਰ ਰਹੇ ਸਨ ਉਹ ਕਾਲ ਅਨੇਕਾਂ ਘਟਨਾ-ਚੱਕਰਾਂ ਵਿਚ ਘਿਰਿਆ ਹੋਇਆ ਸੀ । ਇਸ ਸਮੇਂ ਵਿਚ ਵਾਪਰੀਆਂ ਘਟਨਾਵਾਂ ਅਤੇ ਵਿਚਾਰ-ਪ੍ਰਵਾਹ ਨੇ ਆਧੁਨਿਕ ਸੁਸਿੱਖਿਆਤ ਮਨੁੱਖ ਦੇ ਮਨ ਵਿਚ ਅਨੇਕਾਂ ਪ੍ਰਸ਼ਨ ਖੜ੍ਹ ਕਰ ਦਿੱਤੇ । ਵਿਅਕਤੀ ਦੇ ਮਨ ਵਿਚ ਇਕ ਪ੍ਰਕਾਰ ਦੀ ਉਥਲ-ਪੁੱਥਲ, ਇਕ ਸੰਦੇਹ, ਇਕ ਕਰਤੱਵ ਦੀ ਪਛਾਣ ਦੇ ਵਿਚਾਰ ਪੈਦਾ ਹੋ ਗਏ । ਥੋੜ੍ਹੇ ਸ਼ਬਦਾਂ ਵਿਚ ਆਧੁਨਿਕ ਸੁਸਿੱਖਿਅਤ ਵਿਅਕਤੀ ਦੀ ਅਵਸਥਾ ਉਸ ਤਰ੍ਹਾਂ ਦੀ ਹੋ ਗਈ ਜਿਵੇਂ ਯੁੱਧ ਤੋਂ ਪਹਿਲਾਂ ਅਰਜਨ ਦੀ ਸ਼ੰਕਾ ਕਾਰਣ ਹੋਈ ਸੀ । ਵਾਮਨ ਮਲ੍ਹਾਰ ਦੀ ਜੀਵਨ ਦ੍ਰਿਸ਼ਟੀ ਵਿਚ ਇਸ ਸਾਰੇ ਕੁਝ ਦੀ ਗੂੰਜ ਪ੍ਰਤੱਖ ਸੁਣਾਈ ਦਿੰਦੀ ਹੈ ।

## ਵਿਅਕਤਿਤਵ

ਵਾਸਤਵਿਕ ਦ੍ਰਿਸ਼ਟੀ ਤੋਂ ਦੇਖਿਆਂ ਅੱਗੋਂ ਆਉਣ ਵਾਲੇ ਅਧਿਆਤਮਕ ਵਿਚਾਰਾਂ ਅਤੇ 'ਉਪਨਿਆਸ ਲੇਖਨ' 'ਚੋਂ ਵਾਮਨ ਮਲ੍ਹਾਰ ਦੀ ਸ਼ਖਸੀਅਤ ਬਾਰੇ ਆਪਣੇ ਆਪ ਲੋੜੀਂਦੀ ਜਾਣਕਾਰੀ ਪ੍ਰਾਪਤ ਹੋ ਜਾਂਦੀ ਹੈ । ਵਾਮਨ ਮਲ੍ਹਾਰ ਦਾ ਵਿਅਕਤਿਤਵ ਚਿੰਤਨਸ਼ੀਲ ਕਿਉਂ ਬਣਿਆ ? ਉਹ ਦਿਆਲੂ ਤੇ ਸੰਵੇਦਨਸ਼ੀਲ ਕਿਵੇਂ ਬਣਿਆ ? ਇਹ ਜਾਣਕਾਰੀ ਦੇਣੀ ਇੱਥੇ ਜਰੂਰੀ ਹੈ ।

ਵਾਮਨ ਮਲ੍ਹਾਰ ਦੀ ਸਿੱਖਿਆ ਪੂਣੇ ਦੇ ਡੇਕਨ ਕਾਲਜ ਵਿਚ ਨੇਪਰੇ ਚੜ੍ਹੀ । ਕਾਲਜ ਦੇ ਵਾਤਾਵਰਨ ਦਾ ਉਸਦੀ ਸ਼ਖਸੀਅਤ ਉੱਪਰ ਖ਼ਾਸ ਅਸਰ ਹੋਇਆ । ਕਾਲਜ ਵਿਚ ਖੁੱਲ੍ਹ ਦਾ ਵਾਤਾਵਰਨ, ਯੂਰਪੀਨ ਅਧਿਆਪਕਾਂ ਦੇ ਉਦਾਰ ਚਿੱਤ ਸੁਭਾਉ ਅਤੇ ਵਿਚਾਰਸ਼ੀਲ ਦ੍ਰਿਸਟੀਕੋਣ ਦਾ ਪ੍ਰਭਾਵ ਵਿਦਿਆਰਥੀਆਂ ਦੇ ਮਨਾਂ ਉੱਪਰ ਪੈਂਦਾ ਸੀ । ਇਸਦਾ ਪ੍ਰਭਾਵ ਵਾਮਨ ਮਲ੍ਹਾਰ ਦੇ ਮਨ 'ਤੇ ਵੀ ਪਿਆ । ਉਹਨਾਂ ਨੂੰ ਵਧੇਰੇ ਪੜ੍ਹਣ ਦੀ ਜਿਹੜੀ ਚੇਟਕ ਲੱਗੀ ਉਹ ਕਾਲਜ ਦੇ ਵਾਤਾਵਰਨ ਦਾ ਹੀ ਨਤੀਜਾ ਸੀ । ਉਹਨਾਂ ਦੀ ਜਨਮ ਸਿੱਧ ਵਿਚਾਰਧਾਰਕ ਅਤੇ ਸਾਹਿੱਤਕ ਤ੍ਰਿਸ਼ਨਾ ਇਸੇ ਵਾਤਾਵਰਨ ਵਿਚ ਪੂਰੀ ਹੋਈ ।

ਪੂਣੇ ਵਿਚ ਉਨ੍ਹੀਵੀਂ ਸਦੀ ਦੇ ਅੰਤ ਅਤੇ ਵੀਹਵੀਂ ਸਦੀ ਦੇ ਆਰੰਭ ਵਿਚ ਜਿਹੜਾ ਸਮਾਜਿਕ, ਰਾਜਨੀਤਕ ਅਤੇ ਵਿਦਿਅਕ ਵਾਤਾਵਰਨ ਸੀ ਉਸਦਾ ਅਸਰ ਵਾਮਨ ਮਲ੍ਹਾਰ ਦੀ ਸ਼ਖਸੀਅਤ ਉੱਤੇ ਨਿਸ਼ਚਿਤ ਰੂਪ ਵਿਚ ਹੋਇਆ । ਪੂਣੇ ਵਿਚ ਸੁਧਾਰਕ ਤੇ ਸਨਾਤਨੀਆਂ

ਦਾ ਜ਼ੋਰ ਸੀ । ਦੋਹਾਂ ਧਿਰਾਂ ਵਿਚਕਾਰ ਵਿਚਾਰਧਾਰਾ ਦਾ ਜਿਹੜਾ ਤੂਫ਼ਾਨ ਖੜ੍ਹਾ ਹੋਇਆ ਸੀ, ਉਸਨੇ ਸ਼ਾਸਤ੍ਰਾਰਥ ਦਾ ਰੂਪ ਧਾਰਨ ਕਰ ਲਿਆ । ਰਾਜਨੀਤੀ ਦੇ ਖ਼ੇਤਰ ਵਿਚ ਬੇਚੈਨੀ ਵਧ ਰਹੀ ਸੀ । ਸਾਰੇ ਕੁਝ ਦੇ ਸਿੱਟੇ ਵਜੋਂ ਵਾਮਨ ਮਲ੍ਹਾਰ ਹੁਰਾਂ ਦੀ ਪ੍ਰਕਿਰਤੀ ਰਾਸ਼ਟਰਵਾਦੀ ਹੋ ਨਿਬੜੀ । ਇਸੇ ਕਰਕੇ ਉਹਨਾਂ ਨੇ ਕੁਝ ਸਮਾਂ ਵਿਜਾਪੁਰਕਰ ਤੇ ਸਹਿਭਾਗੀ ਬਣਕੇ ਰਾਸ਼ਟਰੀ ਸਿੱਖਿਆ ਕਾਰਜ ਵਿਚ ਬਤੀਤ ਕੀਤਾ । ਵੈਦਿਕ ਕਾਂਡ ਵਿਚ ਜੇਲ੍ਹ ਯਾਤਰਾ ਕਰਨ ਪਿੱਛੋਂ ਉਹਨਾਂ ਨੇ 'ਕੇਸਰੀ ਮਰਾਠਾ' ਅਤੇ ਕੋਲ੍ਹਟਕਰ ਦੇ 'ਮੈਸੇਜ' ਪੱਤਰਾਂ ਵਿਚ ਕੰਮ ਕਰਦਿਆਂ ਬਿਤਾਇਆ । ਇਸ ਪੱਤਰਕਾਰਿਤਾ ਨੇ ਉਹਨਾਂ ਨੂੰ ਕੁਝ ਨਾ ਕੁਝ ਪੜ੍ਹਨ ਦਾ ਮੌਕਾ ਦਿੱਤਾ । ਇਸਤੋਂ ਪਿਛੋਂ ਉਹ ਕਰਵੇ ਦੀ ਮਹਿਲਾ ਵਿੱਦਿਆ ਸੰਸਥਾ ਵਿਚ ਹਿੰਗਣੇ ਵਿਖੇ ਟਿਕੇ ਰਹੇ । ਕੁੜੀਆਂ ਦੀ ਸੰਸਥਾ ਵਿਚ ਟਿਕਣ ਕਰਕੇ, ਪੜ੍ਹੀਆਂ ਲਿਖੀਆਂ ਮੁਟਿਆਰਾਂ ਵਿਚਕਾਰ ਘੁਲਮਿਲ ਕੇ ਰਹਿਣ ਕਾਰਣ ਉਹਨਾਂ ਦਾ ਇਸਤ੍ਰੀ ਪ੍ਰਤੀ ਦ੍ਰਿਸ਼ਟੀਕੋਣ ਵਧੇਰੇ ਉਦਾਰ ਹੋ ਗਿਆ ।

ਵਾਮਨ ਮਲ੍ਹਾਰ ਫ਼ਿਲਾਸਫ਼ੀ ਦੇ ਵਿਦਿਆਰਥੀ ਅਤੇ ਪ੍ਰਾਧਿਆਪਕ ਸਨ । ਇਸ ਕਾਰਣ 'ਵਿਚਾਰ' ਉਹਨਾਂ ਦੀ ਬਿਰਤੀ ਦਾ ਵਿਸ਼ੇਸ਼ ਅੰਗ ਬਣ ਗਏ । ਉਹ ਵਿਚਾਰ ਪਰਮਾਰਥ ਭਾਵ ਅਗਲੀ ਦੁਨੀਆਂ ਵਿਚ ਰਹਿਣ ਵਾਲੇ ਮਨੁੱਖ ਅਤੇ ਸ੍ਰਿਸ਼ਟੀ ਦੇ ਸਬੰਧਾਂ ਦੇ ਮਹੱਤਵਪੂਰਨ ਵਿਚਾਰ ਸਨ । ਮਾਨਵੀ ਜੀਵਨ ਦੀ ਅਪੂਰਨਤਾ ਤੋਂ ਪੂਰਨਤਾ ਵਲ ਯਾਤਰਾ ਉਹਨਾਂ ਦਾ ਵਿਚਾਰ-ਖ਼ੇਤਰ ਸੀ । ਉਹਨਾਂ ਵਿਚ ਗਿਆਨ ਪ੍ਰਾਪਤੀ ਦੀ ਲਾਲਸਾ ਸੀ । ਸਿੱਟੇ ਵਜੋਂ, ਵਾਮਨ ਮਲ੍ਹਾਰ ਕਿਸੇ ਇਕ ਵਕਤੀ ਵਿਚਾਰਧਾਰਾ ਨਾਲ ਨਹੀਂ ਜੁੜੇ । ਕਿਸੇ ਇਕ ਸੰਦਰਭ ਵਿਚ ਮੰਨਣ ਯੋਗ ਵਿਚਾਰ ਦੂਸਰੇ ਸੰਦਰਭ ਭਾਵ ਵੱਖਰੀ ਪਰਿਸਥਿਤੀ ਵਿਚ ਕੀ ਉਨਾਂ ਹੀ ਯਥਾਰਥਕ ਹੁੰਦਾ ਹੈ ? ਕੀ ਉਹ ਉਂਜ ਦਾ ਉਂਜ ਲਾਗੂ ਹੋ ਸਕਦਾ ਹੈ ? ਉਹ ਇਸੇ ਖੋਜ ਵਿਚ ਰੁੱਝੇ ਰਹੇ । ਇਸ ਸਬੰਧ ਵਿਚ 'ਕਵੈਸਟ ਫ਼ਾਰ ਨਾਲਜ' ਸ਼ਬਦ ਆਖਣੇ ਜ਼ਿਆਦਾ ਢੁੱਕਵੇਂ ਹਨ । ਉਹ ਪਵਿੱਤਰ ਗਿਆਨ ਦੇ ਪਿਆਸੇ ਕਿਸੇ ਜਗਿਆਸੂ ਰਿਸ਼ੀ ਵਰਗੇ ਸਨ । ਉਹ ਸਹਿਜੇ ਸਹਿਜੇ ਕਿਸੇ ਇਕ ਵਿਚਾਰ ਬਾਰੇ ਹਠਧਰਮੀ ਨਹੀਂ ਸਨ ਬਣਦੇ । ਸਹੀ ਵਿਚਾਰਧਾਰਾ ਕਾਰਣ, ਹੱਠੀ ਨਾ ਹੋਣ ਕਰਕੇ, ਆਪਣੇ ਸਿਧ-ਪੱਧਰੇ ਤੇ ਸਾਫ਼ ਗੋਅ ਸੁਭਾਉ ਅਤੇ ਹਰ ਇਕ ਦੇ ਵਿਚਾਰਾਂ ਪ੍ਰਤੀ ਹਮਦਰਦੀ ਰੱਖਣ ਕਾਰਣ ਉਹ ਅੜੀਅਲ ਨਹੀਂ ਸਨ । ਉਹ ਦੂਜਿਆਂ ਉੱਪਰ ਠੋਸਣ ਵਾਲੇ ਕਾਹਲੇ ਨਤੀਜੇ ਕੱਢਣ ਦੇ ਹੱਕ ਵਿਚ ਨਹੀਂ ਸਨ ।

ਉਹਨਾਂ ਦੀ ਸ਼ਖ਼ਸੀਅਤ ਸਚਾਈ, ਸੱਜਣਤਾ ਅਤੇ ਸੁੰਦਰਤਾ ਦੇ ਮਨ ਭਾਉਂਦੇ ਤੇ ਖ਼ੁਦ ਅਪਣਾਏ ਹੋਏ ਅਸੂਲਾਂ ਨਾਲ ਸ਼ਿੰਗਾਰੀ ਹੋਈ ਸੀ । ਇਹਨਾਂ ਤਿੰਨ ਗੁਣਾਂ ਨੂੰ ਜੀਵਨ ਦੀ ਵਾਸਤਵਿਕਤਾ ਦਾ ਆਧਾਰ ਬਣਾ ਕੇ, ਜ਼ਿੰਦਗੀ ਦੇ ਉੱਚੇ ਆਦਰਸ਼ ਪ੍ਰਾਪਤ ਕਰਨ ਦੀ ਉਹਨਾਂ ਨੇ ਸਦਾ ਭੂਮਿਕਾ ਨਿਭਾਈ । ਉਹਨਾਂ ਦੀਆਂ ਲਿਖਤਾਂ ਵਿਚ ਇਹੋ ਭੂਮਿਕਾ

ਪ੍ਰਤੀਬਿੰਬਤ ਹੋਈ ਸਾਫ਼ ਦਿਖਾਈ ਦਿੰਦੀ ਹੈ । ਉਹਨਾਂ ਦੁਆਰਾ ਨਿਭਾਈ ਗਈ ਭੂਮਿਕਾ ਕਿਸੇ ਗੁਰੂਕੁਲ ਦੇ ਅਚਾਰੀਆ ਵਰਗੀ ਸੀ ; ਉਸ ਅਚਾਰੀਆ ਜਿਹੀ ਜਿਸ ਨੂੰ ਨੈਤਿਕ ਮੁੱਲਾਂ ਦੀ ਹਮੇਸ਼ਾ ਤਲਾਸ਼ ਰਹੀ ਹੋਵੇ । ਉਸ ਭੂਮਿਕਾ ਦੇ ਸਮੁੱਚੇ ਮੰਤਵਾਂ ਦਾ ਬੋਧ ਕਰਵਾਉਣਾ ਉਹਨਾਂ ਲਈ ਵਧੇਰੇ ਮਹੱਤਵਪੂਰਨ ਗੱਲ ਸੀ । ਗਿਆਨ ਅੰਮ੍ਰਿਤ ਹੈ, ਵਿਸ ਨਹੀਂ, ਉਹਨਾਂ ਵੱਲੋਂ ਆਖੇ ਇਹਨਾਂ ਸ਼ਬਦਾਂ ਨੂੰ ਇੱਥੇ ਦੁਹਰਾਣਾ ਜ਼ਰੂਰੀ ਹੈ ।

ਵਾਮਨ ਮਲ੍ਹਾਰ ਦੀ ਇਹੋ ਜਿਹੀ ਹੀ ਸੌਂਦਰਯ ਕਲਪਨਾ ਸੀ । ਬਾਹਰੀ ਸੁੰਦਰਤਾ ਨਾਲੋਂ ਉਹ ਅੰਦਰਲੀ ਸੁੰਦਰਤਾ ਨੂੰ ਤਰਜੀਹ ਦਿੰਦੇ ਸਨ । ਉਹਨਾਂ ਦੀ ਅੰਤਰਮੁਖੀ ਸੁੰਦਰਤਾ ਦਾ ਸੰਕਲਪ ਉਹਨਾਂ ਵੱਲੋਂ ਕੀਤੇ ਗਏ ਕਰੋੜਾਂ ਨੇਕੀ ਕਾਰਜਾਂ, ਖੇਡਣ ਦੇ ਵਾਤਾਵਰਨ, ਪ੍ਰਫੁੱਲਿਤ ਵਿਚਾਰਾਂ, ਪ੍ਰੌੜ੍ਹ ਧਾਰਨਾਵਾਂ, ਸੂਖ਼ਮ ਤੇ ਮਾਸੂਮ ਮਨੋਹਰ ਹਾਸਿਆਂ 'ਚੋਂ ਲਗਾਤਾਰ ਵਗਦਾ ਦਿਖਾਈ ਦਿੰਦਾ ਹੈ । ਖੁੱਲੀ ਡੁੱਲ੍ਹੀ ਸ਼ਖ਼ਸੀਅਤ, ਵਿਚਾਰਸ਼ੀਲ ਫ਼ਿਤਰਤ ਅਤੇ ਦਾਰਸ਼ਨਿਕ ਹੋਣ ਦੇ ਨਾਤੇ ਉਹ ਕਦੇ ਵੀ ਤਰਕਹੀਨ, ਕਠੋਰ ਅਤੇ ਕ੍ਰੋਧਿਤ ਦਿਖਾਈ ਨਹੀਂ ਸਨ ਦਿੰਦੇ । ਉਹਨਾਂ ਦੀ ਪਿਆਰੀ ਸ਼ਖ਼ਸੀਅਤ ਕਾਵਿ-ਸ਼ਾਸਤ੍ਰ ਦੇ ਹਾਸਿਆਂ ਨਾਲ ਸੰਪੰਨ ਹੋਈ । ਉਹਨਾਂ ਦੇ ਜੀਵਨ-ਪ੍ਰਵਾਹ ਵਿਚ ਨਵੀਂ ਨਕੋਰ ਤੇ ਲਿਸ਼ਕਦਾਰ ਉਤਕੰਠਾ ਦਿਖਾਈ ਦਿੰਦੀ ਹੈ । ਇਸੇ ਕਰਕੇ ਉਹਨਾਂ ਦੇ ਨਾਵਲ ਅਤੇ ਹੋਰ ਵਿਚਾਰ ਭਰਪੂਰ ਰਚਨਾਵਾਂ ਮਰਾਠੀ ਪਾਠਕਾਂ ਨੂੰ ਦਿਲਚਸਪ ਲੱਗਦੀਆਂ ਹਨ ।

Indian In... ...dvance...
116243
23/11/04
SHIMLA

# ਅਧਿਆਤਮਵਾਦ

'ਬਹੁਤ ਵੱਡੇ ਅਧਿਆਤਮਵਾਦੀ', 'ਵਿਚਾਰਵਾਨ', 'ਮਹਾਰਾਸ਼ਟਰ ਦੇ ਸੁਕਰਾਤ', ਇਸ ਤਰ੍ਹਾਂ ਦੇ ਲਕਬ ਵਾਮਨ ਮਲ੍ਹਾਰ ਦੀਆਂ ਆਰੰਭਕ ਲਿਖਤਾਂ ਤੋਂ ਪ੍ਰਭਾਵਿਤ ਹੋਕੇ, ਮਹਾਂਰਾਸ਼ਟਰ ਦੇ ਲੋਕਾਂ ਨੇ, ਉਹਨਾਂ ਨੂੰ ਪ੍ਰਦਾਨ ਕੀਤੇ। 'ਵਾਮਨ ਮਲ੍ਹਾਰ ਨੇ ਮਹਾਂਰਾਸ਼ਟਰ ਨੂੰ ਵਿਚਾਰ-ਦ੍ਰਿਸ਼ਟੀ ਦਿੱਤੀ', ਬਹੁਤ ਸਾਰੇ ਲੋਕਾਂ ਦਾ ਇਹ ਵਿਚਾਰ ਹੈ। ਮਹਾਰਾਸ਼ਟਰ ਵਿਚ ਅਨੇਕਾਂ ਚਿੰਤਕ ਹੋਏ ਹਨ। ਇਸ ਲਈ ਮਹਾਰਾਸ਼ਟਰ ਨੂੰ ਵਿਚਾਰਵਾਨਾਂ ਦਾ ਪ੍ਰਾਂਤ ਆਖਿਆ ਜਾਂਦਾ ਹੈ। ਵਾਮਨ ਮਲ੍ਹਾਰ ਨੂੰ 'ਵਿਚਾਰਕ' ਦੀ ਪਦਵੀ ਪ੍ਰੇਮ ਅਤੇ ਪ੍ਰਸ਼ੰਸਾ ਵਜੋਂ ਦਿੱਤੀ ਗਈ। ਇਸ ਗੱਲ ਦਾ ਰਹੱਸ ਜਾਣਨਾ ਜ਼ਰੂਰੀ ਹੈ। ਇਸ ਦ੍ਰਿਸ਼ਟੀ ਤੋਂ ਉਹਨਾਂ ਦੁਆਰਾ ਨੇਪਰੇ ਚਾੜ੍ਹੇ ਗਏ ਕਾਰਜਾਂ ਦਾ ਰਹੱਸ ਅਤੇ ਮਹੱਤਵ ਪੂਰੀ ਤਰ੍ਹਾਂ ਲੋਕਾਂ ਦੇ ਸਾਹਮਣੇ ਨਹੀਂ ਆਇਆ।

ਅੰਗ੍ਰੇਜ਼ੀ ਰਾਜ ਦੇ ਆਗਮਨ ਨਾਲ ਮਹਾਰਾਸ਼ਟਰ ਵਿਚ ਵਿਚਾਰਸ਼ੀਲ, ਰਾਜਨੀਤਕ, ਸਮਾਜਿਕ ਅਤੇ ਸਭਿਆਚਾਰਕ ਕ੍ਰਾਂਤੀ ਆਉਣੀ ਸ਼ੁਰੂ ਹੋ ਗਈ। ਇਸੇ ਕਰਕੇ ਇਸ ਕਰਕੇ ਪਰੰਪਰਿਕ ਵਿਚਾਰਧਾਰਾ ਨੂੰ ਜਿਸ ਚਣੌਤੀ ਦਾ ਸਾਹਮਣਾ ਕਰਨਾ ਪਿਆ, ਉਸ ਕਾਰਣ ਵਿਚਾਰਾਂ ਦੇ ਖ਼ੇਤਰ ਵਿਚ ਹਲਚਲ ਮਚ ਗਈ। ਵਾਮਨ ਮਲ੍ਹਾਰ ਦੇ ਸਮੇਂ ਅਤੇ ਅਗੇਲਰੇ ਸਮੇਂ ਵਿਚ ਪਰਮਾਰਥਿਕ ਭਾਰਤੀ ਵਿਚਾਰ ਪਰੰਪਰਾ ਅਤੇ ਪੱਛਮੀ ਗਿਆਨ ਵਿਚਕਾਰ ਇਕ ਸੰਘਰਸ਼ ਛਿੜ ਪਿਆ। ਪਰਪੰਚ-ਪ੍ਰਮਾਰਥ, ਲੌਕਿਕ-ਪਾਰਲੌਕਿਕ ਜਗਤ, ਨਵੇਂ-ਪੁਰਾਣੇ ਵਿਅਕਤੀ-ਸਮਾਜ, ਰਾਜਨੀਤਕ-ਸਮਾਜਿਕ, ਬੁੱਧੀ-ਭਾਵਨਾ, ਸਾਧਯ-ਸਾਧਨ, ਕ੍ਰਾਂਤੀ ਵਿਕਾਸ, ਪ੍ਰਯਤਨਵਾਦ-ਦੈਵਵਾਦ, ਰਾਸ਼ਟਰਵਾਦ-ਵਿਸ਼ਵ ਕਟੁੰਬਵਾਦ, ਨਵੀਂ ਨੀਤੀ-ਪੁਰਾਣੀ ਨੀਤੀ, ਪਰੰਪਰਾ-ਨਵੀਨਤਾ ਇਹਨਾਂ ਸਭਨਾਂ ਵਿਚਕਾਰ ਦਵੰਦ ਖੜ੍ਹਾ ਹੋ ਗਿਆ। ਇਸ ਸਥਿਤੀ ਨਾਲ ਨਿਬੜਣ ਲਈ ਪਰੰਪਰਿਕ ਭਾਰਤੀ ਅਤੇ ਪੱਛਮੀ ਵਿਚਾਰਧਾਰਾ ਵਿਚ ਸੁਮੇਲ ਪੈਦਾ ਕਰਨ ਦੇ ਜਤਨ ਹੋਏ। ਸ਼ੰਕਰਾਚਾਰੀਆ ਨਾਲ ਅਰਸਤੂ, ਸੁਕਰਾਤ, ਹੀਗਲ, ਕਾਂਟ ਅਤੇ ਮਿਲ-ਸਪੈਂਸਰ ਦੇ ਵਿਚਾਰਾਂ ਦੀ ਨਿਰਖ਼-ਪਰਖ਼ ਜ਼ਰੂਰੀ ਹੋ ਗਈ। ਅੱਗੋਂ ਇਸ ਵਿਚਾਰਧਾਰਾ ਨਾਲ ਰੱਸਲ, ਫ਼ਰਾਇਡ ਅਤੇ ਮਾਰਕਸ ਆਦਿ ਦੀ ਵਿਚਾਰਧਾਰਾ ਦਾ ਮੇਲ ਹੋਇਆ।

ਇਨ੍ਹਾਂ ਨਵੇਂ ਪੁਰਾਣੇ ਚਿੰਤਕਾਂ ਦੇ ਵਿਚਾਰਾਂ ਨੂੰ ਵਾਮਨ ਮਲ੍ਹਾਰ ਨੇ ਜਗਿਆਸਾ ਅਤੇ

ਪ੍ਰਸ਼ੰਸਾ ਦੀ ਦ੍ਰਿਸ਼ਟੀ ਤੋਂ ਦੇਖਿਆ । ਇਨ੍ਹਾਂ ਵਿਚਾਰਾਂ ਨੂੰ ਆਪਣੀ ਦ੍ਰਿਸ਼ਟੀ ਤੋਂ ਦੇਸ਼-ਕਾਲ ਦੀਆਂ ਪਰਿਸਥਿਤੀਆਂ ਅਨੁਸਾਰ ਢਾਲਿਆ । ਜਿਹੜੇ ਵਿਚਾਰ ਠੀਕ ਤੇ ਕ੍ਰਾਂਤੀਕਾਰੀ ਸਨ, ਉਹਨਾਂ ਨੂੰ ਨਿਰਮਲ ਵਿਵੇਕ ਬੁੱਧੀ ਦੁਆਰਾ ਗ੍ਰਹਿਣ ਕਰ ਲਿਆ । ਇਨ੍ਹਾਂ ਵਿਚਾਰਾਂ ਬਾਰੇ ਉਹਨਾਂ ਦੀ ਬੁੱਧੀ ਸਫ਼ਟਿਕ ਵਾਂਗ ਉੱਜਲ ਅਤੇ ਸਵੱਛ ਸੀ । ਉਹਨਾਂ ਦੇ ਸੁਭਾਉ ਵਿਚ ਹੱਠ ਅਤੇ ਸੰਪ੍ਰਦਾਇਕਤਾ ਲਈ ਕੋਈ ਤਾਂ ਨਹੀਂ ਸੀ । ਉਹਨਾਂ ਦੀ ਪ੍ਰਵਿਰਤੀ ਵੱਖੋ ਵੱਖ ਵਿਚਾਰਾਂ ਵਿਚ ਸੰਤੁਲਨ ਪੈਦਾ ਕਰਨ ਵਾਲੀ ਸੀ । ਉਹ ਪੁਨਰ ਵਿਚਾਰ ਕਰਨ ਲਈ ਤੁਰੰਤ ਤਿਆਰ ਹੋ ਜਾਂਦੇ ਸਨ । ਉਹ ਆਦਰਸ਼ਵਾਦੀ ਹੋਣ ਦੇ ਨਾਲ ਨਾਲ ਯਥਾਰਥਵਾਦੀ ਅਤੇ ਵਿਅਕਤੀਵਾਦੀ ਵੀ ਸਨ । ਉਹ ਆਤਮ ਬੋਧ, ਆਤਮਗਿਆਨ ਅਤੇ ਆਤਮ-ਵਿਕਾਸ ਦਾ ਪਰਚਮ ਉੱਚਾ ਚੁੱਕਣ ਤੇ ਜ਼ੋਰ ਦਿੰਦੇ ਸਨ । ਉਹ ਫ਼ਜ਼ੂਲ ਵਿਚਾਰ ਚਰਚਾ ਨਾਲੋਂ ਜੀਵਨ ਨੂੰ ਸਵਸਥ ਰੱਖਣ ਵਾਲੇ ਵਿਚਾਰ ਠੋਸ ਰੂਪ ਵਿਚ ਅਪਣਾਉਂਦੇ ਸਨ । ਉਹਨਾਂ ਦੀ ਸਾਹਿੱਤ-ਰਚਨਾ ਵਿਚਾਰ ਖ਼ੇਤਰ ਦੀ ਯਾਤਰਾ ਹੈ । ਇਸ ਯਾਤਰਾ ਵਿਚ ਜੋ ਕੁਝ ਦ੍ਰਿਸ਼ਟੀ ਗੋਚਰ ਹੋਇਆ, ਭਾਵ-ਕੁਠਾਲੀ ਨਾਲ ਛੋਹ ਗਿਆ, ਅਨੁਭਵ ਵਿਚ ਆਇਆ ; ਉਹ ਕੁਝ ਸੁਹਿਰਦਤਾ ਸਹਿਤ ਧਾਰਨ ਕਰ ਲਿਆ । ਇਕ ਚਕਿਤਸਕ ਦੀ ਹੈਸੀਅਤ ਵਿਚ ਮਾਨਵ ਜਾਤੀ ਦੀ ਵਿਚਾਰ-ਗ੍ਰਹਿਣ ਮਰਿਆਦਾ ਦਾ ਲਕਸ਼ ਸਾਹਮਣੇ ਰੱਖ ਨਿੰਮ੍ਰਤਾ ਪੂਰਵਕ ਜਗਿਆਸੂ ਪਾਠਕਾਂ ਨੂੰ ਪੇਸ਼ ਕਰ ਦਿੱਤਾ । ਉਹਨਾਂ ਨੇ ਆਪਣੇ ਪਾਠਕਾਂ ਨਾਲ ਖੁੱਲ੍ਹਾ ਸੰਵਾਦ ਰਚਾਉਣ ਦੀ ਕੋਸ਼ਿਸ਼ ਕੀਤੀ ।

ਵਾਮਨ ਮਲ੍ਹਾਰ ਦੇ ਲਿਖਤੀ ਵਿਚਾਰਾਂ ਦੀ ਸਮਰੱਥਾ ਜਿੰਨੀਂ ਹੀ ਉਹਨਾਂ ਵਿਚ ਸੁੰਦਰਤਾ ਵੀ ਹੈ । *'ਵਿਚਾਰ-ਸੌਂਦਰਯ', 'ਵਿਚਾਰ-ਵਿਲਾਸ', 'ਵਿਚਰਾ-ਵਿਹਾਰ',* ਉਹਨਾਂ ਦੇ ਵਿਚਾਰ-ਯੁਕਤ ਲੇਖ ਸੰਗ੍ਰਹਿਆਂ ਦੇ ਨਾਂ ਹਨ ।

ਉਹਨਾਂ ਦੇ ਵਿਚਾਰ ਦਾ ਪੱਲਾ ਵਿਸ਼ਵ ਪਰਿਵਾਰ ਨੂੰ ਛੂਹੰਦਾ ਹੈ । ਉਹਨਾਂ ਨਾਲ ਵਿਚਾਰ-ਵਟਾਂਦਰਾ ਕਰਨ ਵਾਲਾ ਜੋ ਪਾਠਕ ਅਤੇ ਸ੍ਰੋਤਾ ਵਰਗ ਸੀ, ਉਸਦਾ ਸਬੰਧ ਸਮਕਾਲੀਨ ਮਹਾਰਾਸ਼ਟਰ ਦੇ ਸੁਸਿੱਖਿਅਤ, ਸੁਹਿਰਦ ਤੇ ਸਭਿਆਚਾਰੀ ਘਰਾਣਿਆ ਨਾਲ ਸੀ । ਨੌਜਵਾਨ ਮਹਾਰਾਸ਼ਟਰੀ ਇਸਤ੍ਰੀ ਮਰਦ ਵਰਗ ਦੇ ਪਰਵਾਰਿਕ ਅਤੇ ਸਮਾਜਿਕ ਪ੍ਰਸ਼ਨਾਂ ਬਾਰੇ ਆਪਣੀਆਂ ਲਿਖਤਾਂ ਅਤੇ ਭਾਸ਼ਣਾਂ ਵਿਚ ਚਰਚਾ ਕਰਕੇ ਉਹਨਾਂ ਦੇ ਹੱਲ ਪੇਸ਼ ਕੀਤੇ ।

ਵਾਮਨ ਮਲ੍ਹਾਰ ਦੇ ਸੱਚੇ ਸੁੱਚੇ ਵਿਚਾਰ 'ਆਧੁਨਿਕ ਸੁਸਿੱਖਿਅਤ ਲੋਕਾਂ ਦੇ ਵੇਦਾਂਤ' ਜਾਂ ਪੜ੍ਹੇ ਲਿਖੇ ਲੋਕਾਂ ਦੀ ਗੀਤਾ ਹਨ । ਤਤਕਾਲੀਨ ਪੜ੍ਹੇ ਲਿਖੇ ਲੋਕਾਂ ਸਾਹਵੇਂ ਜਿਹੜੇ ਪ੍ਰਸ਼ਨ ਚਿੰਨ੍ਹ ਖੜ੍ਹੇ ਹੋ ਗਏ ਸਨ, ਉਹਨਾਂ ਦਾ ਰਾਹ ਲੱਭਣ ਲਈ ਆਪਣੇ ਕਰਤੱਵ ਅਤੇ ਧਰਮ ਦਾ ਸਰੂਪ ਨਿਸਚਿਤ ਕੀਤਾ । ਸੁਘੜ ਬਿਰਤੀ ਦੁਆਰਾ ਵਾਮਨ ਮਲ੍ਹਾਰ ਨੇ ਆਪਣੀਆਂ ਲਿਖਤਾਂ ਅਤੇ ਵਿਚਾਰਾਂ ਵਿਚ ਇਨ੍ਹਾਂ ਪ੍ਰਸ਼ਨਾਂ ਨੂੰ ਉਠਾਇਆ । ਇਸ

ਸਬੰਧ ਵਿਚ ਉਹਨਾਂ ਦੁਆਰਾ ਨਿਭਾਈ ਗਈ ਭੂਮਿਕਾ ਕਠੋਰ ਸੁਭਾਉ ਵਾਲੇ ਅਧਿਆਪਕ ਦੀ ਨਹੀਂ ਸਗੋਂ ਇਕ ਸਨੇਹੀ ਮਿੱਤਰ ਅਤੇ ਮਾਰਗ ਦਰਸ਼ਕ ਦੀ ਹੋ ਨਿਬੜੀ । ਇਸ ਮਾਰਗ ਦਰਸ਼ਨ ਦੀਆਂ ਲਿਖਤਾਂ ਵਿਚ ਵਿਸ਼ਲੇਸ਼ਣ ਅਤੇ ਏਕੀਕਰਨ ਦਾ ਰੂਪ ਪੇਸ਼ ਕੀਤਾ । ਵਿਚਾਰ-ਮਾਰਗ 'ਤੇ ਉਹਨਾਂ ਨੇ ਨਿਸ਼ਚਿਤ ਦਿਸ਼ਾ ਅਖ਼ਤਿਆਰ ਕੀਤੀ । ਸੱਚ ਦਾ ਅੰਤਿਮ ਰਹੱਸ ਉਹਨਾਂ ਨੇ ਬੁੱਝ ਲਿਆ ਸੀ-ਇਹ ਗੱਲ ਵੀ ਨਹੀਂ । ਉਹਨਾਂ ਨੇ ਅਜਿਹਾ ਕੋਈ ਦਾਅਵਾ ਵੀ ਨਹੀਂ ਕੀਤਾ । ਉਹਨਾਂ ਦੀ ਤੀਬਰ ਇੱਛਾ ਵਿਚਾਰਵੰਤ ਮਨੁੱਖ ਵਾਂਗ ਉਤਸੁਕਤਾ ਅਤੇ ਸੰਦੇਹ ਭਰਪੂਰ ਹੈ । ਵਾਮਨ ਮਲ੍ਹਾਰ ਦੇ ਇਸ ਵਿਚਾਰ-ਸੰਚਾਰ ਦਾ ਵਿਸ਼ੇਸ਼ ਮਹੱਤਵ ਨਤੀਜਿਆਂ ਦੇ ਸੰਦਰਭ ਵਿਚ ਨਹੀਂ ਸਗੋਂ ਜਿਸ ਵਿਚਾਰ ਪ੍ਰਕ੍ਰਿਆ ਦਾ ਸਰੂਪ ਉਹਨਾਂ ਸਪਸ਼ਟ ਕੀਤਾ ਹੈ, ਉਹ ਪ੍ਰਕ੍ਰਿਆ ਦਰਸ਼ਨ ਵਿਚ ਮੌਜੂਦ ਹੈ । ਉਹਨਾਂ ਨੇ ਕਿਸੇ ਵੀ ਨਿਸਚਿਤ ਸਰੂਪ ਬਾਰੇ ਇਕੋ ਵਿਚਾਰ ਪੇਸ਼ ਨਹੀਂ ਕੀਤਾ । ਕਿਸੇ ਮੁੱਦੇ ਨੂੰ ਕਿਵੇਂ ਵਿਚਾਰਨਾ ਹੈ, ਉਸ ਬਾਰੇ ਕੁਝ ਨਾ ਕੁਝ ਆਖਿਆ ਜਾ ਸਕਦਾ ਹੈ-ਇਸ ਗੱਲ ਦਾ ਉਹਨਾਂ ਨੂੰ ਮਾਨ ਪ੍ਰਾਪਤ ਸੀ-ਇਹ ਕੁਝ ਵਧੇਰੇ ਸਾਰਥਕ ਹੈ ।

ਕਿਸੇ ਵੀ ਵਿਚਾਰਵੰਤ ਜਾਂ ਦਰਸ਼ਨਵੇਤਾ ਦੇ ਵਿਚਾਰਾਂ ਦੀ ਆਧਾਰਸ਼ਿਲਾ ਉਪਲਬਧ ਗਿਆਨ ਵਿਗਿਆਨ ਉੱਪਰ ਅਤੇ ਜੀਵਨ ਦੇ ਪ੍ਰਸੰਗ ਵਿਚ ਹੁੰਦੀ ਹੈ । ਮੈਂ ਕੌਣ ? ਮੇਰੇ ਜੀਵਨ ਦਾ ਮੰਤਵ ਕੀ ਹੈ ? ਮੇਰੇ ਵਿਸ਼ਵ ਨਾਲ ਕੀ ਸਬੰਧ ਹਨ ? ਵਿਅਕਤੀ ਦੀ ਦ੍ਰਿਸ਼ਟੀ ਤੋਂ ਮੇਰਾ ਸਮਾਜ ਨਾਲ ਕੀ ਰਿਸ਼ਤਾ ਹੈ ? ਪਰਿਵਾਰ ਪ੍ਰਤੀ ਮੇਰਾ ਕੀ ਕਰਤੱਵ ਹੈ ? ਇਸ ਪ੍ਰਕਾਰ ਦੇ ਜੀਵਨ ਨਾਲ ਸਬੰਧਿਤ ਜਿਹੜੇ ਪ੍ਰਸ਼ਨ ਉੱਠਦੇ ਹਨ, ਉਹਨਾਂ ਦੇ ਉੱਤਰ ਲੱਭਣ ਦੀ ਦਿਸ਼ਾ ਵੱਲ ਦਰਸ਼ਨਵੇਤਾਵਾਂ ਦੀ ਵਿਚਾਰਕ ਦ੍ਰਿਸ਼ਟੀ ਅਤੇ ਸ੍ਰਿਸ਼ਟੀ ਸਥਾਪਿਤ ਹੁੰਦੀ ਹੈ ।

ਵਾਮਨ ਮਲ੍ਹਾਰ ਫ਼ਿਲਾਸਫ਼ੀ ਦੇ ਵਿਦਿਆਰਥੀ ਅਤੇ ਅਧਿਆਪਕ ਸਨ । ਉਹਨਾਂ ਦਾ ਭਾਰਤੀ ਫ਼ਲਸਫ਼ੇ ਦੇ ਖ਼ੇਤਰ ਵਿਚ ਵਿਸ਼ੇਸ਼ ਸਥਾਨ ਹੈ । ਉਸ ਗਿਆਨ ਦੀ ਪਾਵਨਤਾ ਉੱਪਰ ਉਹਨਾਂ ਨੂੰ ਮਾਨ ਸੀ । ਉਹਨਾਂ ਦੇ ਵਿਚਾਰ ਮੁੱਖ ਤੌਰ 'ਤੇ ਯੂਰਪੀਨ ਚਿੰਤਕਾਂ ਦੇ ਵਿਗਿਆਨਕ ਵਿਸ਼ਵਾਸ਼ ਅਤੇ ਸੰਸਾਰ ਦੇ ਆਧੁਨਿਕ ਵਿਚਾਰਵਾਨਾਂ ਦੇ ਜੀਵਨ ਬਾਰੇ ਅਧਿਆਤਮਕ ਵਿਚਾਰਾਂ ਤੇ ਆਧਾਰਿਤ ਹਨ । ਵਿਗਿਆਨ-ਵਿਸ਼ਵਾਸ਼, ਬੌਧਿਕਤਾ, ਵਿਕਾਸਵਾਦ, ਗਤੀਸ਼ੀਲਤਾ, ਇਤਿਹਾਸ-ਕ੍ਰਮ, ਬਹੁਗਿਣਤੀ ਦੀ ਭਲਾਈ, ਸਮਤਾ, ਸੁਤੰਤਰਤਾ, ਭਾਈਚਾਰਾ ਤੇ ਲੋਕਧਾਰਾ ਆਦਿ ਅਨੇਕਾਂ ਤੱਤ ਮੰਨਣ ਯੋਗ ਹਨ ।

ਵਾਮਨ ਮਲ੍ਹਾਰ ਦੇ ਅਗਲੇਰੇ ਸਮੇਂ ਦੌਰਾਨ ਮਹਾਰਾਸ਼ਟਰ ਵਿਚ ਰਾਸ਼ਟਰਵਾਦੀ ਵਿਚਾਰਾਂ ਦੀ ਪ੍ਰਧਾਨਤਾ ਸੀ । ਉਹਨਾਂ ਦਾ ਆਰੰਭ ਤੋਂ ਹੀ ਰਾਸ਼ਟਵਵਾਦੀ ਪ੍ਰਵਿਰਤੀ ਵੱਲ ਝੁਕਾਉ ਸੀ । ਕਈ ਸਾਲ ਕੌਮੀ ਅੰਦੋਲਨ ਵਿਚ ਹਿੱਸਾ ਲਿਆ । ਉਹਨਾਂ ਦਾ ਰਾਸ਼ਟਰਵਾਦ

ਅੰਧ-ਵਿਸ਼ਵਾਸੀ ਨਹੀਂ ਸੀ । ਮੁੱਖ ਝੁਕਾਉ ਵਿਸ਼ਵ-ਪਰਿਵਾਰ ਵੱਲ ਸੀ । ਉਹਨਾਂ ਦੇ ਵਿਸ਼ਵ-ਕਟੁੰਬ ਦਾ ਸਬੰਧ ਕੇਸ਼ਵਸੁਤ ਦੀ ਕਵਿਤਾ 'ਨਵਾਂ ਸਿਪਾਹੀ' ਤੋਂ ਪ੍ਰਗਟ ਹੁੰਦਾ ਹੈ ।

ਅਧਿਆਤਮਕ ਖ਼ੇਤਰ ਵਿਚ ਵਾਮਨ ਮਲ੍ਹਾਰ ਦਾ ਪਹਿਲਾ ਸਥਾਨ ਹੈ । ਉਹ ਵਿਅਕਤੀ ਦੇ ਸਰਬ-ਪੱਖੀ ਕਲਿਆਣ, ਉਸਦੇ ਵਿਕਾਸ ਅਤੇ ਸਦੀਵੀਂ ਖ਼ੁਸ਼ੀਆਂ ਵਿਚ ਵਿਸ਼ਵਾਸ਼ ਰੱਖਦੇ ਸਨ । ਇਸਦਾ ਅਰਥ ਵਿਅਕਤੀਵਾਦੀ ਵਿਚਾਰਧਾਰਾ ਦਾ ਹਉਮੈ-ਕੇਂਦ੍ਰਿਤ ਜਾਂ ਸੁਖਵਾਦੀ (Hedonist) ਹੋਣਾ ਨਹੀਂ । ਉਹਦੇ ਵਿਚ ਤਿਆਗ-ਬੁੱਧੀ ਕਰਤੱਵ-ਭਾਵਨਾ ਤੇ ਸ਼ੁਧ ਮਾਨਸਿਕਤਾ ਦਾ ਸਥਾਨ ਹੈ । ਵਿਅਕਤੀ ਦੇ ਸੁੱਖ ਖੋਹਣ ਨਾਲ ਸਮਾਜ ਸੁਖੀ ਨਹੀਂ ਹੁੰਦਾ । ਇੰਜ ਵਿਅਕਤੀ ਵੀ ਦੁਖੀ ਰਹਿੰਦਾ ਹੈ । ਉਹ ਵਿਅਕਤੀ ਨਾਲੋਂ ਉਸਦੇ ਹਿਤਾਂ ਵੱਲ ਝੁਕਾਉ ਰੱਖਦੇ ਸਨ । ਉਹਨਾਂ ਦਾ ਕਹਿਣਾ ਸੀ ਕਿ ਵਿਅਕਤੀ ਦੁਆਰਾ ਕੀਤੇ ਗਏ ਆਤਮ-ਕਲਿਆਣ ਦੇ ਭਰਪੂਰ ਜਤਨਾਂ ਤੋਂ ਬਿਨਾਂ ਸਮਾਜ-ਕਲਿਆਣ ਸੰਭਵ ਨਹੀਂ । ਇਸੇ ਲਈ ਉਹ ਸਮਾਜ ਦੇ ਟਾਕਰੇ ਵਿਅਕਤੀ ਦੇ ਕਰਤੱਵ ਤੇ ਉਸਦੀਆਂ ਭਾਵਨਾਵਾਂ ਨੂੰ ਪਹਿਲ ਦਿੰਦੇ ਸਨ ।

ਸਮਾਜ ਵਿਚ ਮਨੁੱਖ ਦੁੱਖਾਂ ਨਾਲ ਘਿਰਿਆ ਪਿਆ ਹੈ । ਇਸ ਸੰਦਰਭ ਵਿਚ 'ਸੁਸ਼ੀਲਾ ਦਾ ਦੇਵ' ਨਾਵਲ ਵਿਚ-'ਇਹ ਸਾਡੀ ਸਮਾਜਿਕ ਦਸ਼ਾ, ਅਧਿਆਇ ਦੇਖੋ) ਪਰ ਸਮਾਜਿਕ ਕਲਿਆਣ ਵਿਅਕਤੀ ਦੀ ਆਤਮ-ਉਨੱਤੀ ਨਾਲ ਜੁੜਕੇ ਉਸਨੂੰ ਪੂਰਨਤਾ ਪ੍ਰਦਾਨ ਕਰਦਾ ਹੈ । "ਨਿੱਕੇ ਨਿੱਕੇ ਸੁੱਖਾਂ ਲਈ ਤਿਆਗ ਧਾਰਣ ਕਰਕੇ ਜਨਤਾ ਨੂੰ ਸਮਾਨਤਾ ਅਤੇ ਪ੍ਰੇਮ ਭਾਵਨਾ ਦੀ ਦ੍ਰਿਸ਼ਟੀ ਤੋਂ ਦੇਖਣਾ ਅਤੇ ਇਸ ਉਨੱਤੀ ਲਈ ਦਿਨ ਰਾਤ ਜਤਨ ਕਰਨੇ, ਇਸਦਾ ਨਾਂ ਆਤਮ-ਉੱਨਤੀ ਹੈ-' ਇਹ ਉਹਨਾਂ ਦੁਆਰਾ ਪੇਸ਼ ਕੀਤੀ ਗਈ ਆਤਮ-ਉੱਨਤੀ ਦੀ ਵਿਆਖਿਆ ਹੈ ।

ਵਾਮਨ ਮਲ੍ਹਾਰ ਦੀਆਂ ਲਿਖਤਾਂ ਵਿਚ 'Know Thyself' ਦੀ ਸੁਰ ਲਗਾਤਾਰ ਸੁਣਾਈ ਦਿੰਦੀ ਹੈ ਅਤੇ ਉਹਨਾਂ ਦੁਆਰਾ ਗਾਏ ਗਏ ਗਿਆਨ ਰੂਪੀ ਭਜਨ ਵਧੇਰੇ ਮਹੱਤਵਪੂਰਨ ਹਨ । ਮਨੁੱਖ ਜਗਿਆਸੂ ਹੈ । ਉਸਦਾ ਝੁਕਾਉ ਗਿਆਨ ਪ੍ਰਾਪਤੀ ਵੱਲ ਹੈ । ਉਹਨਾਂ ਦੁਆਰਾ ਗਿਆਨ ਦਾ ਮਹੱਤਵ 'ਗਿਆਨ ਵਿਸ ਕਿ ਅੰਮ੍ਰਿਤ' ਲੇਖ ਵਿਚ ਪ੍ਰਭਾਵਸ਼ਾਲੀ ਵਿਧੀ ਰਾਹੀਂ ਪ੍ਰਗਟ ਕੀਤਾ ਗਿਆ ਹੈ । ਕਲਾ ਇਸ ਪ੍ਰਕਾਰ ਦੀ ਅਤੇ ਸੌਂਦਰਯ ਇਸ ਤਰ੍ਹਾਂ ਦਾ ਹੈ- ਇਹ ਗਿਆਨ ਦੀ ਪਛਾਣ ਦਾ ਸੱਚਾ ਅਨੁਭਵ ਹੈ । 'ਗਿਆਨ ਪਰਮ ਆਨੰਦ ਦਿੰਦਾ ਹੈ, ਉਹ ਸੰਸਾਰ ਨੂੰ ਰਮਣੀਕ ਬਣਾਉਂਦਾ ਹੈ । ਗਿਆਨ ਨੀਤੀ ਆਧਾਰਿਤ ਹੁੰਦਾ ਹੈ, ਸੱਚੇ ਧਰਮ ਦਾ ਵਿਰੋਧੀ ਨਹੀਂ ਸਗੋਂ ਉਸਦੇ ਅਨੁਕੂਲ ਹੁੰਦਾ ਹੈ'- ਇਹ ਮੇਰੀ ਕਲਪਨਾ ਹੈ । ਸਾਰਾ ਗਿਆਨ ਆਨੰਦ ਦਾਇਕ ਨਹੀਂ, ਧਰਮ ਦੀ ਪਾਲਨਾ ਕਰਨ ਵਾਲਾ ਵੀ ਨਹੀਂ । ਇਸੇ ਲਈ ਮੈਂ ਕਹਿੰਦਾ ਹਾਂ, ਮੈਨੂੰ ਗਿਆਨ ਚਾਹੀਦਾ

ਹੈ, ਧਰਮ ਨਾਲ ਜੋ ਮਰਜ਼ੀ ਪਿਆ ਹੋਵੇ । ਅਗਿਆਨ ਆਧਾਰਿਤ ਧਰਮ ਮੈਨੂੰ ਪਰਵਾਨ ਨਹੀਂ ।

ਘੋੜੇ ਦੀਆਂ ਅੱਖਾਂ ਉੱਪਰ ਖੋਪੇ ਬੰਨ੍ਹ ਕੇ, ਇਹ ਦੇਖਣ ਲਈ ਕਿ ਉਸਨੂੰ ਦਿਖਾਈ ਤਾਂ ਨਹੀਂ ਦਿੰਦਾ, ਤੁਸੀਂ ਇਕ ਚੱਕਰ ਕਟਾਉਂਦੇ ਹੋ । ਇੰਜ ਹੀ ਮੇਰੇ ਕੋਲੋਂ ਕਿਸੇ ਵਿਸ਼ੇਸ਼ ਪਰਿਸਥਿਤੀ ਦਾ ਸਹੀ ਗਿਆਨ ਛੁਪਾ ਕੇ ਮੈਨੂੰ ਜੇਕਰ ਕੋਈ ਰਵਾਇਤੀ ਗਾਡੀ-ਰਾਹ ਉੱਪਰ ਲੈ ਜਾਣ ਦੀ ਕੋਸ਼ਿਸ਼ ਵੀ ਕਰਦਾ ਹੈ ਤਾਂ ਉਸ ਵਿਰੁਧ ਬਗ਼ਾਵਤ ਕਰਨਾ ਮੇਰਾ ਫ਼ਰਜ਼ ਬਣਦਾ ਹੈ । 'ਗਿਆਨ-ਮੋਕਸ਼' ਭਾਵ ਗਿਆਨ ਦੁਆਰਾ ਮੁਕਤੀ ਪ੍ਰਾਪਤ ਹੁੰਦੀਂ ਹੈ । ਇਹ ਕੁਝ ਸ਼ਾਸ਼ਤ੍ਰ ਆਖਦੇ ਹਨ । 'ਗਿਆਨਨ ਨਰਕ' ਕਹਿ ਕੇ ਜੇ ਕੋਈ ਮੈਨੂੰ ਧਮਕੀ ਦਿੰਦਾ ਹੈ ਤਾਂ ਮੈਂ 'ਤਤਮੇਵ ਸ਼ਰਣੰ ਮਮ' ਭਾਵ ਆਪ ਹੀ ਮੇਰੀ ਸ਼ਰਣ ਹੋ, ਗਿਆਨ ਨੂੰ ਹੀ ਆਖਦਾ ਹਾਂ । ਗਿਆਨ ਵਿਚ ਸੁਖ ਹੈ, ਪਰ ਉਹ ਸੁਖ ਘਟੀਆ ਦਰਜੇ ਦਾ ਹੈ । "Ignorance is bliss" ਇਹ ਕਿਸਨੂੰ ? ਸਿਰਫ਼ ਪਸ਼ੂਆਂ ਨੂੰ । ਗਿਆਨ ਨਾਲ ਜ਼ਿੰਮੇਵਾਰੀਆਂ ਵਧੇਰੇ ਵਧਣਗੀਆਂ, ਪਾਪਾਂ ਦੀ ਜਾਣਕਾਰੀ ਵਧੇਰੇ ਤੀਬ੍ਰਤਾ ਨਾਲ ਹੋਵੇਗੀ, ਜਾਚਕ ਪ੍ਰਸ਼ਨ ਵਧੇਰੇ ਪੈਦਾ ਹੋਣਗੇ ਕਿਉਂਕਿ ਗਿਆਨ ਤਾਂ ਗਿਆਨ ਹੀ ਹੈ । ਇਸ ਨੂੰ ਛੱਡਕੇ ਅਗਿਆਨ ਦਾ ਪੱਲਾ ਫੜਣਾ ਵਿਚਾਰੇ ਮਨੁੱਖ ਲਈ ਸੰਭਵ ਨਹੀਂ ।"

ਉੱਕਾ ਹੀ ਸਾਊ ਦਿਖਾਈ ਦੇਣ ਵਾਲੇ ਵਾਮਨ ਮਲ੍ਹਾਰ ਗਿਆਨ ਰੂਪੀ ਭਜਨ ਗਾਉਂਦੇ ਹੋਏ ਉਹਨਾਂ ਦੇ ਰੰਗ ਵਿਚ ਰੰਗੇ ਜਾਂਦੇ ਸਨ, ਇਨੀਂ ਮਸਤੀ ਵਿਚ ਵੀ ਦ੍ਰਿੜ-ਸੰਕਲਪ ਹੁੰਦੇ ਸਨ, ਇਹ ਕੁਝ ਉਕਤ ਉਦਗਾਰਾਂ ਤੋਂ ਸਪਸ਼ਟ ਹੈ । ਗਿਆਨ ਬਾਰੇ ਵਿਰੋਧੀ ਵਿਚਾਰਾਂ ਦਾ ਖੰਡਨ ਉਹਨਾਂ ਨੇ 'ਗਿਆਨ ਵਿਸ ਕਿ ਅੰਮ੍ਰਿਤ' ਨਿਬੰਧ ਵਿਚ ਕੀਤਾ ਹੈ । 'ਗਿਆਨ ਤੋਂ ਪ੍ਰਾਪਤ ਹੋਣ ਵਾਲੇ ਉੱਚੇ ਸਾਤਵਿਕ ਆਨੰਦ ਦੀ ਯੋਗਤਾ ਬਹੁਤ ਵੱਡੀ ਹੈ । ਆਰੰਭ ਵਿਚ ਭਾਵੇਂ ਕਿੰਨਾਂ ਵੀ ਅਸੰਤੋਸ਼ ਕਿਉਂ ਨਾ ਹੋਵੇ ਅਤੇ ਤੁੱਛ ਮਨੋਵਿਕਾਰਾਂ ਕਾਰਣ ਕਿੰਨੀਂ ਹੀ ਮਨ 'ਚ ਕਾਲਖ਼ ਭਰੀ ਹੋਈ ਹੋਵੇ, ਇਹ ਸਭ ਕੁਝ ਗਿਆਨ ਦੇ ਸਾਤਵਿਕ ਆਨੰਦ ਕਾਰਣ ਦਿਲ ਵਿਚ ਰਹਿੰਦੀ ਹੀ ਨਹੀਂ ।' ਇਹ ਵਿਚਾਰ ਇਸ ਨਿਬੰਧ ਦੇ ਅੰਤ ਵਿਚ ਵਧੇਰੇ ਜ਼ੋਰਦਾਰ ਸ਼ਬਦਾਂ ਵਿਚ ਸਪਸ਼ਟ ਕੀਤੇ ਗਏ ਹਨ ।

ਵਾਮਨ ਮਲ੍ਹਾਰ ਦੀ ਗਿਆਨ ਕਲਪਨਾ ਵੇਦ-ਪ੍ਰਮਾਣਿਕਤਾ ਅਤੇ ਗ੍ਰੰਥ ਪ੍ਰਮਾਣਿਕਤਾ ਵਾਂਗ ਅਧਿਕਾਰ ਯੁਕਤ ਨਹੀਂ । ਲੋਕ ਮਾਨਯ ਤਿਲਕ ਵਾਂਗ ਉਹਨਾਂ ਦੀ ਭੂਮਿਕਾ 'ਪ੍ਰਮਾਣ ਬੁੱਧੀ ਵੇਦੇਸ਼ੁ ਨਹੀਂ' ਭਾਵ ਵੇਦ ਦੇ ਵਿਸ਼ੇ ਵਿਚ ਪ੍ਰਮਾਣ ਬੁੱਧੀ ਨਹੀਂ । ਉਹਨਾਂ ਦਾ ਬਲ ਬੁੱਧੀਵਾਦ ਉੱਤੇ ਹੈ । ਉਹਨਾਂ ਦਾ ਬੁੱਧੀਵਾਦ ਕਠੋਰ ਤੇ ਸੱਖਣਾ ਤਰਕ ਨਹੀਂ, ਉਸ ਵਿਚ ਪ੍ਰੇਮ ਤੇ ਭਾਵਨਾਵਾਂ ਦਾ ਸੁਮੇਲ ਦਿਖਾਈ ਦਿੰਦਾ ਹੈ । 'ਫਲਾਂ ਕਹਾਣੀ ਚੰਗੀ ਜਾਂ ਮੰਦੀ, ਸੱਚੀ ਜਾਂ ਝੂਠੀ ਇਹ ਨਿਸਚਿਤ ਕਰਨ ਦੀ ਅੰਤਿਮ ਕਸੌਟੀ ਸਾਸਤ੍ਰ ਜਾਂ ਅਧਿਕਾਰਯੁਕਤ ਬੋਲਾਂ ਨੂੰ ਸਵੀਕਾਰ ਨਾ ਕਰਦੇ ਹੋਏ ਆਪਣੀ ਵਿਵੇਕ ਬੁੱਧੀ ਨੂੰ ਹੀ

ਅੰਤਿਮ ਕਸੌਟੀ ਮੰਨਣਾ ਬੁੱਧਵਾਦੀ ਹੋਣਾ ਹੈ ।' ਇਹ ਉਹਨਾਂ ਦੇ ਬੁੱਧੀਵਾਦ ਬਾਰੇ ਵਿਚਾਰ ਹਨ । ਉਹਨਾਂ ਦੇ ਸੱਚੇ ਸੁੱਚੇ ਵਿਚਾਰਾਂ ਵਿਚ ਭਾਵਨਾਵਾਂ ਨੂੰ ਯੋਗ ਸਥਾਨ ਪ੍ਰਾਪਤ ਹੈ । ਕੇਵਲ ਵਿਚਾਰ ਜਾਂ ਬੁੱਧੀਵਾਦ ਨਾਲ ਜੀਵਨ ਦੇ ਸਾਰੇ ਪ੍ਰਸ਼ਨ ਹੱਲ ਨਹੀਂ ਹੁੰਦੇ । ਉਹ ਬੁੱਧੀਵਾਦ ਨਾਲ ਸਾਤਵਿਕ ਭਾਵਨਾ ਅਤੇ ਸਮਾਜਿਕ ਦ੍ਰਿਸ਼ਟੀਕੋਣ ਨੂੰ ਜੋੜਦੇ ਸਨ । ਉਹਨਾਂ ਦੇ ਨਾਵਲਾਂ ਵਿਚ ਇਸ ਤੱਥ ਦੀ ਗਵਾਹੀ ਮਿਲਦੀ ਹੈ । ਬੁੱਧੀਵਾਦ ਤੇ ਪ੍ਰੇਮ 'Sweetness and light' ਦਾ ਸੁਮੇਲ ਕਰਨ ਲਈ ਵਾਮਨ ਮਲ੍ਹਾਰ ਨੇ ਵਿਸ਼ੇਸ਼ ਲਕਸ਼ ਦੀ ਪੂਰਤੀ ਕੀਤੀ ।

ਗੀਤਾ ਵਿਚ 'ਸ਼ਕਿਤ ਪ੍ਰਤਿਭਾ' ਵਾਮਨ ਮਲ੍ਹਾਰ ਦਾ ਆਦਰਸ਼ ਸੀ । ਇਸ ਪ੍ਰਤਿਭਾ ਦੇ ਚਿਤਰ 'ਆਸ਼੍ਰਮ ਹਿਰਣੀ' ਵਿਚਲੇ ਰਿਸ਼ੀਆਂ ਮੁਨੀਆਂ ਦੇ ਚਰਿੱਤਰ ਜਾਂ *'ਰਾਗਿਣੀ'* ਵਿਚ ਹਿਮਾਲਾ ਪ੍ਰਬਤ ਉੱਪਰ ਵਿਚਰਨ ਵਾਲੇ ਪ੍ਰਿਯ ਬ੍ਰਹਮ ਸਵਾਮੀ ਦੇ ਚਰਿੱਤਰ ਵਿਚ ਪ੍ਰਤੀਬਿੰਬਤ ਹੁੰਦੇ ਹਨ । ਇਸ ਰਿਸ਼ੀ ਮੁਨੀ ਦੀ ਗਿਆਨ ਲਾਲਸਾ ਪ੍ਰਚੰਡ ਹੋਣ ਕਾਰਣ ਉਹ ਮਾਨਵੀ ਉਦਾਸੀਨਤਾ ਅਤੇ ਅਪੂਰਣਤਾ ਵੱਲ ਕਰੁਣਾ ਦੀ ਦ੍ਰਿਸ਼ਟੀ ਤੋਂ ਦੇਖਦਾ ਹੈ । 'To understand all is to pardon all' ਇਹੋ ਜਿਹਾ ਇਕ ਸੱਚਾ ਸੁੱਚਾ ਸੂਤਰ ਉਹਨਾਂ ਨੇ 'ਇੰਦੂ ਕਾਲ਼ੇ ਅਤੇ ਸਰਲਾ ਭੋਲ਼ੇ' ਵਿਚ ਪ੍ਰਗਟ ਕੀਤਾ ਹੈ । ਵਾਮਨ ਮਲ੍ਹਾਰ ਗਿਆਨ-ਪ੍ਰਾਪਤੀ ਨੂੰ ਮਨੁੱਖ ਦਾ ਅੰਤਿਮ ਨਿਸ਼ਾਨ ਮੰਨਦੇ ਸਨ । ਗਿਆਨ ਨਿਸਫ਼ਲ ਵਸਤੂ ਨਹੀਂ, ਉਸਦੇ ਨਾਲ ਸੱਚ, ਨਿੰਮ੍ਰਤਾ ਅਤੇ ਸੁੰਦਰਤਾ ਦਾ ਸੁਮੇਲ ਕਰਨਾ ਜ਼ਰੂਰੀ ਹੈ ਇਹ ਉਹਨਾਂ ਦਾ ਵਿਚਾਰ ਸੀ । ਇਸੇ ਕਰਕੇ ਉਹਨਾਂ ਦੇ ਨਾਵਲ ਵਿਸ਼ਵ ਵਿਚਾਰ ਪ੍ਰਧਾਨ ਹੋਣ ਦੇ ਨਾਲ ਨਾਲ ਕਲਾਮਈ ਵੀ ਹਨ ।

ਵਾਮਨ ਮਲ੍ਹਾਰ ਦੇ ਗਿਆਨ-ਸੰਕਲਪ-ਉਪਹਾਰ ਵਿਚੋਂ ਭਾਰਤੀ ਅਧਿਆਤਮਕ ਪ੍ਰੀਭਾਸ਼ਾ ਦਾ ਪ੍ਰਵਾਹ ਚਲਦਾ ਹੈ । ਉਹਨਾਂ ਦੇ ਗਿਆਨ ਰੂਪੀ ਵਿਚਾਰਾਂ ਵਿਚ ਸੰਪ੍ਰਦਾਇਕ ਪਰਮਾਰਥਿਕ ਦ੍ਰਿਸਟੀ ਕੋਣ ਲਈ ਬਿਲਕੁਲ ਕੋਈ ਥਾਂ ਨਹੀਂ । ਨਿੱਤ ਦੇ ਮਾਨਵੀ ਜੀਵਨ ਵਿਚ ਭੌਤਿਕ ਸੁੱਖ-ਸੰਪਨਤਾ ਅਤੇ ਮਾਨਸਿਕ ਸ਼ਾਂਤੀ ਕਿਵੇਂ ਵਿਅਕਤ ਹੋਵੇਗੀ ਅਤੇ ਇਹ ਅਪੂਰਣ ਜਗਤ ਪੂਰਣਤਾ ਵੱਲ ਕਿਵੇਂ ਵਧੇਗਾ, ਇਸ ਬਾਰੇ ਵਿਚਾਰ ਕਰਨ ਲਈ ਉਹਨਾਂ ਨੇ ਵਿਸ਼ੇਸ਼ ਜਤਨ ਕੀਤਾ ਹੈ । ਇਹਦੇ ਲਈ ਮਨੁੱਖ ਨੂੰ ਕਿਹੜੇ ਕਿਹੜੇ ਨਿਸ਼ਾਨਿਆਂ ਦੀ ਪੂਰਤੀ ਲਈ ਮਨ ਦੀਆਂ ਡੂੰਘਾਈਆਂ 'ਚੋਂ ਉਪਾਸਨਾ ਕਰਨੀ ਚਾਹੀਦੀ ਏ, ਇਹਦੇ ਲਈ ਉਹ ਸੁਝਾਉ ਪੇਸ਼ ਕਰਦੇ ਹਨ ; ਨਿਸ਼ਾਨਾ ਦੇਵ-ਸਥਾਨ ਤੇ ਸੇਵਾ ਅਤੇ ਭਗਤੀ ਦੁਆਰਾ ਮੁਕਤੀ ਪ੍ਰਾਪਤ ਕਰਨਾ ਹੈ । 'ਨਿਸ਼ਾਨਾ ਇਹੋ ਹੈ ਦੇਵ' ਇਹ ਕੁਝ ਉਹਨਾਂ ਨੇ ਇਕ ਲੇਖ ਵਿਚ ਘੋਸ਼ਿਤ ਕੀਤਾ ਹੈ । ਇਸੇ ਲੇਖ ਦੇ ਵਿਚਾਰਾਂ ਨੂੰ ਉਹਨਾਂ ਨੇ ਵਧੇਰੇ ਖੋਲ੍ਹ ਕੇ *'ਸੁਸ਼ੀਲਾ ਦਾ ਦੇਵ'* ਨਾਵਲ ਵਿਚ ਪੇਸ਼ ਕੀਤਾ । ਵਾਮਨ ਮਲ੍ਹਾਰ ਪਰੰਪਰਿਕ ਅਤੇ ਸੰਪ੍ਰਦਾਇਕ ਅਰਥਾਂ ਵਿਚ ਦੇਵਤਾ ਉੱਪਰ ਵਿਸ਼ਵਾਸ਼ ਨਹੀਂ ਰੱਖਦੇ ਸਨ । ਉਹ ਆਪਣੇ

ਆਪ ਨੂੰ ਆਗਰਕਾਰ ਪੰਥ ਦੇ ਵਿਵੇਕਵਾਦੀ ਆਖਦੇ ਹਨ । ਦੇਵਤਾ 'ਤੇ ਵਿਸ਼ਵਾਸ ਨਾ ਰੱਖਣ ਕਰਕੇ ਉਹਨਾਂ ਦਾ ਮਾਨਵੀ ਜੀਵਨ ਦੇ ਸਦਗੁਣਾਂ 'ਤੇ ਭਰੋਸਾ ਹੈ । 'ਨਿਸ਼ਾਨਾ ਇਹੋ ਹੈ ਦੇਵ' ਇਸ ਨਿਬੰਧ ਵਿਚ ਉਹਨਾਂ ਨੇ ਪ੍ਰਾਚੀਨ ਅਤੇ ਆਧੁਨਿਕ ਦੇਵ ਕਲਪਨਾ ਦੀ ਪਛਾਣ ਪੇਸ਼ ਕੀਤੀ ਹੈ ।

ਸੰਕੇਤਕ ਦੇਵ-ਕਲਪਨਾ ਕਰਕੇ ਮਨੁੱਖ ਦੈਵਵਾਦੀ ਸਥਿਤੀ ਗ੍ਰਹਿਣ ਕਰਦਾ ਹੈ । ਅਜਿਹੀ ਦੇਵ ਕਲਪਨਾ ਤੋਂ ਕਦੇ ਕਦੇ ਮਾਨਵੀ ਉੱਨਤੀ ਵਿਚ ਰੁਕਾਵਟਾਂ ਹੀ ਪੈਦਾ ਹੁੰਦੀਆਂ ਹਨ । ਇਸੇ ਲਈ ਮਾਨਵੀ ਕੋਸ਼ਿਸ਼ਾਂ, ਮਨੁੱਖੀ ਜੀਵਨ ਨੂੰ ਉਤੇਜਿਤ ਕਰਨ ਵਾਲੇ ਸਦਗੁਣਾਂ ਨੂੰ ਵਿਕਸਿਤ ਕਰਨ ਵਾਲੇ ਉਦੇਸ਼ ਨਾਮਕ ਦੇਵ ਨੂੰ ਹੀ ਉਹਨਾਂ ਸਵੀਕਾਰ ਕੀਤਾ ਹੈ । "ਆਪੋ ਆਪਣੇ ਜਿਹੜੇ ਉਦੇਸ਼ ਹਨ ਉਹਨਾਂ ਦੀ ਕਥਨੀ-ਕਰਨੀ ਤੋਂ ਪੂਜਾ ਕਰਨ ਵਾਲਿਆਂ ਅਤੇ ਪੂਜਾ ਕਰਦਿਆਂ ਨੂੰ ਦੇਖਣ ਵਾਲਿਆਂ ਨੂੰ ਹੀ ਮੈਂ ਆਸਤਕ ਸਮਝਦਾ ਹਾਂ ।" ਉਹਨਾਂ ਦਾ ਕਹਿਣਾ ਸੀ : 'ਦੇਵਤਾ ਉੱਪਰ ਵਿਸ਼ਵਾਸ ਰੱਖਣ ਵਾਲਿਆਂ ਨੂੰ ਜਿਹੜਾ ਸਾਤਵਿਕ ਆਨੰਦ ਪ੍ਰਾਪਤ ਹੁੰਦਾ ਹੈ, ਉਸੇ ਪ੍ਰਕਾਰ ਦਾ ਆਨੰਦ ਆਪਣੇ ਨਿਸ਼ਾਨੇ ਜਾਂ ਉਦੇਸ਼ ਦੀ ਪੂਰਤੀ ਕਰਨ ਵਾਲਿਆਂ ਨੂੰ ਵੀ ਹੁੰਦਾ ਹੈ, ਪਰ ਉਹ ਆਨੰਦ ਵਧੇਰੇ ਉੱਚਾ-ਸੁੱਚਾ ਹੁੰਦਾ ਹੈ ।" ਇਹ ਕੁਝ ਉਹਨਾਂ ਨੇ ਉਸੇ ਲੇਖ ਵਿਚ ਲਿਖਿਆ ਹੈ । 'ਉਦੇਸ਼ ਅਤੇ ਦੁੱਖ' ਇਸ ਪ੍ਰਕਾਰ ਦਾ ਬ੍ਰਿਤਾਂਤ *ਇੰਦੂ ਕਾਲ਼ੇ ਸਰਲਾ ਭੋਲ਼ੇ* ਨਾਵਲ ਵਿਚ ਮਿਲਦਾ ਹੈ । ਪਰ ਉਥੇ ਦਿਲਾਸਾ ਇਹ ਦਿੱਤਾ ਹੈ ਕਿ ਉਦੇਸ਼ ਦੀ ਪੂਰਤੀ ਲਈ ਦੁੱਖ ਭੋਗਣੇ ਸਭ ਤੋਂ ਉੱਚਾ ਆਨੰਦ ਹੈ । ਵਿਸ਼ੇਸ਼ ਪ੍ਰਕਾਰ ਦੇ ਦੇਵਤਾ 'ਤੇ ਵਿਸ਼ਵਾਸ ਰੱਖਣ ਦੀ ਬਜਾਇ ਮਨੁੱਖ ਮਾਤਰ ਵਿਚ ਦੇਵ-ਬਿਰਤੀ' ਜਾਗ੍ਰਿਤ ਕਰਨ ਦੀ ਲੋੜ ਉੱਪਰ ਵਾਮਨ ਮਲ੍ਹਾਰ ਵਧੇਰੇ ਜ਼ੋਰ ਦਿੰਦੇ ਸਨ ।

ਵਾਮਨ ਮਲ੍ਹਾਰ ਸੰਪ੍ਰਦਾਇਕ ਅਰਥਾਂ ਵਿਚ ਨਾਸਤਕ ਜਾਂ ਤਿਰਸਕਾਰਵਾਦੀ ਨਹੀਂ ਸਨ । ਸੰਸਾਰ ਵਿਚ ਬਹੁਤ ਸਾਰੇ ਦੁੱਖ ਹਨ, ਦੁਨੀਆਂ ਅਪੂਰਨ ਹੈ, ਮਨੁੱਖ ਭੁੱਲਣਹਾਰ ਹੈ-ਇਹ ਉਹਨਾਂ ਦੀ ਧਾਰਨਾ ਸੀ । ਪਰ ਇਸਦੇ ਨਾਲ ਹੀ ਸੰਸਾਰ ਵਿਗਾਸਸ਼ੀਲ ਹੈ, ਆਨੰਦਮਈ ਹੈ, ਮਨੁੱਖ ਮੂਲ ਰੂਪ ਵਿਚ ਸਤਿ ਪ੍ਰਵਿਰਤੀ ਵਾਲਾ ਹੈ, ਜਗਿਆਸੂ ਹੈ, ਅਤੇ ਗਿਆਨ ਅਭਿਲਾਖੀ ਵੀ-ਇਹ ਉਹਨਾਂ ਦਾ ਦ੍ਰਿੜ ਵਿਸ਼ਵਾਸ਼ ਸੀ । ਇਨਸਾਨੀ ਜ਼ਿੰਦਗੀ ਵਿਚ ਬਹੁਤ ਸਾਰੇ ਦੁੱਖ ਅਗਿਆਨਤਾ, ਨਾ ਸਮਝੀ ਅਤੇ ਸਵਾਰਥੀ ਬੁੱਧੀ ਕਾਰਣ ਪੈਦਾ ਹੁੰਦੇ ਹਨ । ਉਹਨਾਂ ਦੀ ਬਿਰਤੀ ਵਿਸ਼ਵ ਪਰਿਵਾਰਵਾਦੀ ਸੀ । ਇਸ ਕਲਪਨਾ ਦਾ ਵਿਕਾਸ ਦੇਸ਼ ਕਾਲ ਦੀਆਂ ਪਰਿਸਥਿਤੀਆਂ ਤੋਂ ਪਰ੍ਹੇ ਹੁੰਦਾ ਹੈ-ਇਹ ਚੇਤੰਨਤਾ ਉਹਨਾਂ ਨੇ ਪੈਦਾ ਕੀਤੀ । ਵਿਅਕਤੀ ਨੂੰ ਆਪਣਾ ਉਦੇਸ਼ ਜਾਂ ਸਵੈ ਕਰਤੱਵ ਨਿਸ਼ਚਿਤ ਕਰਦਿਆਂ ਸਵੈ-ਪ੍ਰਕ੍ਰਿਤੀ ਦੇ ਨਾਲ ਨਾਲ ਦੇਸ਼ ਕਾਲ ਪਰਿਸਥਿਤੀਆਂ ਦਾ ਧਿਆਨ ਵੀ ਰੱਖਣਾ ਚਾਹੀਦਾ ਹੈ । ਉਹਨਾਂ ਦੇ ਵਿਚਾਰਾਂ ਦਾ ਕੇਂਦਰ-ਬਿੰਦੂ 'ਸਵੈ ਧਰਮ' ਸੀ । ਉਹਨਾਂ ਦੀ

ਸਾਰੀ ਦੀ ਸਾਰੀ ਵਿਚਾਰਧਾਰਾ ਕਾਰਜ ਵਿਵੇਕ ਯੁਕਤ ਅੰਤਹਕਰਣ ਪ੍ਰਵਿਰਤੀ ਅਨੁਸਾਰ ਚੁਣੇ ਹੋਏ ਸਵੈ-ਕਰਤੱਵ ਨਾਲ ਸਬੰਧਿਤ ਹੈ । ਦੇਵ=ਉਦੇਸ਼=ਸਵੈ-ਕਰਤੱਵ ਸ਼ਬਦਾਂ ਵਿਚ ਉਹਨਾਂ ਦੇ ਵਿਚਾਰਾਂ ਦਾ ਸਾਰ ਪੇਸ਼ ਕੀਤਾ ਜਾ ਸਕਦਾ ਹੈ । 'ਤੁਹਾਡੇ ਸ਼ੁੱਧ ਵਿਚਾਰ ਜਿਹੜਾ ਕਰਤੱਵ ਕਰਨ ਲਈ ਆਖਦੇ ਹਨ, ਉਹੋ ਕਰੋ । ਉਹ ਕੁਝ ਨਿੱਤ ਕਰਨ ਨਾਲ ਜਿਹੜਾ ਆਨੰਦ ਮਿਲੇਗਾ ਉਹ ਹੀ ਸੱਚਾ ਤੇ ਸਦਾ ਰਹਿਣ ਵਾਲਾ ਆਨੰਦ ਹੈ । ਉਸ ਤੋਂ ਸੁਖ, ਸਵਰਗ ਪ੍ਰਾਪਤ ਹੁੰਦੇ ਹਨ ਅਤੇ ਆਤਮਾ ਅਮਰ ਹੋ ਜਾਂਦੀ ਹੈ, ਵਾਮਨ ਮਲ੍ਹਾਰ ਨੇ ਇਹ ਵਿਚਾਰ *ਇੰਦੂ ਕਾਲੇ ਅਤੇ ਸਰਲਾ ਭੋਲੇ* ਨਾਵਲ ਵਿਚ ਸਵੈ-ਕਰਤੱਵ ਕਲਪਨਾ ਬਾਰੇ ਸਪਸ਼ਟ ਕੀਤੇ ਹਨ । *'ਰਾਗਿਣੀ'* ਵਿਚ 'ਜੀਵਿਤ ਆਨੰਦ ਭੋਗਣਾ ਹੈ ਜਾਂ ਦੁੱਖ, ਕੀ ਇਹ ਪ੍ਰਸ਼ਨ ਉੱਕਾ ਹੀ ਨਿਗੂਣਾ ਨਹੀਂ ? ਕਰਤੱਵ ਕ੍ਰਮ ਤੁਸੀਂ ਕਰਦੇ ਹੋ ਜਾਂ ਨਹੀਂ, ਤੁਹਾਡਾ ਗਿਆਨ ਤੇ ਨਿੰਮ੍ਰਤਾ ਬੁੱਧੀਗਤ ਹੁੰਦੇ ਹਨ ਜਾਂ ਨਹੀਂ, ਇਹੋ ਮੁੱਖ ਪ੍ਰਸ਼ਨ ਹੈ' ਇਸ ਸੰਦਰਭ ਵਿਚ ਪ੍ਰਿਯ ਬ੍ਰਹਮ ਸਵਾਮੀ ਦੇ ਉਦਗਾਰ ਧਿਆਨ ਯੋਗ ਹਨ । ਵਾਮਨ ਮਲ੍ਹਾਰ ਦਾ ਮਤਲਬ 'ਆਧੁਨਿਕ ਸੁਸਿੱਖਿਅਤ ਲੋਕਾਂ ਦਾ ਵੇਦਾਂਤ' ਤੋਂ ਸਿੱਧ ਹੁੰਦਾ ਹੈ ।

ਵਾਮਨ ਮਲ੍ਹਾਰ ਨੇ ਧਰਮ ਦੀ ਵਿਆਖਿਆ ਸ਼ੁੱਧ ਬੁੱਧੀ ਨਾਲ ਸਬੰਧਿਤ ਕੀਤੀ ਹੈ । ਆਪਣੀ *'ਨੀਤੀ ਸ਼ਾਸਤ੍ਰ ਪ੍ਰਵੇਸ਼'* ਪੁਸਤਕ ਦੇ ਅੰਤ ਵਿਚ ਉਹ ਲਿਖਦੇ ਹਨ-'ਤਰਕ-ਗਿਆਨ ਧਰਮ ਨਿਸ਼ਠਾ ਦਾ ਸਰੀਰ ਹੈ । ਭਾਵਨਾ ਦੀ ਤੇਜੱਸਵੀ ਜੋਤਿ ਨੇ ਗਿਆਨਾਤਮਕ ਸਰੀਰ ਧਾਰਨ ਕਰਕੇ ਆਪਣਾ ਵਾਸ ਉਸ ਵਿਚ ਕਰ ਲਿਆ ਹੈ । ਇਸ ਅਵਸਥਾ ਨੂੰ ਤੁਸੀਂ ਧਰਮ ਦਾ ਨਾਂ ਦਿੰਦੇ ਹੋ ?'

ਵਾਮਨ ਮਲ੍ਹਾਰ ਦਾ ਸ਼ੁੱਧ ਬੁੱਧੀਯੁਕਤ ਸਵੈਧਰਮ ਭਾਵ ਹਰ ਇਕ ਮਨੁੱਖ ਦਾ ਆਪੋ ਆਪਣਾ ਕਰਤੱਵ ਪਾਲਣ ਦਾ ਧਰਮ ਹੈ । ਵਿਅਕਤੀ ਨੂੰ ਆਪਣੇ ਇਸ ਕਰਤੱਵ ਦੀ ਪਛਾਣ ਕਿਵੇਂ ਹੋਵੇ ? ਇਸ ਧਰਮ ਨੂੰ ਨਿਸਚਿਤ ਕਰਨ ਦੀ ਕੁੰਜੀ ਕਿਹੜੀ ਹੈ ? ਕਾਰਜ-ਵਿਵੇਕ ਦਾ ਆਧਾਰ ਕਿਸ ਗੱਲ ਨੂੰ ਨਿਸਚਿਤ ਕਰਨਾ ਹੈ ? ਇਸ ਪ੍ਰਕਾਰ ਦੇ ਚੱਕਰਾਂ ਵਿਚ ਪਾਉਣ ਵਾਲੇ ਪ੍ਰਸ਼ਨਾਂ ਬਾਰੇ ਉਹਨਾਂ ਨੇ ਸੋਚ ਵਿਚਾਰ ਕੀਤੀ । ਬੁੱਧੀਮਾਨ, ਵਿਚਾਰਵਾਨ, ਸ਼ਾਂਤ ਅਤੇ ਸਵਾਰਥ ਰਹਿਤ ਹੋਕੇ, ਕਰਤੱਵ ਨੂੰ ਦਿਸ਼ਾਯੋਗ ਬਣਾਕੇ ਅਪਣਾਉਣ ਦੀ ਦ੍ਰਿਸ਼ਟੀ ਤੋਂ ਸਤਿ, ਨਿੰਮ੍ਰਤਾ ਅਤੇ ਸੌਂਦਰਯ ਦੀ ਜਿਹੜੀ ਉਪਾਸਨਾ ਵਾਮਨ ਮਲ੍ਹਾਰ ਹੁਰਾਂ ਸੁਝਾਈ ਹੈ, ਵਿਲੱਖਣ ਹੈ । ਉਹਨਾਂ ਦੀ ਵਿਚਾਰ ਸ੍ਰਿਸ਼ਟੀ ਅਤੇ ਕਲਾ ਉਪਾਸਨਾ ਵਿਚ ਸ਼ੁੱਚਤਾ ਜਾਂ ਮੁੱਲਾਂ ਨੂੰ ਅਸਾਧਾਰਣ ਮਹੱਤਵ ਦਿੱਤਾ ਗਿਆ ਹੈ ।

'ਸਤਿਅਮ, ਸ਼ਿਵਮ, ਸੁੰਦਰਮ' ਦੀ ਤ੍ਰਿਕੜੀ ਸੁਪ੍ਰਸਿੱਧ ਹੈ । ਇਨ੍ਹਾਂ ਤਿੰਨਾਂ ਦੀ ਉਪਾਸਨਾ ਮਾਨਵੀ ਜੀਵਨ ਦਾ ਮਹੱਤਵਪੂਰਨ ਅਤੇ ਅੰਤਿਮ ਮੁੱਲ ਸਵੀਕਾਰ ਕੀਤਾ ਜਾਂਦਾ ਹੈ । ਇਨ੍ਹਾਂ ਤਿੰਨਾਂ ਵਿਚੋਂ ਸਤਿ (Truth) ਅਤੇ ਸੌਂਦਰਯ (Beauty) ਦਾ ਅੰਤਰ ਭਾਵ ਵਾਮਨ

ਮਲ੍ਹਾਰ ਨੇ ਆਪਣੇ ਅਧਿਆਤਮਕ ਚਿੰਤਨ ਦੀਆਂ ਤਿੰਨਾਂ ਧਾਰਾਵਾਂ ਵਿਚ ਕੀਤਾ ਹੈ । ਉਹਨਾਂ ਦੀ ਨਿਮ੍ਰ ਕਲਪਨਾ (ਸ਼ਿਵਮ) ਦੇ ਸੰਦਰਭ ਵਿਚ ਪੇਸ਼ ਹੋਈ । ਇਸ ਸਬੰਧ ਵਿਚ (ਸਤਿਅਮ, ਸ਼ਿਵਮ, ਸੁੰਦਰਮ) ਸਿਧਾਂਤ ਤ੍ਰਿਕੜੀ ਨੂੰ ਉਹਨਾਂ ਨੇ ਜਿਹੜੀ ਵਿਸ਼ੇਸ਼ ਤਰਤੀਬ ਦਿੱਤੀ ਹੈ, ਉਹ ਵਿਚਾਰਨ ਯੋਗ ਹੈ । ਉਹਨਾਂ ਨੇ ਸਤਿ ਅਤੇ ਸੌਂਦਰਯ ਵਿਚਕਾਰ ਨਿੰਮ੍ਰਤਾ ਦੀ ਸਥਾਪਨਾ ਕੀਤੀ ਹੈ । ਵਾਮਨ ਮਲ੍ਹਾਰ ਸਤਿ, ਨਿੰਮ੍ਰਤਾ, ਅਤੇ ਸੌਂਦਰਯ ਤਿੰਨਾਂ ਤੱਤਾਂ ਦੇ ਉਪਾਸ਼ਕ ਸਨ । ਪਰ ਨਿੰਮ੍ਰਤਾ ਉਹਨਾਂ ਦੀ ਪ੍ਰਕਿਰਤੀ ਦਾ ਸਥਾਈ ਭਾਵ ਹੈ । ਜੀਵਨ ਦੀਆਂ ਸਥਾਈ ਖ਼ੁਸ਼ੀਆਂ, ਸਥਾਈ ਪ੍ਰਸ਼ੰਸਕ ਰੁੱਚੀਆਂ ਇਸੇ ਅਧਿਆਤਮ-ਚਿੰਤਨ ਦੀ ਤ੍ਰਿਕੜੀ ਨਾਲ ਸਬੰਧਿਤ ਹਨ । ਇਹ ਸਿਧਾਂਤ-ਤ੍ਰਿਕੜੀ ਬਾਹਰੋਂ ਬੇਸ਼ਕ ਵਖੋ ਵੱਖਰੀ ਨਜ਼ਰ ਆਉਂਦੀ ਹੈ, ਪਰ ਇਹ ਪਰਸਪਰ ਪੂਰਕ ਅਤੇ ਪਰਸਪਰ ਸਾਪੇਖਕ ਹੈ, ਅੰਤਿਮ ਦ੍ਰਿਸ਼ਟੀ ਇਕੋ ਹੀ ਹੈ, ਇਹ ਵਾਮਨ ਮਲ੍ਹਾਰ ਦੀ ਧਾਰਨਾ ਹੈ । ਇਨ੍ਹਾਂ ਦਾ ਇਕ ਦੂਜੇ ਨਾਲ ਅਤਿਅੰਤ ਨੇੜਲਾ ਸਬੰਧ ਹੈ । ਇਸ ਅਧਿਆਤਮ ਚਿੰਤਨ ਤ੍ਰਿੜੀ ਵਿਚ ਨਿੰਮ੍ਰਤਾ ਨੂੰ ਵਿਚਕਾਰਲਾ ਸਥਾਨ ਦੇਣ ਦੇ ਮਹੱਤਵ ਕਾਰਣ ਸਤਿ ਅਤੇ ਸੌਂਦਰਯ ਵਧੇਰੇ ਦਿਲਕਸ਼ ਹੈ । ਇਸੇ ਲਈ ਵਾਮਨ ਮਲ੍ਹਾਰ ਨਿੰਮ੍ਰਤਾ ਨੂੰ ਵਧੇਰੇ ਮਹੱਤਵ ਦਿੰਦੇ ਹਨ ।

ਵਾਮਨ ਮਲ੍ਹਾਰ ਦੀ ਇਹ ਸਿਧਾਂਤ ਤ੍ਰਿਕੜੀ ਉਹਨਾਂ ਦੇ ਜੀਵਨ ਬਾਰੇ ਵਿਚਾਰਾਂ ਅਤੇ ਸਾਹਿੱਤਕ ਵਿਚਾਰਾਂ ਵਿਚ ਪ੍ਰਗਟ ਹੋਈ । ਸਾਹਿੱਤ ਦੇ ਪ੍ਰਯੋਜਨ ਅਤੇ ਅੰਤਿਮ ਕਦਰਾਂ ਕੀਮਤਾਂ ਨੂੰ ਉਹ ਇਸ ਸਿਧਾਂਤ ਦੀ ਉਪਾਸਨਾ ਦਾ ਆਧਾਰ ਨਿਸਚਿਤ ਕਰਦੇ ਹਨ ।

ਵਾਮਨ ਮਲ੍ਹਾਰ ਦੇ ਸਤਿ-ਵਿਸ਼ੇ ਬਾਰੇ ਵਿਚਾਰਾਂ ਵਿਚ ਜਿਹੜੀ ਵਿਗਿਆਨਕ ਪੱਧਤੀ ਦੁਆਰਾ ਬੁੱਧੀ ਨੂੰ ਪ੍ਰਧਾਨਤਾ ਪ੍ਰਾਪਤ ਹੁੰਦੀ ਹੈ ਉਹ ਸ਼ਾਸਤਰਾਂ ਦਾ ਵਿਕਾਸ ਅਧੂਰਾ ਹੋਣ ਕਰਕੇ ਅਤੇ ਤਰਕ ਵਿਤਰਕ ਦੀ ਸਵੈ-ਸਿੱਧ ਮਰਯਾਦਾ ਦੇ ਕਾਰਣ ਸ਼ਾਸਤਰ ਅਤੇ ਤਰਕ ਦੇ ਸੁਮੇਲ ਨਾਲ ਸਤਿ ਦੀ ਖੋਜ ਕਰਨ ਲਈ ਸ਼ੁੱਧ ਅੰਤਹਕਰਣ ਪ੍ਰਵਿਰਤੀ ਨਾਲ ਹੀ ਜੋੜ ਦੇਣੀ ਚਾਹੀਦੀ ਹੈ । ਇਹ ਉਹਨਾਂ ਦਾ ਕਥਨ ਸੀ । ਜਿਵੇਂ ਪਹਿਲਾਂ ਕਿਹਾ ਗਿਆ ਹੈ, ਸਤਿ ਵਿਚਕਾਰ ਸਵੈ-ਸਿੱਧ ਪਵਿੱਤਰਤਾ ਹੈ । ਪ੍ਰਤੀਤ ਕੀਤੀ ਗਈ ਸਚਾਈ ਦੀ ਪ੍ਰਹਿਲਾਦ ਵਾਂਗ ਉਪਾਸ਼ਨਾ ਕਰਨ ਦਾ ਆਦੇਸ਼ ਉਹਨਾਂ ਨੇ ਸਾਹਿੱਤ ਸੰਮੇਲਨ ਦੀ ਪ੍ਰਧਾਨਗੀ ਕਰਨ ਵੇਲੇ ਆਪਣੇ ਸਾਹਿੱਤ-ਭਗਤਾਂ ਨੂੰ ਦਿੱਤਾ ਹੈ[6] । ਇਸ ਸਤਿ ਬਾਰੇ ਜ਼ੋਰਦਾਰ ਮਤ ਪੇਸ਼ ਕਰਦਿਆਂ ਦੇਸ਼-ਕਾਲ ਪਾਤਰ-ਪਰਿਸਥਿਤੀ ਬਾਰੇ ਵਿਚਾਰਨਾ ਚਾਹੀਦਾ ਹੈ । ਸੱਚਾਈ ਦਾ ਯੋਗ ਅਯੋਗ ਪ੍ਰਕਾਰ ਨਾਲ ਹੋਣ ਕਰਕੇ ਉਹ ਅੱਗ ਦੀ ਖੇਡ ਹੋ ਨਿਬੜਦਾ ਹੈ । ਇਹ ਸੰਦੇਹ ਉਹਨਾਂ ਨੇ ਆਪਣੇ ਨਾਟਕ 'ਅੱਗ ਦੀ ਖੇਡ' ਦੁਆਰਾ ਕੀਤਾ ਹੈ ।

ਸਤਿ ਕਿੰਨਾਂ ਵੀ ਸ੍ਰੇਸ਼ਟ ਹੈ, ਉਸਨੂੰ ਤੋੜ ਨਿਭਾਉਣ ਦੀ ਯੋਗਤਾ ਸਾਹਮਣੇ ਖਲੋਤੇ ਵਿਅਕਤੀ ਵਿਚ ਕਿੰਨੀਂ ਕੁ ਹੈ, ਇਹ ਕੁਝ ਦੇਖਣਾ ਚਾਹੀਦਾ ਹੈ । ਜਿੰਨਾਂ ਕੋਈ ਬੋਝ

ਚੁੱਕ ਸਕਦਾ ਹੋਵੇ ਉਸਨੂੰ ਉੱਨਾਂ ਹੀ ਦੇਣਾ ਚਾਹੀਦਾ ਹੈ । ਇਸ ਵਿਵੇਕ ਵੱਲ ਵਾਮਨ ਮਲ੍ਹਾਰ ਵਿਸ਼ੇਸ਼ ਧਿਆਨ ਦਿੰਦੇ ਸਨ । ਸਤਿ ਅੰਤਿਮ ਰੂਪ ਵਿਚ ਏਕਾਤਮ ਅਤੇ ਅਖੰਡ ਹੈ । ਇਸੇ ਲਈ ਉਸ ਵਿਚ ਭਿੰਨ ਭੇਦ ਰੱਖਣਾ ਪੈਂਦਾ ਹੈ, ਪੂਰਣ ਸਤਿ ਅਤੇ ਇਕ-ਪਾਸੜ ਸਤਿ ਵਿਚਕਾਰ ਵੰਡ ਕਰਨੀ ਪੈਂਦੀ ਹੈ-ਇਹ ਵਾਮਨ ਮਲ੍ਹਾਰ ਦਾ ਸੁਝਾਉ ਸੀ । 'ਆਤਮਾ ਨੂੰ ਪੂਰਨ ਸੰਤੁਸ਼ਟਤਾ ਮਿਲੇਗੀ ਤਾਂ ਸਤਿ ਪੂਰਨ ਹੈ, ਪਰ ਜਿਸ ਯੋਗ ਸਾਧਨਾ ਨਾਲ ਆਤਮਾ ਦੇ ਇਕ ਅੰਗ ਨੂੰ ਹੀ ਸੰਤੁਸ਼ਟੀ ਪ੍ਰਾਪਤ ਹੋਵੇਗੀ ਉਹ ਅਧੂਰਾ ਸਤਿ ਹੈ', ਇਹ ਵਿਚਾਰ *ਨੀਤੀ ਸ਼ਾਸਤ੍ਰ ਪ੍ਰਵੇਸ਼'* ਵਿਚ ਪੇਸ਼ ਕੀਤੇ ਗਏ। ਸਤਿ ਦੇ ਅਨੇਕਾਂ ਪਹਿਲੂ ਹਨ, ਉਹਨਾਂ ਦੀ ਪ੍ਰਤੀਤੀ ਪ੍ਰਕ੍ਰਿਤੀ ਦੀ ਭਿੰਨਤਾ ਅਨੁਸਾਰ ਅਨੇਕਾਂ ਅੰਗਾਂ 'ਚ ਕਿਉਂ ਨਾ ਪਈ ਹੋਵੇ, ਭਿੰਨ ਭਿੰਨ ਹੀ ਰਹੇਗੀ । ਇਹ ਕੁਝ ਜਾਣ ਕੇ ਹੀ ਜੀਵਨ-ਵਿਹਾਰ ਕਰਨਾ ਠੀਕ ਹੈ-ਇਹ ਵਾਮਨ ਰਾਓ ਦਾ ਸੁਝਾਉ ਸੀ ।

ਸਤਿ ਵਾਂਗ ਵਾਮਨ ਮਲ੍ਹਾਰ ਪਾਵਨਤਾ ਅਤੇ ਨੀਤੀ ਦਾ ਸਬੰਧ ਸ਼ੁੱਧ ਮਾਨਸਿਕਤਾ ਨਾਲ ਜੋੜਦੇ ਹਨ । ਨੀਤੀ ਦੇ ਬੀਜ ਪ੍ਰੇਮ ਵਿਚ ਹਨ । ਉਹਨਾਂ ਦੀ 'ਨੀਤੀ ਸ਼ਾਸਤ੍ਰ ਪ੍ਰਵੇਸ਼' ਪੁਸਤਕ ਵਿਚ ਵੱਖੋ ਵੱਖ ਸੰਕਲਪਾਂ ਦੀ ਵਿਚਾਰ-ਚਰਚਾ ਮਿਲਦੀ ਹੈ । ਇਸ ਚਰਚਾ ਵਿਚੋਂ ਹੀ ਉਹਨਾਂ ਨੇ 'ਨੈਤਿਕਤਾ ਦਾ ਬੀਜ ਪ੍ਰੇਮ' ਦਾ ਸਿੱਟਾ ਪੇਸ਼ ਕੀਤਾ । ਨੀਤੀ ਦਾ ਉਦੇਸ਼ ਆਤਮ ਪ੍ਰੀਖਿਆ ਦੁਆਰਾ ਠੀਕ ਠੀਕ ਨਿਸਚਿਤ ਕਰਨਾ ਹੈ । ਨੈਤਿਕਤਾ ਦਾ ਸਬੰਧ ਬਾਹਰਮੁਖੀ ਕਰਮ ਕਾਂਡ ਨਹੀਂ ਸਗੋਂ ਅੰਤਹਕਰਣ ਦੀ ਸ਼ੁੱਧੀ ਨਾਲ ਹੈ । ਨੀਤੀ ਖੁਸ਼ਕ ਹੋਣ ਦੀ ਥਾਂ ਕੋਮਲ ਬੁੱਧੀ ਨਾਲ ਸਬੰਧ ਰੱਖਦੀ ਹੈ-ਵਾਮਨ ਮਲ੍ਹਾਰ ਇਹ ਆਖਦੇ ਸਨ ।

ਉਹ ਨੈਤਿਕਤਾ ਅਤੇ ਰੂੜ੍ਹੀਗਤ ਦੇ ਵਿਚਾਰਾਂ ਵਿਚ ਫ਼ਰਕ ਕਰਦੇ ਹਨ । ਇਸ ਸੰਦਰਭ ਵਿਚ ਉਹ ਪੁਰਾਤਨ ਪਰੰਪਰਿਕ ਨੈਤਿਕ ਵਿਚਾਰਾਂ ਅਤੇ 1930 ਈ. ਤੋਂ ਪਿੱਛੋਂ ਦੇ ਪਰੰਪਰਾ ਵਿਰੋਧੀ ਰੱਸਲ-ਫ਼ਰਾਇਡ ਦੇ ਪ੍ਰਚਲੱਤ ਵਿਚਾਰਾਂ ਬਾਰੇ ਠੀਕ ਸਮੇਂ ਸਿਰ ਨਿਰਣਾ ਕਰਦੇ ਹਨ । ਉਹਨਾਂ ਦੀ ਪੁਸਤਕ 'ਵਿਚਾਰ-ਵਿਹਾਰ' ਵਿਚ 'ਨਵੀਂ ਵਿਚਾਰਧਾਰਾ ਬਾਰੇ ਮੇਰੇ ਕੁਝ ਵਿਚਾਰ' ਨਾਮੀ ਲੇਖ ਇਸ ਦ੍ਰਿਸ਼ਟੀ ਤੋਂ ਵਧੇਰੇ ਮਹੱਤਵਪੂਰਨ ਹੈ । ਨੈਤਿਕਤਾ ਬਾਰੇ ਨਵੀਆਂ ਨਵੀਆਂ ਕਲਪਨਾਵਾਂ ਕਿੰਨੀਆਂ ਹੀ ਕ੍ਰਾਂਤੀਕਾਰੀ ਸਨ, ਇਸਦੇ ਬਾਵਜੂਦ ਵਾਮਨ ਮਲ੍ਹਾਰ ਘਬਰਾਏ ਨਹੀਂ । ਉਹਨਾਂ ਨੇ ਸੁਹਿਰਦਤਾ ਨਾਲ ਸਪਸ਼ਟ ਵਿਚਾਰ ਪੇਸ਼ ਕੀਤੇ । ਉਹਨਾਂ ਦੀ ਚੰਗੀ ਤਰ੍ਹਾਂ ਨਿਰਖ-ਪਰਖ ਕੀਤੀ । ਸੰਪ੍ਰਦਾਇਕ ਨੈਤਿਕਤਾ ਅਤੇ ਉੱਚ ਨੈਤਿਕਤਾ ਵਿਚਕਾਰ ਲਕੀਰ ਵਾਹ ਕੇ ਉਹ ਉੱਚ ਨੈਤਿਕਤਾ ਲਈ ਸਹਾਇਕ ਅਤੇ ਜੀਵਨ ਲਈ ਕਲਿਆਣਕਾਰੀ ਸਿੱਧ ਹੋਣ ਵਾਲੇ ਵਿਚਾਰਾਂ ਨੂੰ ਅਪਣਾਉਂਦੇ ਸਨ । ਨਵੀਂ ਨੈਤਿਕ ਦ੍ਰਿਸ਼ਟੀ ਤੋਂ ਜਿਹੜੇ ਵਿਚਾਰ ਇਸਤ੍ਰੀ ਮਰਦ ਦੇ ਸਬੰਧਾਂ ਨੂੰ ਪ੍ਰਗਟਾਉਂਦੇ ਹਨ ਉਹ ਉਹਨਾਂ ਦਾ ਆਦਰ ਅਤੇ ਸਵਾਗਤ ਕਰਦੇ ਸਨ । ਇਸ ਸਬੰਧ ਵਿਚ ਖਰੀ ਨੈਤਿਕਤਾ ਬਾਰੇ ਕੁਝ ਸੂਤਰ 'ਸੁਸ਼ੀਲਾ ਦਾ ਦੇਵ' ਨਾਵਲ ਵਿਚ ਅੰਕਿਤ ਹਨ । ਇਸਤ੍ਰੀ ਪੁਰਸ਼

ਦੇ ਸਬੰਧਾਂ ਵਿਚ ਬਾਹਰੋਂ ਅਸੰਕੇਤਿਕ ਦਿਖਾਈ ਦੇਣ ਵਾਲੇ ਸੂਤਰ ਖਰੀ ਨੈਤਿਕਤਾ ਦੀ ਦ੍ਰਿਸ਼ਟੀ ਤੋਂ ਕਿਵੇਂ ਯੋਗ ਹਨ, ਇਸਦਾ ਪ੍ਰਗਟਾਵਾ ਉਹਨਾਂ ਨੇ ਸਿਮ੍ਰਿਤ ਲਹਿਰੀਂ ਵਿਚ ਕੀਤਾ ਹੈ ।

ਉਹਨਾਂ ਦੀ ਨਵੀਂ ਨੈਤਿਕਤਾ ਵਿਚ ਕੇਵਲ ਮੂਰਤੀ ਨੂੰ ਤੋੜਣ ਲਈ ਤੋੜਣ ਜਿਹੀ ਕੋਈ ਸਥਿਤੀ ਨਹੀਂ । ਪਰੰਪਰਾ ਵਿਚ ਜੋ ਕੁਝ ਸੁੰਦਰ, ਪਵਿੱਤਰ ਅਤੇ ਕੁਲੀਨ ਹੈ ਉਹ ਉਸਨੂੰ ਆਦਰ ਸਹਿਤ ਸਵੀਕਾਰ ਕਰਦੇ ਸਨ । ਉਦਾਹਰਣ ਵਜੋਂ ਵਿਆਹ-ਸੰਸਥਾ । ਇਸ ਸੰਸਥਾ ਅਧੀਨ ਉਹ ਬਾਲਗ-ਵਿਆਹ, ਪੁਨਰ ਵਿਆਹ ਅਤੇ ਪ੍ਰੇਮ-ਵਿਆਹ ਨੂੰ ਮਾਨਤਾ ਦਿੰਦੇ ਸਨ । ਵਿਆਹ ਸੰਸਥਾ ਦੀ ਪਵਿੱਤਰਤਾ ਕਾਇਮ ਰੱਖਣਾ ਉਹਨਾਂ ਨੂੰ ਅਤਿਅੰਤ ਚੰਗਾ ਲੱਗਦਾ ਸੀ । *'ਆਸ਼੍ਰਮਹਿਰਣੀ'* ਵਿਚ ਸੁਲੋਚਨਾ ਦਾ ਦੋ ਪਤੀਆਂ ਨਾਲ ਰਿਸ਼ਤਾ ਬਾਹਰੋਂ ਕਿੰਨਾਂ ਵੀ ਵਚਿੱਤਰ ਲੱਗਦਾ ਹੋਵੇ, ਪਰ ਖ਼ਾਸ ਹਾਲਤ ਅਧੀਨ ਉਹ ਰਿਸ਼ਤਾ ਪਵਿੱਤਰ ਅਤੇ ਕਲਿਆਣਕਾਰੀ ਕਿਵੇਂ ਬਣਦਾ ਹੈ, ਇਹ ਕੁਝ ਸਪਸ਼ਟ ਕੀਤਾ ਗਿਆ ਹੈ । ਸਾਧਾਰਣ ਪਰਿਸਥਿਤੀ ਵਿਚ ਵਾਪਰਨ ਵਾਲੇ ਨੇਮ ਅਤੇ ਅਪਵਾਦਾਤਮਕ ਪਰਿਸਥਿਤੀ ਦੇ ਨੇਮਾਂ ਵਿਚ ਉਹ ਸਪਸ਼ਟ ਅੰਤਰ ਕਰਦੇ ਹਨ । ਕਿਸੇ ਖ਼ਾਸ ਪ੍ਰਸੰਗ ਵਿਚ ਨੇਮਾਂ ਦਾ ਉਲੰਘਣ ਜਾਇਜ਼ ਹੈ । ਅਕਾਰਣ ਜੋੜ-ਤੋੜ ਕਰਨਾ ਉਚਿਤ ਨਹੀਂ । ਪਰੰਪਰਿਕ ਵਿਚਾਰ ਦ੍ਰਿਸ਼ਟੀ ਤੋਂ 'ਵਿਆਹੁਤਾ ਇਸਤ੍ਰੀਆਂ ਦੇ ਕਰਤੱਵ' ਲੇਖ *'ਵਿਚਾਰ-ਲਹਿਰੀ'* ਵਿਚ ਧਿਆਨਯੋਗ ਹੈ ।

ਵਾਮਨ ਮਲ੍ਹਾਰ ਨੇ ਨਿੰਮ੍ਰਤਾ ਬਾਰੇ ਉਦੇਸ਼ ਪੂਰਵਕ ਵਿਚਾਰ ਪੇਸ਼ ਕਰਦਿਆਂ ਆਖਿਆ, "ਸਤਿ ਵਾਂਗ ਨਿੰਮ੍ਰਤਾ ਦੇ ਪਰਮ ਤੱਤ ਪ੍ਰਾਪਤ ਨਹੀਂ ਹੋਏ । ਉਹ ਦੇਸ਼ ਕਾਲ ਦੀਆਂ ਪਰਿਸਥਿਤੀਆਂ ਤੋਂ ਪਰ੍ਹੇ ਹਨ । ਦੇਸ਼ਕਾਲ ਅਨੁਸਾਰ ਉਹਨਾਂ ਦਾ ਨਿਰਾਲਾ ਆਕਾਰ ਅਤੇ ਰੰਗ ਰੂਪ ਹੁੰਦਾ ਹੈ । ਉਹ ਵੱਖੋ ਵੱਖ ਕ੍ਰਿਆਵਾਂ ਦੁਆਰਾ ਵਿਅਕਤ ਹੁੰਦੇ ਹਨ । ਕਦੇ ਸਿਰ-ਫੋੜਨ ਵਿਚ ਭਲਾਈ ਹੁੰਦੀ ਹੈ ਅਤੇ ਕਦੇ ਸਿਰਾਂ ਦੇ ਕਤਲ ਰੋਕਣ ਵਿਚ । ਨਿੰਮ੍ਰਤਾ ਜਾਂ ਨੇਕੀ ਦੀ ਵਿਕੋਲਿਤਰੀ ਵਿਆਖਿਆ ਨਹੀਂ ਕੀਤੀ ਜਾ ਸਕਦੀ । ਉਹ ਸੱਚੀ ਨੈਤਿਕਤਾ ਅਤੇ ਪ੍ਰੇਮ ਨਾਲ ਸਬੰਧ ਰੱਖਦੀ ਹੈ ।"[8]

ਵਾਮਨ ਮਲ੍ਹਾਰ ਦੀ ਸੌਂਦਰਯ ਸਬੰਧੀ ਭੂਮਿਕਾ ਤੋਂ ਜ਼ਾਹਿਰ ਹੈ ਕਿ ਉਹ ਸੁਤੰਤਰ ਸੌਂਦਰਯ ਦੀਆਂ ਕਦਰਾਂ ਕੀਮਤਾਂ ਨੂੰ ਨਹੀਂ ਮੰਨਦੇ । ਸਤਿ, ਇਹ ਪ੍ਰਕ੍ਰਿਤੀ ਵਜੋਂ ਸੁੰਦਰ ਨਹੀਂ-ਕਿਸੇ ਸੰਦਰਭ ਵਿਚ ਉਹਨਾਂ ਨੇ ਇਹ ਕੁਝ ਆਖਿਆ (ਡਾ. ਕੇਤਕਰ ਦੇ ਨਾਵਲ ਬਾਰੇ ਵਿਚਾਰ) । ਉਹ ਸੌਂਦਰਯ ਕਲਪਨਾ ਵਿਚ ਪ੍ਰਮਾਣ ਬੱਧਤਾ ਅਤੇ ਸੁੰਦਰਤਾ ਦੇ ਅੰਸ਼ਾਂ ਦਾ ਅੰਤਰ ਭਾਵ ਪ੍ਰਗਟ ਕਰਦੇ ਹਨ । ਇਸੇ ਲਈ ਉਹਨਾਂ ਦੇ ਸੌਂਦਰਯ ਸਬੰਧੀ ਵਿਚਾਰਾਂ ਵਿਚ ਬਾਹਰਲੇ ਅਕਾਰਾਂ ਦੀ ਬਜਾਇ ਅੰਦਰਲੀ ਸੁੱਚਤਾ ਵਧੇਰੇ ਮਹੱਤਵਪੂਰਣ ਹੈ । ਉਹਨਾਂ ਨੂੰ ਵੇਸਵਾ ਬਿਰਤੀ ਵਾਲੀ ਸੁੰਦਰ ਇਸਤ੍ਰੀ ਨਾਲ ਨਫ਼ਰਤ ਹੈ । ਉਹ ਬਦਸੂਰਤ ਦਿਖਾਈ ਦੇਣ ਵਾਲੀ ਸ਼ੀਲਵੰਤੀ ਦੇ ਆਂਤਰਿਕ ਸੌਂਦਰਯ ਨਾਲ ਮੋਹ ਦੀ ਪ੍ਰਤੀਤੀ ਦਾ

ਅਨੁਭਵ ਕਰਦੇ ਹਨ । ਉਹਨਾਂ ਦੇ ਕਲਾ-ਨੀਤੀ ਬਾਰੇ ਵਿਚਾਰ ਇਸੇ ਦ੍ਰਿਸ਼ਟੀ ਤੋਂ ਵਿਕਸਿਤ ਹੋਏ ।

ਵਾਮਨ ਮਲ੍ਹਾਰ ਦੇ ਅਧਿਆਤਮਕ ਵਿਚਾਰਾਂ ਦਾ ਪਹਿਲਾ ਰੂਪ ਕੀ ਸੀ-ਇਸਦੀ ਤਲਾਸ਼ ਵਿਚ ਅੜਚਣ ਪੈਦਾ ਹੁੰਦੀ ਹੈ । ਉਹਨਾਂ ਨੇ ਆਪਣੀ ਵਿਚਾਰ-ਪ੍ਰਣਾਲੀ ਨੂੰ ਤਰਤੀਬ ਦੇਣ ਦਾ ਕੰਮ ਇਕ ਸੰਗ੍ਰਹਿਤ ਰੂਪ ਲੇਖਨ-*'ਨੀਤੀ ਸ਼ਾਸਤ੍ਰ ਪ੍ਰਵੇਸ਼'* ਵਿਚ ਵੀ ਨਹੀਂ ਕੀਤਾ । ਉਹਨਾਂ ਦੇ ਨਾਵਲ ਲਲਿਤ ਕਲਾ ਦਾ ਭਾਗ ਹਨ, ਇਸ ਲਈ ਉਹਨਾਂ ਵਿਚ ਸੁਤੰਤਰ ਰੂਪ ਵਿਚ ਵਿਚਾਰ ਨਹੀਂ ਹੋ ਸਕੀ । *'ਸੁਕਰਾਤ ਦੇ ਸੰਵਾਦ'* ਇਕ ਅਨੁਵਾਦਿਤ ਰਚਨਾ ਹੈ । ਉਹਨਾਂ ਦੇ ਵੱਡੇ ਭਰਾ ਮਹਾਂਦੇਵ ਮਲ੍ਹਾਰ ਜੋਸ਼ੀ ਦੀ 'ਆਧੁਨਿਕ ਸੁਸਿੱਖਿਅਤਾ ਦਾ ਵੇਦਾਂਤ' ਪੁਸਤਕ ਦੇ ਪਰਿਵਿਸ਼ਟ ਵਿਚ ਦਿੱਤੇ ਗਏ ਵਿਚਾਰ ਸੁਤੰਤਰ ਹੋਣ ਦੀ ਥਾਂ ਪ੍ਰਤੀਕ੍ਰਿਆਵਾਂ ਦੇ ਰੂਪ ਵਿਚ ਹਨ । ਉਹਨਾਂ ਦੇ ਵਿਚਾਰਾਂ ਦਾ ਰੂਪ ਨਿਸ਼ਚਿਤ ਕਰਨ ਲਈ *'ਵਿਚਾਰ-ਵਿਲਾਸ', 'ਵਿਚਾਰ-ਸੌਂਦਰਯ', 'ਵਿਚਾਰ ਲਹਿਰੀ'* ਜਾਂ ਫੁਟਕਲ ਲੇਖ ਸੰਗ੍ਰਹਿਆਂ ਨੂੰ ਮੁੱਖ ਰੂਪ ਵਿਚ ਆਧਾਰ ਬਣਾਉਣਾ ਪੈਂਦਾ ਹੈ । ਇਨ੍ਹਾਂ ਸੰਗ੍ਰਿਹਆਂ ਵਿਚ ਉਹਨਾਂ ਦੇ ਵਿਚਾਰ ਅਨੇਕਾਂ ਪ੍ਰਸੰਗਾਂ ਵਿਚ ਪ੍ਰਗਟ ਹੋਣ ਕਾਰਣ ਸ਼ਬਦਾਂ ਦੇ ਦੁਹਰਾਉ ਨਾਲ ਭਰੇ ਹੋਏ ਹਨ ਤੇ ਇਸੇ ਲਈ ਅਕੇਂਵੇਂ ਭਰੇ ਹਨ । ਕਿਸੇ ਵੀ ਨਵੇਂ ਪੁਰਾਣੇ ਵਿਚਾਰ ਨੂੰ ਵਾਮਨ ਮਲ੍ਹਾਰ ਮੂਲ ਰੂਪ ਪੱਧਤੀ ਅਤੇ ਨਵੇਂ ਗਿਆਨ ਦੀ ਲੋਅ ਵਿਚ ਨਵੀਨਤਾ ਪੈਦਾ ਕਰ ਦਿੰਦੇ ਹਨ । ਉਹਨਾਂ ਦੀ ਦ੍ਰਿਸ਼ਟੀ ਵੇਦਾਂ ਦੇ ਅਭਿਆਸ ਵੱਲ ਨਹੀਂ ਸੀ । ਇਹ ਦ੍ਰਿਸ਼ਟੀ ਰਸਿਕ ਖੇਡ-ਤਮਾਸ਼ਿਆਂ ਵੱਲ ਹੋਣ ਕਾਰਣ ਸੁਭਾਵਿਕਹ ਹੀ ਉਹਨਾਂ ਦੇ ਵਿਚਾਰ ਦਰਸ਼ਨ ਵਿਚ ਸੌਂਦਰਯ ਮਿਲਦਾ ਹੈ । ਉਹਨਾਂ ਦੀ ਬਿਰਤੀ ਆਲੋਚਨਾਤਮਕ ਸੀ ਉਹ ਦੂਜਿਆਂ ਦੀ ਆਲੋਚਨਾ ਕਰਨ ਦੀ ਬਜਾਇ ਆਪਣੀ ਆਲੋਚਨਾ ਕਰਦੇ ਸਨ ।

ਸੁਕਰਾਤ ਉਹਨਾਂ ਦਾ ਮਨ ਭਾਉਂਦਾ ਲੇਖਕ ਅਤੇ ਸ਼੍ਰੀ ਮਦ ਭਗਵਤ ਗੀਤਾ ਮਨ-ਪਸੰਦ ਗ੍ਰੰਥ ਸੀ । ਉਹ ਇਨ੍ਹਾਂ ਦੋਵਾਂ ਨੂੰ ਪ੍ਰਸ਼ੰਸਾ ਅਤੇ ਆਲੋਚਨਾਤਮਕ ਬੁੱਧੀ ਦੁਆਰਾ ਦੇਖਦੇ ਸਨ । ਉਹਨਾਂ ਨੇ ਲੋਕਮਾਨਯ ਤਿਲਕ ਦੇ 'ਗੀਤਾ ਰਹੱਸ' ਨੂੰ ਆਲੋਚਨਾ ਦੀ ਦ੍ਰਿਸ਼ਟੀ ਨਾਲ ਜਾਂਚਿਆ । ਉਹ ਕੁਝ ਸਮੇਂ ਲਈ ਲੋਕ ਮਾਨਯ ਤਿਲਕ ਦੀ ਸੰਗਤ ਵਿਚ ਇਕੋ ਘਰ ਵਿਚ ਰਹੇ । ਇਸੇ ਲਈ ਉਹ ਗੋਪਾਲ ਗਣੇਸ਼ ਆਗਰਕਰ ਦੇ ਨੇੜੇ ਸਨ । ਮਹਾਰਾਸ਼ਟਰੀ ਵਿਚਾਰਕਾਂ ਵਿਚੋਂ ਉਹਨਾਂ ਨੂੰ ਖ਼ੁਦ ਆਗਰਕਾਰ ਵਧੇਰੇ ਨਜ਼ਦੀਕੀ ਲਗਦੇ ਸਨ । ਉਹ ਆਪਣੇ ਆਪ ਨੂੰ ਆਗਰਕਰ ਸੰਪ੍ਰਦਾਇ ਦੇ ਵਿਵੇਕਵਾਦੀ ਅਖਵਾਉਂਦੇ ਸਨ । ਸਤਿ ਉੱਪਰ ਵਿਸ਼ਵਾਸ, ਤੱਤ ਜਗਿਆਸਾ, ਸਮਾਜ ਚਿੰਤਨ, ਬੌਧਿਕਤਾ ਅਤੇ ਸ਼ੁੱਧ ਚਰਿੱਤਰ ਦੇ ਪ੍ਰਸੰਗ ਵਿਚ ਦੋਵਾਂ ਵਿਚ ਕਾਫ਼ੀ ਸਮਾਨਤਾ ਹੈ । ਆਗਰਕਰ ਦੇ ਜੀਵਨ ਵਿਚਲੀ ਆਚਰਣਕ ਸਮਰੱਥਾ ਵਾਮਨ ਮਲ੍ਹਾਰ ਕੋਲ ਨਹੀਂ । ਵਾਮਨ ਮਲ੍ਹਾਰ ਨੇ ਆਚਾਰ

ਦੀ ਥਾਂ ਉਚਾਰਣ ਵਿਧੀ 'ਤੇ ਸੰਤੁਸਟੀ ਪ੍ਰਗਟ ਕੀਤੀ । ਆਪਣੀ ਮਰਿਆਦਾ ਨੂੰ ਕਦੀ ਨਹੀਂ ਵਿਸਾਰਿਆ *'ਵਿਚਾਰ-ਸੌਂਦਰਯ'* ਵਿਚ 'ਮੈਂ ਅਤੇ ਮੇਰੇ ਆਲੋਚਕ' ਲੇਖ ਦੁਆਰਾ ਉਹਨਾਂ ਆਪਣੇ ਆਪ ਨੂੰ ਕਰਮਵਾਦੀ ਕ੍ਰਾਂਤੀਕਾਰ ਦਾ ਨਾਂ ਦਿੱਤਾ ਹੈ ।

ਵਾਮਨ ਮਲ੍ਹਾਰ ਸੁਤੰਤਰ ਰੂਪ ਵਿਚ ਦਰਸ਼ਨਵੇਤਾ ਨਹੀਂ ਸਨ, ਪਰ ਨਿਰਸੰਦੇਹ ਉਹ ਦਾਰਿਸ਼ਨਿਕ ਵਿਚਾਰਾਂ ਦੇ ਸ਼੍ਰੇਸ਼ਟ ਅਧਿਆਪਕ ਸਨ । ਇਕ ਆਦਰਸ਼ ਅਧਿਆਪਕ ਦੇ ਸਾਰੇ ਗੁਣ ਉਹਨਾਂ ਵਿਚ ਮੌਜੂਦ ਸਨ । ਇਸੇ ਲਈ ਇਹ ਆਖਿਆ ਜਾਂਦਾ ਹੈ ਕਿ 'ਮਹਾਰਾਸ਼ਟਰ ਦੇ ਲੋਕਾਂ ਨੂੰ ਉਹਨਾਂ ਨੇ ਵਿਚਾਰ-ਵਟਾਂਦਰਾ ਕਰ ਦੀ ਜਾਚ ਸਿਖਾਈ ।' ਮੇਰੇ ਅਨੁਭਵ ਅਤੇ ਵਿਚਾਰਾਂ ਬਾਰੇ ਉਹ *'ਵਿਚਾਰ ਲਹਿਰੀ'* ਵਿਚ ਆਪਣੇ ਲੇਖ ਦੁਆਰਾ ਸਪਸ਼ਟ ਕਰਦੇ ਹਨ-'ਹਰ ਕਿਸੇ ਨੇ ਆਪਣੀ ਪ੍ਰਮਾਣਿਕ ਸਮਝ ਮੁਤਾਬਿਕ ਵਿਹਾਰ ਕਰਨਾ ਹੈ, ਪਰ ਦੂਜਿਆਂ ਦੀ ਸਮਝ ਦਾ ਵੀ ਸਤਿਕਾਰ ਕਰਨਾ ਜ਼ਰੂਰੀ ਹੈ ।' ਉਹਨਾਂ ਦਾ ਆਪਣਾ ਆਚਰਣ ਸਾਰੀ ਉਮਰ ਇਸੇ ਸੂਤਰ ਵਿਚ ਬੱਝਾ ਰਿਹਾ । ਉਹਨਾਂ ਨੇ ਆਪਣੇ ਦੁਆਰਾ ਰਚਿਤ ਭਾਵਪੂਰਤ ਸਾਹਿੱਤ ਦਾ ਅਧਿਐਨ ਕਰਨ ਅਤੇ ਸੁਤੰਤਰ ਰੂਪ ਵਿਚ ਨਿਝੱਕ ਹੋਕੇ ਸਤਿ ਦੀ ਤਲਾਸ਼ ਕਰਨ ਵੱਲ ਮਹਾਰਾਸ਼ਟਰ ਨੂੰ ਰੁਚਿਤ ਕੀਤਾ । ਵਿਚਾਰ ਖ਼ੇਤਰ ਵਿਚ ਉਹਨਾਂ ਦਾ ਇਹ ਕਾਰਜ ਸਦਾ ਯਾਦ ਰਹੇਗਾ ।

ਇਸ ਪ੍ਰਕਰਣ ਦਾ ਅੰਤ ਕਰਨ ਤੋਂ ਪਹਿਲਾਂ ਵਾਮਨ ਮਲ੍ਹਾਰ ਬਾਰੇ ਇਕ ਇਤਰਾਜ਼ ਬਾਰੇ ਥੋੜ੍ਹਾ ਕੁ ਵਿਚਾਰ ਕਰਨਾ ਉਚਿਤ ਹੋਵੇਗਾ । ਵਾਮਨ ਮਲ੍ਹਾਰ ਦੇ ਵਿਚਾਰ ਖ਼ੇਤਰ ਵਿਚ ਸਨਾਤਨੀ ਨਿਰਮਲ ਬਿਰਤੀ ਦੀ ਪ੍ਰਸ਼ੰਸਾ ਹੋਣ ਕਾਰਣ ਉਹਨਾਂ ਨੂੰ ਕਾਫ਼ੀ ਸਮੇਂ ਤੀਕ 'ਸ਼ੱਕੀ ਆਤਮਾ' ਨਾਂ ਨਾਲ ਸੰਬੋਧਨ ਕੀਤਾ ਗਿਆ । ਪੱਖ-ਵਿਪੱਖ ਦੇ ਉਸ ਯੁੱਧ ਕਾਰਣ ਵਾਮਨ ਮਲ੍ਹਾਰ ਦਾ ਦਿਲ ਭਰ ਆਇਆ । ਪੱਖਪਾਤ ਹੁੰਦਾ ਹੈ, ਪਰ ਪੱਖ-ਦੇਵਸ਼ ਨਹੀਂ ਹੋਣਾ ਚਾਹੀਦਾ ਇਹ ਸ਼ਬਦ ਉਹਨਾਂ ਹਲੀਮੀ ਨਾਲ ਆਖੇ, ਪਰ ਉਸ ਸਮੇਂ ਦੇ ਉੱਚੇ ਸ਼ੋਰ ਸ਼ਰਾਬੇ ਅਤੇ ਪੱਖਪਾਤੀ ਦੁਨੀਆਂ ਵਿਚ ਇਹ ਆਵਾਜ਼ ਕੌਣ ਸੁਣਦਾ ਸੀ ? ਇਸ ਮੰਡਲੀ ਨੇ ਆਪਣੀ ਪੀਹੜੀ ਹੇਠ ਸੋਟਾ ਫੇਰਨ ਦੀ ਥਾਂ ਵਾਮਨ ਮਲ੍ਹਾਰ ਨੂੰ ਸ਼ੰਕਾਵਾਦੀ ਗਰਦਾਨ ਦਿੱਤਾ । ਵਾਸਤਵ ਵਿਚ ਵਾਮਨ ਮਲ੍ਹਾਰ ਵਿਚਾਰਾਂ ਦੇ ਚੱਕਰ ਵਿਚ ਫ਼ਸ ਕੇ ਘਬਰਾਏ ਨਹੀਂ । ਉਹਨਾਂ ਦੇ ਵਿਚਾਰਾਂ ਵਿਚ ਸੰਪ੍ਰਦਾਇਕਤਾ ਜ਼ੁ ਨਹੀਂ ਸੀ । ਵਿਚਾਰਾਂ ਦੇ ਤੌਰ ਤਰੀਕਿਆਂ ਬਾਰੇ ਉਹ ਕਦੇ ਭਰਮ ਭੁਲੇਖਿਆਂ ਵਿਚ ਨਹੀਂ ਸੀ ਪਏ । ਲੇਖਨ ਦੇ ਆਰੰਭ ਤੋਂ ਅੰਤ ਤੀਕ ਉਹਨਾਂ ਦੇ ਵਿਚਾਰਾਂ ਵਿਚ ਸੂਤਰ ਬਧਤਾ ਦਿਖਾਈ ਦਿੰਦੀ ਹੈ । ਸਮੁੱਚੇ ਵਿਚਾਰਾਂ ਵਿਚ ਰਚ ਮਿਚ ਕੇ ਉਹਨਾਂ ਦੀ ਨਿਰਖ ਪਰਖ਼ ਕਰਕੇ ਨਿਰਣੇ ਪੇਸ਼ ਕਰਦੇ, ਕੋਈ ਵੀ ਸਿੱਟਾ ਕਾਹਲੀ ਕਾਹਲੀ ਨਹੀਂ ਸਨ ਕੱਢਦੇ-ਉਹਨਾਂ ਦੀ ਦ੍ਰਿਸ਼ਟੀ ਤੇ ਸਿੱਖਿਆ ਇਹੋ ਜਿਹੀ ਸੀ । ਉਹਨਾਂ ਦੇ ਸਪਸ਼ਟ ਵਿਚਾਰਾਂ ਦੀ ਪ੍ਰਸ਼ੰਸਾ ਕਰਨੀ ਬਣਦੀ ਹੈ । ਸੰਦੇਹਵਾਦੀ ਨਿਸਚਿਤ ਕਰਨ ਵਾਲਿਆਂ ਦੀ ਦ੍ਰਿਸ਼ਟੀ ਬਦਕਿਸਮਤੀ ਨਾਲ ਆਤਮਘਾਤੀ ਦਿਖਾਈ ਦਿੰਦੀ ਹੈ ।

ਵਾਮਨ ਮਲ੍ਹਾਰ ਨੂੰ 'ਸ਼ੰਕਾਵਾਦੀ' ਕਹਿਣ ਦਾ ਇਕ ਪੱਖ ਹੋਰ ਵੀ ਹੈ । ਪ੍ਰਚਲਿਤ ਗਿਆਨ ਬਾਰੇ ਸ਼ੰਕਾ ਕਰਨੀ, ਉਸ ਗਿਆਨ ਦੇ ਕਿਸੇ ਅੰਸ਼ ਬਾਰੇ ਨਵੇਂ ਪ੍ਰਸ਼ਨ ਖੜ੍ਹੇ ਕਰਨੇ, ਉਸਦੇ ਗੁਪਤ ਜਾਂ ਪ੍ਰਗਟ ਪਹਿਲੂਆਂ 'ਤੇ ਬਹਿਸ ਕਰਨੀ, ਉਸਦਾ ਦੂਜਾ ਪੱਖ ਵਿਚਾਰਨਾ, ਪ੍ਰਚਲਿਤ ਗਿਆਨ ਦੇ ਪਸਾਰ ਵਿਚ ਵਿਸੰਗਤੀ ਜਾਂ ਮਰਿਆਦਾ ਨੂੰ ਸਪਸ਼ਟ ਕਰਨਾ ਆਦਿ ਅਨੇਕਾਂ ਤੱਥਾਂ ਦੇ ਅਰਥ ਸ਼ੰਕਾਵਾਦੀ ਹੋਣਾ ਸਮਝੇ ਜਾਂਦੇ ਹਨ । ਇਸ ਤਰ੍ਹਾਂ ਦੀ ਸੰਦੇਹ-ਬਿਰਤੀ (Questioning Attitude) ਨਵੇਂ ਗਿਆਨ ਲਈ ਪ੍ਰੇਰਕ ਅਤੇ ਪੋਸ਼ਕ ਹੈ । ਉਹ ਨਵੇਂ ਗਿਆਨ ਦੀ ਗੰਗੋਤਰੀ ਹੈ । ਨਵੇਂ ਕਾਲ ਵਿਚ ਨੌਜਵਾਨ ਵਿਚਾਰਵਾਨਾਂ ਨੇ ਵਾਮਨ ਮਲ੍ਹਾਰ ਦੀ ਸ਼ੰਕਾ-ਬਿਰਤੀ ਨੂੰ ਕਾਫ਼ੀ ਨੇੜਿਉਂ ਪਰਖਣ ਦੀ ਕੋਸ਼ਿਸ ਕੀਤੀ ਹੈ । ਅੱਗੋਂ ਵੀ ਇਹ ਅਮਲ ਜਾਰੀ ਹੈ । ਵਾਮਨ ਮਲ੍ਹਾਰ ਨੇ ਇਸ ਆਰੋਪ ਦਾ ਖੰਡਨ ਇਨ੍ਹਾਂ ਸ਼ਬਦਾਂ ਦੁਆਰਾ ਕੀਤਾ :

'ਕਿਸੇ ਵੀ ਵਿਸ਼ੇ ਦੇ ਸਾਰੇ ਪੱਖਾਂ ਬਾਰੇ ਹਮਦਰਦੀ ਨਾਲ ਵਿਚਾਰ ਕਰਨ ਦੀ ਮੇਰੀ ਬਿਰਤੀ ਸਪਸ਼ਟ ਹੈ । ਤਾਂ ਵੀ ਇਸਦੀ ਮਹੱਤਤਾ ਬਾਰੇ ਅਜੇ ਤੀਕ ਬਹੁਤ ਸਾਰੇ ਲੋਕਾਂ ਨੂੰ ਪਤਾ ਨਹੀਂ । 'ਸੰਸ਼ਾਤਮਾ ਵਿਨਸ਼ਯਤਿ' ਭਾਵ ਸੰਦੇਹ ਕਰਨ ਵਾਲਾ ਵਿਅਕਤੀ ਖ਼ਤਮ ਹੋ ਜਾਂਦਾ ਹੈ । ਇਹ ਮੈਨੂੰ ਪਤਾ ਹੈ । ਕਈ ਵੇਰਾਂ ਨਿਸਚੇ ਆਤਮਕ ਬਿਰਤੀ ਸਵੀਕਾਰਨੀ ਪੈਂਦੀ ਹੈ ਅਤੇ ਉਸ ਅਨੁਸਾਰ ਹੀ ਚੱਲਣਾ ਪੈਂਦਾ ਹੈ । ਸਿਰਫ਼ ਇਨਾਂ ਹੀ ਨਹੀਂ ਮੈਂ ਉਸ ਮੁਤਾਬਿਕ ਵਿਚਾਰ ਵੀ ਕਰਦਾ ਹਾਂ ਅਤੇ ਦੂਜਿਆਂ ਨੂੰ ਇੱਜ ਕਰਨ ਲਈ ਆਖਦਾ ਵੀ ਹਾਂ-ਪਰ ਇਹ ਕੁਝ ਨਹੀਂ । ਨਿਰਣਾ ਨਾ ਲੈਣ ਦੀ ਸਥਿਤੀ 'ਚ ਠੀਕ ਹੈ । ਸਰਬਾਂਗੀ ਵਿਚਾਰਾਂ ਵਿਚ ਵਿਕਾਰ, ਅਨਿਸ਼ਚਿਤਤਾ ਅਤੇ ਅਪੂਰਣਤਾ ਹੁੰਦੀ ਹੈ । ਇਸ ਪ੍ਰਕਾਰ ਦੀ ਵਿਚਾਰਧਾਰਾ ਨੂੰ ਕਾਹਲ ਵਿਚ ਸਵੀਕਾਰਨ ਨੂੰ ਮੈਂ ਪਾਪ ਸਮਝਦਾ ਹਾਂ । ਕਈ ਗੱਲਾਂ ਅਜੇ ਵੀ ਠੀਕ ਨਿਰਣੇ ਲੈਣ ਦੀ ਅਵਸਥਾ ਵਿਚ ਨਹੀਂ ਹਨ । ਉਹਨਾਂ ਬਾਰੇ ਨਿਰਣਾਤਮਕ ਮੱਤ ਦੇਣ ਦੀ ਲੋੜ ਨਹੀਂ । ਭਰਪੂਰ ਗਵਾਹੀ ਦੀ ਅਣਹੋਂਦ ਵਿਚ ਨਿਰਣਾਤਮਕ ਵਿਚਾਰ ਮੜ੍ਹਣ ਨੂੰ ਮੈਂ ਪਾਪ ਸਮਝਦਾ ਹਾਂ ।'[9]

## ਸੰਦਰਭ

1 'ਗਿਆਨ ਇਹ ਵਿਸ ਕਿ ਅੰਮ੍ਰਿਤ ?' 'ਵਿਚਾਰ ਵਿਲਾਸ' (ਦੂਜੀ-ਛਾਪ) ਪੁਣੇ । ਪੁਣੇ ਵਿਚ 'ਸਾਰਸਵਤ ਮੰਡਲ' ਵਿਚ ਅਤੇ ਬੰਬਈ ਦੇ ਐਲਫਿਨਸਟਨ ਕਾਲਜ ਵਿਚ ਦਿੱਤੇ ਗਏ ਵਿਆਖਿਆਨ ਦੇ ਆਧਾਰ 'ਤੇ ਲਿਖਿਆ ਹੋਇਆ ਲੇਖ ।

2 'ਨਵਮਤਵਾਦ ਬਾਰੇ ਮੇਰੇ ਫੁਟਕਲ ਵਿਚਾਰ', 'ਵਿਚਾਰ-ਵਿਹਾਰ' (ਦੂਜੀ-ਛਾਪ) ਪੁਣੇ 1954 ਪੰਨਾ 11

3 'ਉਦੇਸ਼ ਇਹੋ ਹੈ ਦੇਵ' 'ਵਿਚਾਰ-ਵਿਹਾਰ' ਪੰਨਾ 58-73

4 ਉਹੀ, ਪੰਨਾ 67

ਇੱਥੇ ਧਿਆਨ ਯੋਗ ਗੱਲ *ਸੁਸ਼ੀਲਾ ਦਾ ਦੇਵ* ਨਾਵਲ ਦੇ 24 ਵੇਂ ਕਾਂਡ ਵਿਚ ਸੁਸ਼ੀਲਾ ਦੇ ਮੂੰਹੋਂ ਇਨ੍ਹਾਂ ਅਰਥਾਂ ਵਾਲਾ ਵਿਆਖਿਆਨ ਆਇਆ ਹੈ 'ਮੈਂ ਨਾਸਤਕ ਕੀ ਤੂੰ ਵੀ ਨਾਸਤਕ ?' ਇਸ ਪ੍ਰਸ਼ਨ ਦਾ ਉੱਤਰ ਦਿੰਦਿਆਂ 'ਵਿਸ਼ਵ ਪਰਿਵਾਰ ਦਾ ਉਦੇਸ਼ ਧਾਰਨ ਕਰਨ ਵਾਲੇ ਅਤੇ ਮਿਹਨਤ ਮੁਸ਼ੱਕਤ ਵਿਚ ਤੱਤਪਰ ਰਹਿਣ ਵਾਲੇ ਖਰੇ ਆਸਤਕ' ਆਖੀ ਹੈ ।

5 ਉਹੀ, ਪੰਨਾ 69

6 ਵਿਚਾਰ ਸੌਂਦਰਯ, ਪੰਨਾ 65

7 ਨੀਤੀ ਸ਼ਾਸਤ੍ਰ ਪ੍ਰਵੇਸ਼, ਪੰਨਾ 275

8 ਵਿਚਾਰ ਸੌਂਦਰਯ, ਪੰਨਾ 72

9 'ਮੈਂ ਅਤੇ ਮੇਰੇ ਆਲੋਚਕ', 'ਵਿਚਾਰ-ਸੌਂਦਰਯ' ?

# ਨਾਵਲ ਰਚਨਾ

ਵਾਮਨ ਮਲ੍ਹਾਰ ਦੀ ਪ੍ਰਸਿੱਧੀ ਜਿੰਨੀਂ ਇਕ ਵਿਚਾਰਵਾਨ ਦਰਸ਼ਨਵੇਤਾ ਦੇ ਰੂਪ ਵਿਚ ਹੈ ਉਨੀਂ ਹੀ ਮਰਾਠੀ ਸਾਹਿੱਤ ਵਿੱਚ ਉਸਦੀ ਪ੍ਰਸਿਧੱਤਾ ਇਕ ਨਾਵਲ ਲੇਖਕ ਵਜੋ ਵੀ ਹੈ। ਹਰੀ ਨਾਰਾਇਣ ਆਪਟੇ ਤੋ ਮਗਰੋ ਉਹ ਮਰਾਠੀ ਦੇ ਇਕ ਮਹੱਤਵਪੂਰਣ ਨਾਵਲਕਾਰ ਹਨ। ਹਰੀ ਨਾਰਾਇਣ ਤੋਂ ਪਿੱਛੋਂ ਆਉਣ ਵਾਲੇ ਯੁਗ ਦੇ *'ਰਾਗਿਣੀ'* ਦੇ ਕਰਤਾ ਵਾਮਨ ਮਲ੍ਹਾਰ ਜੋਸ਼ੀ ਹੁਰਾਂ ਦਾ ਨਾਂ ਹੀ ਵਧੇਰੇ ਜਾਣਿਆ ਜਾਂਦਾ ਹੈ। ਸ੍ਰੀ ਪਾਦ ਕ੍ਰਿਸ਼ਨ ਕੋਲ੍ਹਟਕਰ ਨੇ ਵਾਮਨ ਮਲ੍ਹਾਰ ਨੂੰ ਮਰਾਠੀ ਸਾਹਿੱਤ ਦੇ 'ਸਿਧਾਂਤਕ ਨਾਵਲ ਦੇ ਜਨਕ' ਦਾ ਨਾਂ ਦਿੱਤਾ ਹੈ। ਸਿਧਾਂਤਕ ਚਰਚਾ ਵਾਲੇ ਨਾਵਲ ਦੀ ਸ਼ੁਰੂਆਤ ਵਾਮਨ ਮਲ੍ਹਾਰ ਦੁਆਰਾ ਹੋਈ।

ਵਾਮਨ ਮਲ੍ਹਾਰ ਤੋਂ ਪੂਰਵ ਹਰੀ ਨਾਰਾਇਣ ਆਪਟੇ ਨੇ ਮਰਾਠੀ ਨਾਵਲ ਨੂੰ ਕਲਾਤਮਕ ਤੇ ਸਾਹਿੱਤਕ ਰੂਪ ਦੇ ਕੇ ਪ੍ਰਤਿਸ਼ਠਾ ਪ੍ਰਦਾਨ ਕੀਤੀ। 'ਨਾਵਲ ਰਚਨਾ ਦੀ ਤੀਬਰ ਇੱਛਾ ਹਰੀ ਭਾਊ ਦੇ ਮਨ ਵਿਚ ਵਾਸ ਕਰਨ ਕਾਰਣ ਉਹਨਾਂ ਨੇ ਪੱਛਮੀ ਨਾਵਲਾਂ ਦਾ ਅਧਿਐਨ ਕਰਕੇ ਨਾਵਲ ਦੇ ਤੱਤਾਂ ਦੀ ਤਲਾਸ਼ ਕਰਨ ਦੀ ਕੋਸ਼ਿਸ਼ ਕੀਤੀ। ਉਹ ਇਸ ਕਾਰਜ ਵਿਚ ਸਫ਼ਲ ਵੀ ਹੋਏ'।' ਸੁੰਦਰ ਅਭਿਵਿਅਕਤੀ ਕਾਰਣ ਹਰੀ ਭਾਊ ਵਿਚ ਇਕ ਕਲਾਵੰਤ ਜਾਗਰੂਕ ਹੋਇਆ। ਮਰਾਠੀ ਨਾਵਲ ਦੇ ਬਾਲਿਗ਼ ਅਵਸਥਾ ਧਾਰਣ ਸਮੇਂ ਹਰੀ ਭਾਊ ਨੇ ਨਾਵਲ ਨੂੰ ਉਦੇਸ਼ਪੂਰਨ ਅਭਿਵਿਅਕਤੀ ਦੀ ਦ੍ਰਿਸ਼ਟੀ ਤੋ ਸੁੰਦਰ ਰੂਪ ਦਿੱਤਾ। ਉਹਨਾਂ ਨੇ ਜੀਵਨ ਦੀ ਵਾਸਤਵਿਕਤਾ 'ਤੇ ਭਰਪੂਰ ਰੋਸ਼ਨੀ ਪਾਉਣ ਵਾਲੇ ਨਾਵਲ ਲਿਖੇ ਅਤੇ ਮਰਾਠੀ ਨਾਵਲ ਦੇ ਹਰੀ ਭਾਊ ਯੁਗ ਦਾ ਆਰੰਭ ਕੀਤਾ।

ਵਾਮਨ ਮਲ੍ਹਾਰ ਹਰੀ ਭਾਊ ਦੇ ਪ੍ਰਭਾਵ ਹੇਠ ਨਹੀਂ ਆਏ। ਹਰੀ ਭਾਊ ਦੁਆਰਾ ਪ੍ਰਮਾਣਿਤ ਕੀਤਾ ਮਰਾਠੀ ਨਾਵਲ ਦਾ ਰੂਪ ਅਤੇ ਸਵੀਕਾਰਤਾ ਵਾਮਨ ਮਲ੍ਹਾਰ ਨੇ ਆਪਣੀ ਨਾਵਲ ਰਚਨਾ ਵਿਚ 'ਸੁਤੰਤਰ' ਰੂਪ ਵਿਚ ਪ੍ਰਵਾਨ ਕੀਤਾ। ਵਾਮਨ ਮਲ੍ਹਾਰ ਦੇ ਵਿਚਾਰ ਜਗਿਆਸੂ ਹੋਣ ਕਾਰਣ ਉਹਨਾਂ ਦੀ ਸਾਹਿੱਤ ਬਾਰੇ ਧਾਰਣਾ ਵੀ ਤੱਥ-ਪ੍ਰਮਾਣਿਤ ਹੈ। 'ਅਸਤਿ, ਦੁਰਜਨਤਾ ਅਤੇ ਹਰ ਪ੍ਰਕਾਰ ਦੀ ਕਰੂਪਤਾ ਦਾ ਵਿਨਾਸ਼ ਕਰਨਾ ਅਤੇ ਸਤਿ, ਨਿੰਮ੍ਰਤਾ ਅਤੇ ਸੌਂਦਰਯ ਦੀ ਸਥਾਪਨਾ ਕਰਨਾ' ਵਾਮਨ ਮਲ੍ਹਾਰ ਦੇ ਲੇਖਨ ਦਾ 'ਜੀਵਨ-ਉਦੇਸ਼' ਪ੍ਰਤੀਤ ਹੁੰਦਾ ਹੈ। 'ਜਿਹੜੇ ਕਲਾਕਾਰਾਂ ਕੋਲੋਂ ਕੁਝ ਨਹੀਂ ਆਖਿਆ ਜਾਂਦਾ ਜਾਂ ਕਹਿਣ ਲਈ ਕੁਝ ਨਹੀਂ, ਉਹਨਾਂ ਦੀ ਕਲਾ ਨਿਆਣੇ ਦਾ ਰਬੜ ਦੇ ਭੁਕਾਨੇ ਵਾਂਗ

ਦੇਖਣ ਨੂੰ ਬੇਸ਼ਕ ਸੁੰਦਰ ਹੈ, ਪਰ ਉੱਕਾ ਹੀ ਸੱਖਣੀ ਹੁੰਦੀ ਹੈ ।' ਇਹ ਵਾਮਨ ਮਲ੍ਹਾਰ ਦਾ ਦ੍ਰਿਸ਼ਟੀਕੋਣ ਸੀ[3] । 'ਸਾਹਿੱਤ ਵਿਚ ਕਲਾਤਮਕ ਗਿਆਨ ਅਤੇ ਨੀਤੀ ਵਿਚਕਾਰ ਬਹੁਤ ਨੇੜਲਾ ਨਹੁੰ-ਮਾਸ ਦਾ ਰਿਸ਼ਤਾ ਹੈ । ਇਸ ਰੀਤੀ ਦੁਆਰਾ ਦੁਨੀਆਂ 'ਚੋ ਦੁੱਖਾਂ ਦੀ ਕਹਾਣੀ ਖ਼ਤਮ ਕਰਨ ਲਈ ਅਤੇ 'ਦੈਵੀ ਸੰਪਤੀ ਦੁਆਰਾ ਦੁਨੀਆਂ ਵਿਚ ਸਾਮਰਾਜ ਦਾ ਨਿਰਮਾਣ ਕਰਨਾ ਸਾਹਿੱਤ ਦਾ ਮਨੋਰਥ' ਵਾਮਨ ਮਲ੍ਹਾਰ ਸਵੀਕਾਰ ਕਰਦੇ ਹਨ[4] । ਨਿਰਸੰਦੇਹ, ਉਹ ਸਾਹਿੱਤ ਕਲਾ ਦਾ ਮਹੱਤਵ ਸਮਝਦੇ ਸਨ । ਉਸ ਨਾਲ ਹੀ 'ਜੀਵਨ ਕੇਵਲ ਕਲਾਤਮਕ ਨਹੀਂ' ਇਸੇ ਨਈ ਜੀਵਨ ਵਿਚ ਜਿੰਨੀਆਂ ਵੀ ਖ਼ੁਸੀ ਦੇਣ ਵਾਲੀਆਂ ਅਤੇ ਪੂਜਣ-ਜੋਗ ਗੱਲਾਂ ਹਨ ਉਹਨਾਂ ਵਿਚ ਕਲਾ, ਨੀਤੀ ਅਤੇ ਸਚਾਈ ਦਾ ਦਖ਼ਲ ਹੁੰਦਾ ਹੈ ।' ਇਸ ਦ੍ਰਿਸ਼ਟੀ ਤੋਂ ਵਾਮਨ ਮਲ੍ਹਾਰ ਦੀਆਂ ਨਾਵਲੀ ਕਿਰਤਾਂ ਪਿੱਛੇ ਭੂਮਿਕਾ ਹਰੀ ਨਾਰਾਇਣ ਵਾਂਗ ਕੇਵਲ ਜੀਵਨ ਦੀ ਵਾਸਤਵਿਕਤਾ ਪੇਸ਼ ਕਰਨ ਵਾਲੀ ਨਹੀਂ ਸਗੋਂ ਉੱਚ ਜੀਵਨ-ਆਦਰਸ਼ਾਂ ਦਾ ਨਿਰਮਾਣ ਕਰਨ ਵਾਲੀ ਨਖੇੜੂ ਤਲਾਸ਼ ਹੈ ।

ਗਿਆਨ ਅਤੇ ਮਨ ਪਰਚਾਵੇ ਨੂੰ ਮਰਾਠੀ ਨਾਵਲ ਦੇ ਜਨਮ ਤੋਂ ਹੀ ਮਾਨਤਾ ਪ੍ਰਾਪਤ ਸੀ, ਪਰ ਇਹ ਵਾਮਨ ਮਲ੍ਹਾਰ ਦੇ ਨਾਵਲਾਂ ਵਿਚ ਹੋਰ ਵੀ ਵਧੇਰੇ ਮਿਲਦੇ ਹਨ । ਉਹਨਾਂ ਦੇ ਨਾਵਲ ਆਦਰਸ਼ਕ ਹਨ, ਉਹਨਾਂ ਨੂੰ ਖ਼ਾਲੀ ਮਨੋਰੰਜਨ ਦਾ ਨਾਂ ਦੇਣਾ ਵੀ ਉਚਿਤ ਨਹੀਂ । ਉਹਨਾਂ ਦੇ ਨਾਵਲ ਪੜ੍ਹਨ ਨਾਲ ਗਿਆਨ ਦੀ ਪ੍ਰਾਪਤੀ ਹੁੰਦੀ ਹੈ । ਇਹ ਗਿਆਨ-ਪ੍ਰਾਪਤੀ ਉਹਨਾਂ ਦੇ ਪੂਰਵਲੇ ਜਾਂ ਸਮਕਾਲੀ ਮਰਾਠੀ ਨਾਵਲਾਂ ਵਰਗੀ ਉਪਦੇਸ਼ ਭਰਪੂਰ ਜਾਂ ਆਦੇਸ਼ਾਤਮਕ ਰੂਪ ਤੋਂ ਪ੍ਰਾਪਤ ਹੋਣ ਵਾਲੀ ਨਹੀਂ, ਇਹ ਉਹਨਾਂ ਦੇ ਨਾਵਲਾਂ ਦੀਆਂ ਵਿਚਾਰ-ਪਰਤਾਂ ਤੋਂ ਪ੍ਰਾਪਤ ਹੁੰਦੀ ਹੈ । ਇਨ੍ਹਾਂ ਚਿੰਤਨ ਪਰਤਾਂ ਉੱਪਰ ਵਿਚਾਰਾਂ ਦੇ ਵਖੋ ਵੱਖ ਪ੍ਰਾਪਤ ਹੋਣ ਵਾਲੇ ਪਹਿਲੂ, ਦ੍ਰਿਸ਼ਟੀਕੋਣ ਸਪਸ਼ਟ ਕਰਕੇ ਪਾਠਕਾਂ ਨੂੰ ਅੰਦਰਮੁਖੀ ਬਣਾਉਣਾ ਵਾਮਨ ਮਲ੍ਹਾਰ ਦੇ ਨਾਵਲਾਂ ਦਾ ਪ੍ਰਮੁੱਖ ਉਦੇਸ਼ ਹੈ । ਇਸੇ ਲਈ ਉਹਨਾਂ ਨੇ ਵਖੋ ਵੱਖ ਸਿਧਾਂਤਕ ਵਿਚਾਰਾਂ ਨੂੰ ਕਲਾ ਦੀ ਪੱਧਰ 'ਤੇ ਪੇਸ਼ ਕਰਕੇ ਅਨੇਕਾਂ ਪ੍ਰਕਾਰ ਦਾ ਗਿਆਨ ਆਪਣੇ ਪਾਠਕਾਂ ਨੂੰ ਨਾਵਲਾਂ ਰਾਹੀਂ ਲਗਾਤਾਰ ਦਿੱਤਾ । ਇਸ ਲਈ ਤਕਨੀਕ ਦੇ ਨਵੇਂ ਨਵੇਂ ਪ੍ਰਯੋਗ ਕੀਤੇ । ਨਵੀਆਂ ਜੁਗਤਾਂ ਦੀ ਤਲਾਸ਼ ਕੀਤੀ । ਉਹਨਾਂ ਨੇ ਹਰੀ ਭਾਉ ਕਾਲ ਦੀ ਰਚਨਾਤਮਕ ਤਕਨੀਕ ਬਦਲ ਦਿੱਤੀ । ਸੁਭਾਵਿਕ ਹੈ, ਉਹ ਇਕ ਪ੍ਰਯੋਗਸ਼ੀਲ ਨਾਵਲਕਾਰ ਵਜੋਂ ਪ੍ਰਸਿੱਧ ਹੋਏ ।

ਵਾਮਨ ਮਲ੍ਹਾਰ ਦੀ ਨਾਵਲ-ਖ਼ੇਤਰ ਵਿਚ ਗੌਰਵਮਈ ਤਸਵੀਰ ਪੇਸ਼ ਕਰਨ ਲਈ ਆਰੰਭ ਤੋਂ ਹੀ ਉਹਨਾਂ ਦੇ ਦੂਸਰੇ ਪੱਖ ਨੂੰ ਵੀ ਵਿਚਾਰਨਾ ਚਾਹੀਦਾ ਹੈ । ਵਾਮਨ ਮਲ੍ਹਾਰ ਨੂੰ ਇਕ ਵਰਗ ਯੁਗ ਪ੍ਰਵਰਤਕ ਨਾਵਲਕਾਰ ਸਵੀਕਾਰ ਕਰਦਾ ਹੈ । ਪਰ ਦੂਜਾ ਧੜਾ ਵਾਮਨ ਮਲ੍ਹਾਰ ਨੂੰ ਨਾਵਲਕਾਰ ਹੀ ਨਹੀਂ ਮੰਨਦਾ । ਉਹਨਾਂ ਦਾ ਮੱਤ ਹੈ ਕਿ ਨਾਵਲਕਾਰੀ ਦੇ ਗੁਣਾਂ ਤੋਂ ਵਾਂਝਾ ਸੀ ਵਾਮਨ ਮਲ੍ਹਾਰ । ਉਸਦੇ ਨਾਵਲਾਂ ਦੀ ਬਣਤਰ ਢਿੱਲੀ ਹੈ । ਬ੍ਰਿਤਾਂਤ ਸਥੂਲ ਅਤੇ ਕੱਟੜਪੰਥੀ ਵਿਚਾਰਾਂ ਨਾਲ ਭਰਪੂਰ ਹਨ । ਤਫ਼ਸੀਲ ਦੋਸ਼ਪੂਰਨ

ਹੈ । ਉਸਦੇ ਪਾਤਰ ਹੱਡ ਮਾਸ ਦੇ ਵਿਅਕਤੀ ਨਹੀਂ ਸਗੋਂ ਵਾਮਨ ਮਲ੍ਹਾਰ ਦੇ ਵਿਚਾਰਾਂ ਦੇ ਪ੍ਰਤੀਨਿਧ ਹਨ । ਇਨ੍ਹਾਂ ਮੱਤਭੇਦਾਂ ਦਾ ਮੂਲ ਕਾਰਣ ਨਾਵਲ ਦੇ ਸੰਕਲਪਾਂ ਬਾਰੇ ਮੱਤਭੇਦ ਹਨ । ਨਾਵਲ ਦੀ ਬਾਹਰੀ ਸੁੰਦਰਤਾ 'ਤੇ ਬਲ ਦੇਣ ਵਾਲਿਆਂ ਨੂੰ ਵਾਮਨ ਮਲ੍ਹਾਰ ਦੇ ਨਾਵਲ ਪਸੰਦ ਨਹੀਂ । ਨਾਵਲ ਦੇ ਅੰਦਰਲੇ ਸੌਂਦਰਯ ਬਾਰੇ ਵਿਚਾਰ ਕਰਨ ਵਾਲਿਆਂ ਨੂੰ ਵਾਮਨ ਮਲ੍ਹਾਰ ਦੇ ਨਾਵਲ ਵਿਲੱਖਣ ਰੂਪ ਵਿਚ ਸਾਰਥਕ ਦਿਖਾਈ ਦਿੰਦੇ ਹਨ । ਆਪਣੇ ਨਾਵਲਾਂ ਦੇ ਬਾਹਰੀ ਦੋਸ਼ਾਂ ਬਾਰੇ ਵਾਮਨ ਮਲ੍ਹਾਰ ਨੂੰ ਇਲਮ ਸੀ-'ਮੇਰੇ ਨਾਵਲਾਂ ਵਿਚ ਪ੍ਰਮਾਣ-ਬੱਧਤਾ ਅਤੇ ਪ੍ਰਵਾਹਤ ਦ੍ਰਿਸ਼ਟੀ ਦੇ ਦੋਸ਼ ਰਹਿ ਗਏ ਹਨ । ਮੈਂ ਪਹਿਰਾਵੇ, ਚਿਹਰੇ ਅਤੇ ਹੱਥਾਂ ਪੈਰਾਂ ਅਤੇ ਦੂਜੇ ਕਾਰ ਵਿਹਾਰਾਂ ਦਾ ਵਰਣਨ ਨਹੀਂ ਕੀਤਾ ।' ਇਹ ਕੁਝ ਕਬੂਲ ਕਰਕੇ ਉਹਨਾਂ ਨੇ ਆਪਣੇ ਨਾਵਲਾਂ ਦੇ ਅੰਤਰ-ਸੌਂਦਰਯ ਦੇ ਲਕਸ਼ ਵਲ ਝਾਤੀ ਮਾਰਨ ਦੀ ਕੋਸ਼ਿਸ਼ ਕੀਤੀ ਹੈ[6]। 'ਮੇਰਾ ਮੰਤਵ ਬਾਹਰੀ ਪਹਿਰਾਵੇ ਦੇ ਤੱਤਾਂ ਨਾਲੋਂ ਅੰਤਰ ਸਬੰਧਾਂ ਨੂੰ ਚਿੱਤਰਨ ਵੱਲ ਵਧੇਰੇ ਹੈ । ਇਨ੍ਹਾਂ ਰਿਸ਼ਤਿਆਂ ਦੀਆਂ ਗੁੰਝਲਾਂ ਸਪਸ਼ਟ ਕਰਨ ਦੀ ਦ੍ਰਿਸ਼ਟੀ ਕਾਰਣ ਬਾਹਰਲੇ ਬ੍ਰਿਤਾਂਤ ਦੀ ਲੋੜ ਅਨੁਭਵ ਨਹੀਂ ਕੀਤੀ ।'

ਵਾਮਨ ਮਲ੍ਹਾਰ ਦੇ ਨਾਵਲ ਇਸ ਦ੍ਰਿਸ਼ਟੀ ਤੋਂ ਪ੍ਰਚਲਿਤ ਨਾਵਲਾਂ ਤੋਂ ਵੱਖਰੇ ਹਨ । ਇਸ ਪਛਾਣ ਦੇ ਕਾਰਣ ਬਹੁਤ ਸਾਰੇ ਵਿਦਵਾਨਾਂ ਨੇ ਉਹਨਾਂ ਦੇ ਪਹਿਲੇ ਨਾਵਲ *'ਰਾਗਿਣੀ'* ਨੂੰ *'ਕਾਵਿ-ਸ਼ਾਸਤ੍ਰ ਵਿਨੋਦ'* (ਇਹ ਉਸ ਨਾਵਲ ਦਾ ਉਪ ਸਿਰਲੇਖ ਹੈ) ਦਾ ਨਾਂ ਦਿੱਤਾ । ਕੇਵਲ 'ਰਾਗਿਣੀ' ਵਿਚ ਹੀ ਨਹੀਂ ਉਹਨਾਂ ਦੇ ਸਾਰੇ ਨਾਵਲਾਂ ਵਿਚ ਕਾਵਿ-ਸ਼ਾਸਤ੍ਰ ਵਿਨੋਦ ਨੂੰ ਪਹਿਲਾ ਸਥਾਨ ਪ੍ਰਾਪਤ ਹੈ । ਇਹ ਕਹਿਣਾ ਵਧੇਰੇ ਉਚਿਤ ਹੋਵੇਗਾ ਕਿ ਉਹਨਾਂ ਨੂੰ ਆਪਣੇ ਮਨ ਦੀ ਇੱਛਾ ਅਨੁਸਾਰ ਕਾਵਿ-ਸ਼ਾਸਤ੍ਰ ਵਿਨੋਦ ਲਿਖਣ ਦਾ ਅਵਸਰ ਪ੍ਰਾਪਤ ਹੋਇਆ ਅਤੇ ਉਹਨਾਂ ਨੇ ਕਲਪਿਤ ਕਥਾਵਾਂ ਨਮਿੱਤ ਨਾਵਲ ਰਚਨਾ ਕੀਤੀ । ਵਾਮਨ ਮਲ੍ਹਾਰ ਦੇ ਨਾਵਲਾਂ ਦਾ ਲੇਖਾ-ਜੋਖਾ ਕਰਦਿਆਂ ਨਾਵਲ ਬਾਰੇ ਉਹਨਾਂ ਦੀ ਇਹ ਭੂਮਿਕਾ ਅਤੇ ਇਸ ਕਾਂਡ ਦੇ ਸ਼ੁਰੂ ਵਿਚ ਦੋਸ਼-ਰਹਿਤ ਕਰਾਰ ਦਿੱਤੀ ਹੋਈ ਉਹਨਾਂ ਦੀ ਸਾਹਿੱਤਕ ਕਲਾ ਦ੍ਰਿਸ਼ਟੀ ਬਾਰੇ ਵਿਚਾਰ ਕਰਨਾ ਜ਼ਰੂਰੀ ਹੈ । ਵਾਮਨ ਮਲ੍ਹਾਰ ਦੇ ਸਮੇਂ ਦੀ ਸਾਹਿੱਤਕ ਸੰਸਕ੍ਰਿਤੀ ਤਤਕਾਲੀਨ ਸੁਸਿੱਖਿਅਤ ਪਾਠਕਾਂ ਦੇ ਸੁਹਜ ਸਵਾਦ ਬਾਰੇ, ਉਹਨਾਂ ਦੀਆਂ ਨਾਵਲ ਸਬੰਧੀ ਧਾਰਨਾਵਾਂ ਬਾਰੇ ਮੁਲਾਂਕਣ ਕਰਨਾ ਜ਼ਰੂਰੀ ਹੈ । ਵਾਮਨ ਮਲ੍ਹਾਰ ਦੇ ਨਾਵਲਾਂ ਦੇ ਪਾਤਰ ਸਭਿਆਚਾਰਕ ਦ੍ਰਿਸ਼ਟੀ ਵਾਲੇ ਪੜ੍ਹੇ ਲਿਖੇ ਅਤੇ ਜਗਿਆਸੂ ਬਿਰਤੀ ਵਾਲੇ ਹੋਣ ਕਾਰਣ ਉਸਦੇ ਨਾਵਲਾਂ ਵਿਚ ਸਿਧਾਂਤਕ ਚਰਚਾ ਓਪਰੀ ਨਹੀਂ ਸਗੋਂ ਇਹ ਉਸਦੀਆਂ ਕਲਾ ਕਿਰਤਾਂ ਦਾ ਇਕ ਜ਼ਰੂਰੀ ਅੰਗ ਬਣ ਗਈ ਹੈ ।

ਵਾਮਨ ਮਲ੍ਹਾਰ ਨੇ ਆਪਣੇ ਸਨਮੁਖ ਜਿਹੜਾ ਪਾਠਕ ਵਰਗ ਪੈਦਾ ਕੀਤਾ ਉਹ ਪੜ੍ਹਿਆ ਲਿਖਿਆ, ਸਮਝਦਾਰ ਅਤੇ ਵਿਚਾਰਵਾਨ ਸੀ । ਨਵੀਂ ਸਿੱਖਿਆ ਅਤੇ ਨਵੇਂ ਸੰਸਕਾਰਾਂ ਦਾ ਧਾਰਨੀ ਇਹ ਪਾਠਕ ਵਰਗ ਸਾਹਮਣੇ ਸੀ । ਓਹਨਾਂ ਨੇ ਪਤਾਨਿਆਂ ਨੂੰ

ਛੱਡਕੇ ਨਵਿਆਂ ਨੂੰ ਗ੍ਰਹਿਣ ਕੀਤਾ । ਇਸਤ੍ਰੀ ਸਿੱਖਿਆ, ਵਿਅਕਤੀ-ਸੁਤੰਤਰਤਾ, ਭਾਰਤੀ ਅਧਿਆਤਮ, ਪੱਛਮੀ ਆਧੁਨਿਕਤਾ, ਰਾਜਸੀ ਤੇ ਸਮਾਜਿਕ ਖ਼ੇਤਰਾਂ ਵਿਚ ਅਨੇਕ ਪੱਖੀ ਪ੍ਰਵਿਰਤੀਆਂ ਅਤੇ ਸਤਿ-ਪ੍ਰਵਾਹ, ਧਰਮ ਦਾ ਜੀਵਨ ਵਿਚ ਸਥਾਨ ਆਦਿ ਵਿਸ਼ੇ ਪਾਠਕਾਂ ਦੀ ਰੁੱਚੀ ਦੇ ਵਿਸ਼ੇ ਹਨ । ਇਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲ ਕੇ ਦੇਖਣ ਲਈ ਪਾਠਕ ਵਰਗ ਉਤਸੁਕ ਸੀ ।

ਆਪਣੇ ਸਨਮੁਖ ਉੱਚ ਵਿੱਦਿਆ ਦੇ ਗਹਿਣਿਆਂ ਨਾਲ ਲੱਦਿਆ ਸਮਝਦਾਰ ਅਤੇ ਸਿਧਾਂਤਕ ਚਰਚਾ ਵਿਚ ਪ੍ਰਵੀਨ ਪਾਠਕ ਵਰਗ ਹੋਣ ਕਾਰਣ ਵਾਮਨ ਮਲ੍ਹਾਰ ਦੀਆਂ ਲਿਖਤਾਂ ਉੱਪਰ ਕੁਦਰਤੀ ਚੰਗਾ ਪ੍ਰਭਾਵ ਪਿਆ । ਇਸੇ ਕਾਰਣ ਉਹਨਾਂ ਦੇ ਨਾਵਲਾਂ ਦੇ ਪਾਤਰ ਜੀਵਨ ਦੇ ਪਦਾਰਥਕ ਸੁੱਖਾਂ ਵਿਚ ਲੀਨ ਹਨ । ਇਨ੍ਹਾਂ ਪਾਤਰਾਂ ਦੀ ਚਰਚਾ ਦੇ ਵਿਸ਼ਿਆਂ ਕਾਰਣ ਉਹਨਾਂ ਦੇ ਨਾਵਲਾਂ ਨੇ ਵਿਸ਼ੇਸ਼ ਰੂਪ ਅਤੇ ਗਤੀ ਧਾਰਨ ਕੀਤੀ । ਇਸ ਚਰਚਾ ਦੁਆਰਾ ਪਾਠਕਾਂ ਦੇ ਸੁਭਾਉ, ਅਤੇ ਉਹਨਾਂ ਦੀ ਪ੍ਰਵਿਰਤੀ ਦੇ ਦਰਸ਼ਨ ਹੁੰਦੇ ਹਨ । ਉਹਨਾਂ ਦੇ ਆਪਸੀ ਸਬੰਧਾਂ ਵਿਚ ਨਾਟਕੀ ਸਥਿਤੀਆਂ ਦਾ ਨਿਰਮਾਣ ਹੁੰਦਾ ਹੈ । ਉਹਨਾਂ ਦੇ ਨਾਵਲਾਂ ਵਿਚ ਪ੍ਰਮੁੱਖ ਵਿਅਕਤੀ-ਰੇਖਾ ਚਿੱਤਰ ਸੁਜਾਨ, ਸਭਿਅਕ, ਵਿਚਾਰਵਾਨ ਅਤੇ ਨਿਰਮਾਣ ਪ੍ਰਕਿਰਤੀ ਵਾਲੇ ਹਨ । ਇਸ ਸਾਰੇ ਕੁਝ ਦੇ ਨਤੀਜੇ ਵਜੋਂ ਉਹਨਾਂ ਦੇ ਨਾਵਲਾਂ ਵਿਚ ਵਾਤਾਵਰਣ ਵਧੇਰੇ ਪ੍ਰਪੱਕ ਰੂਪ ਵਿਚ ਨਿਸ਼ੱਕ ਅਤੇ ਸ਼ਾਂਤ ਦਿਖਾਈ ਦਿੰਦਾ ਹੈ । ਗੂੜ੍ਹ ਸਿਧਾਂਤਕ ਵਿਚਾਰਧਾਰਾ ਦੇ ਨਾਲ ਨਾਲ ਚਤੁਰਾਈਪੂਰਨ ਦਲੀਲਾਂ, ਨਾਜ਼ੁਕ ਹਾਸੇ, ਪ੍ਰਸੰਨ-ਸੰਵਾਦ ਦੇ ਵਾਦ-ਵਿਵਾਦ ਉਹਨਾਂ ਦੇ ਨਾਵਲਾਂ ਵਿਚ ਖੁਸ਼ਕ ਸਿਧਾਂਤਕ ਚਰਚਾ ਨਾਲੋਂ ਸਿਧਾਂਤਕ ਵਿਚਾਰਧਾਰਾ ਦੀ ਦਿਲਚਸਪ ਜਾਣਕਾਰੀ ਪ੍ਰਾਪਤ ਹੁੰਦੀ ਹੈ ।

ਵਾਮਨ ਮਲ੍ਹਾਰ ਦੇ ਸਮੇਂ ਦੀ ਨਾਵਲ ਰਚਨਾ ਬਾਰੇ ਵਿਚਾਰ ਕਰਦਿਆਂ ਇਹ ਕੁਝ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਤਤਕਾਲੀਨ ਨਾਵਲ ਵਿਚ ਵਿਚਾਰ ਚਰਚਾ ਕਾਗ਼ਜ਼ ਦੀ ਗੁੱਡੀ ਵਾਂਗ ਹਵਾ ਵਿਚ ਨਹੀਂ ਉੱਡਦੀ ਸੀ ਸਗੋਂ ਵਿਚਾਰ ਚਰਚਾ ਲਈ ਮਨ ਵਿਚ ਚਾਹ ਪੈਦਾ ਹੁੰਦੀ ਸੀ । ਇਸੇ ਕਰਕੇ ਉਸਦੇ ਨਾਵਲਾਂ ਨੂੰ ਮਾਨਤਾ ਅਤੇ ਪ੍ਰਸਿੱਧੀ ਪ੍ਰਾਪਤ ਹੋਈ । ਹਰੀ ਭਾਊ ਦੇ *'ਗਣਪਤ ਰਾਓ'*, 'ਮੈਂ', ਯਸ਼ਵੰਤ ਰਾਓ ਖਰੇ ਦੇ ਨਾਵਲਾਂ ਜਾਂ ਸ੍ਰੀ. ਕ੍ਰਿ. ਕੋਲ੍ਹਟਕਰ ਦੇ *'ਢੌਂਗੀ ਦਾ ਦੁਬਾਜਰਾਪਣ'*, ਅਤੇ 'ਸ਼ਿਆਮ ਸੁੰਦਰ' ਦੇ ਨਾਵਲਾਂ ਵਿਚ ਇਸ ਪ੍ਰਕਾਰ ਦੇ ਜਤਨ ਕੀਤੇ ਗਏ । ਵਾਮਨ ਮਲ੍ਹਾਰ ਦੇ ਸਮਕਾਲੀ ਡਾ. ਕੇਤਕਰ ਦੇ ਨਾਵਲਾਂ ਵਿਚ ਚਰਚਾ ਦੇ ਪ੍ਰਸੰਗਾਂ ਦੀ ਭਰਮਾਰ ਹੈ । ਵਾਮਨ ਮਲ੍ਹਾਰ ਦੇ ਸਿਧਾਂਤਕ ਚਰਚਾ ਵਾਲੇ ਨਾਵਲਾਂ ਨੂੰ ਲੋਕ ਕਥਾਵਾਂ ਦਾ ਮਾਨ ਕਿਉਂ ਦਿੱਤਾ ਜਾਂਦਾ ਹੈ ? ਇਸਦਾ ਕਾਰਣ ਵਾਮਨ ਮਲ੍ਹਾਰ ਦੇ ਸਿਧਾਂਤਕ ਚਰਚਾ ਵਾਲੇ ਅਤੇ ਦੂਸਰੇ ਨਾਵਲਕਾਰਾਂ ਦੇ ਨਾਵਲਾਂ ਵਿਚ ਬੁਨਿਆਦੀ ਫ਼ਰਕ ਹੋਣਾ ਹੈ । ਦੂਸਰੇ ਲੇਖਕਾਂ ਦੀ ਚਰਚਾ ਪਾਠਕਾਂ ਨੂੰ ਇਕ ਖ਼ਾਸ ਦਿਸ਼ਾ ਵਲ ਲੈ ਜਾਣ ਦੀ ਇੱਛਾ ਅਧੀਨ ਅਤੇ ਵਾਮਨ ਮਲ੍ਹਾਰ ਦੀ ਚਰਚਾ ਪਾਠਕਾਂ ਉੱਪਰ ਠੋਸਣ ਦੀ ਬਜਾਇ ਉਹਨਾਂ ਨੂੰ ਅੰਤਰਮੁਖੀ ਬਣਾਉਣ ਲਈ ਵੱਖੋ ਵੱਖ ਵਿਚਾਰਾਂ ਦੀ ਚਰਚਾ ਕਰਨੀ ਬਣਦੀ ਹੈ । ਉਹ ਕਿਸੇ ਉਦੇਸ਼ ਜਾਂ ਬੋਧ ਵੱਲ ਝੁਕਾਉ ਨਹੀਂ

ਰੱਖਦੀ । ਇਸ 'ਚੋਂ ਅਨੇਕਾਂ ਪ੍ਰਸ਼ਨ ਪੈਦਾ ਹੁੰਦੇ ਹਨ । ਇਕ ਤਰ੍ਹਾਂ ਨਾਲ ਵਾਮਨ ਮਲ੍ਹਾਰ ਦੇ ਨਾਵਲ ਪ੍ਰਸ਼ਨ-ਉਪਨਿਸ਼ਦ ਹਨ ।

ਪ੍ਰਸ਼ਨਾਤਮਕ ਸਿਧਾਂਤਕ ਵਿਚਾਰਾਂ ਅਤੇ ਕਥਾ ਪਰਤਾਂ ਦੀ ਵਿਧੀ ਭਾਰਤੀਆਂ ਲਈ ਕੋਈ ਨਵੀਂ ਨਹੀਂ । ਭਾਰਤੀ ਪੁਰਾਣ ਗ੍ਰੰਥਾਂ ਅਤੇ ਨੀਤੀ ਕਥਾਵਾਂ ਵਿਚ ਇਸਦੀ ਬਹੁਲਤਾ ਦਿਖਾਈ ਦਿੰਦੀ ਹੈ । ਜੀਵਨ ਵਿਚ ਪੈਦਾ ਹੋਣ ਵਾਲੇ ਕਈ ਪ੍ਰਕਾਰ ਦੇ ਸੰਕਟ, ਮਾੜੇ ਕੰਮ ਕਰਨ ਦੀ ਮੂਰਖਤਾ, ਸਵਾਰਥੀ ਪ੍ਰੇਮ ਦੇ ਵਿਚਾਰ, ਗੁਰੂ ਚੇਲੇ ਦੇ ਸੰਵਾਦਾਂ ਤੋਂ ਪੈਦਾ ਹੋਣ ਵਾਲੀ ਬਦਮਜ਼ਗੀ ਬਹੁਤ ਪੁਰਾਣੀ ਪਰੰਪਰਾ ਹੈ । ਉੱਥੇ ਸਥਾਨ ਤੇ ਕਾਲ ਦੀ ਵਾਸਤਵਿਕਤਾ ਨਾਲੋਂ ਪ੍ਰਸ਼ਨਾਂ ਦਾ ਮੂਲ ਪਛਾਣਨ ਦੀ ਆਦਿ ਕਾਲ ਤੋਂ ਮਹੱਤਤਾ ਰਹੀ ਹੈ । ਪੁਰਾਣਾਂ ਦੇ ਢਾਂਚੇ ਵਿਚ ਆਧੁਨਿਕ ਤਕਨੀਕ ਪੈਦਾ ਕਰਨ ਦੀ ਕੋਸ਼ਿਸ਼ ਵਾਮਨ ਮਲ੍ਹਾਰ ਨੇ ਕੀਤੀ । ਉਹਨਾਂ ਦੇ *ਆਸ਼੍ਰਮ ਹਿਰਣੀ* ਨਾਵਲ ਦੀ ਰੂਪ-ਵਿਧੀ ਪੌਰਾਣਕ ਹੈ । *ਰਾਗਿਣੀ* ਵਿਚ ਵੀ ਪੁਰਾਣ ਰਚਨ ਦੀ ਕੋਸ਼ਿਸ਼ ਕੀਤੀ ਗਈ । ਇਸਦਾ ਕਾਰਣ ਪੌਰਾਣਕ ਗ੍ਰੰਥਾਂ ਵਿਚਲਾ ਆਦਰਸ਼ਵਾਦ ਪ੍ਰਸ਼ਨਾਂ ਦੇ ਪ੍ਰਸ਼ਨ *ਰਾਗਿਣੀ* 'ਚ ਮਿਲਦੇ ਹਨ । ਇਸਤੋਂ ਬਿਨਾਂ *'ਰਾਗਿਣੀ'* ਉਤ੍ਰਾਰਧ ਵਿਚ ਹਿਮਾਲਾ ਵਰਨਣ, ਪ੍ਰਿਯ ਬ੍ਰਹਮ ਸਵਾਮੀ ਦਾ ਆਸ਼ਰਮ, ਇਕ ਪੁਰਾਣ ਕਥਾ ਦੀਆਂ ਸ਼ੋਭਨੀਕ ਘਟਨਾਵਾਂ ਨਾਲ ਭਰਿਆ ਪਿਆ ਹੈ । ਸੁਫਨੇ, ਭਰਮ ਭੁਲੇਖੇ, ਦੈਵੀ-ਦ੍ਰਿਸ਼ਟੀ, ਅਖਾਣਾਂ, ਮੌਕਾ ਬੇਮੌਕਾ ਘਟਨਾਵਾਂ ਆਦਿ ਪੌਰਾਣਕ ਰਚਨਾਵਾਂ ਵਰਗੀਆਂ ਹੀ ਹਨ । ਵਾਮਨ ਮਲ੍ਹਾਰ ਦੀ ਆਰੰਭ ਤੋਂ ਹੀ ਨਾਵਲ ਰਚਨਾ ਦੀ ਇਹ ਵਿਧੀ ਪੁਰਾਣ ਗ੍ਰੰਥ ਰਚਨਾ ਦੇ ਨੇੜੇ ਹੋਣ ਕਾਰਣ ਉਹਨਾਂ ਦੇ ਨਾਵਲ ਮੰਤਵ ਪੱਖੋਂ ਵਧੇਰੇ ਆਧੁਨਿਕ ਹਨ । ਪੌਰਾਣਕ ਰੂਪ ਵਿਧੀ ਵਾਲੇ *ਆਸ਼ਰਮ ਹਿਰਣੀ* ਨਾਵਲ ਵਿਚ ਇਕ ਛਲ ਖੇਡਣ ਵਾਲੀ ਇਸਤ੍ਰੀ ਇਕੋ ਸਮੇਂ ਦੋ ਪਤੀਆਂ ਨਾਲ ਸਰੀਰਕ ਸਬੰਧ ਰੱਖ ਸਕਦੀ ਹੈ ਜਾਂ ਨਹੀਂ, ਇਸ ਪ੍ਰਸ਼ਨ ਦਾ ਉੱਤਰ ਪੇਸ਼ ਕਰਦੀ ਹੈ । 1916 ਈ. ਵਿਚ ਲਿਖੇ ਗਏ ਇਸ ਨਾਵਲ ਦਾ ਉਦੇਸ਼ ਅਜੋਕੀ ਇਸਤ੍ਰੀ ਦੇ ਮੁਕਤੀ-ਅੰਦੋਲਨ ਸਮੇਂ ਦੀ ਉਤੇਜਨਾ ਪੇਸ਼ ਕਰਨਾ ਹੈ । ਵਾਮਨ ਮਲ੍ਹਾਰ ਨੇ ਇਸ ਉਤੇਜਨਾ ਨੂੰ ਭਰਪੂਰ ਰੂਪ ਵਿਚ ਦਿਲਕਸ਼ ਬਣਾਕੇ ਆਪਣੇ ਅਨੁਭਵ ਦੁਆਰਾ ਪੇਸ਼ ਕੀਤਾ । ਇਹ ਸਾਰਾ ਕੁਝ ਵਿਸ਼ੇ ਨੂੰ ਠੀਕ ਤਰਤੀਬ ਦੇਣ ਅਤੇ ਘਟਨਾਵਾਂ ਦੀ ਸੁਚੱਜੀ ਬੁਣਤੀ ਕਾਰਣ ਸੰਭਵ ਹੋਇਆ ।

ਵਾਮਨ ਮਲ੍ਹਾਰ ਨਿਰਸੰਦੇਹ ਮਰਾਠੀ ਸਾਹਿੱਤ ਵਿਚ ਇਕ ਪ੍ਰਯੋਗਸ਼ੀਲ ਨਾਵਲਕਾਰ ਸਨ । ਉਹਨਾਂ ਨੇ ਆਪਣੇ ਨਾਵਲਾਂ ਵਿਚ ਵਿਸ਼ੇਸ਼ ਪ੍ਰਕਾਰ ਦੇ ਮੰਤਵ ਪੇਸ਼ ਕਰਨ ਦੀ ਦ੍ਰਿਸ਼ਟੀ ਤੋਂ ਇਕ ਨਵੀਂ ਉਪਕਰਮਸ਼ੀਲਤਾ ਅੱਟਲ ਰੂਪ ਵਿਚ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ । ਸ਼ੈਲੀ ਦਾਂ ਪ੍ਰਮੁੱਖ ਗੁਣ, ਉਦੇਸ਼ ਦਾ ਪ੍ਰਭਾਵਸ਼ਾਲੀ ਅਨੁਸਰਣ ਕਰਨਾ ਸਵੀਕਾਰ ਕੀਤਾ ਜਾਂਦਾ ਹੈ । ਵਾਮਨ ਮਲ੍ਹਾਰ ਦੇ ਨਾਵਲਾਂ ਤੋਂ ਸਿੱਧ ਹੁੰਦਾ ਹੈ ਕਿ ਉਹਨਾਂ ਦੀ ਸ਼ੈਲੀ ਕਾਲ ਅਤੇਂ ਮੰਤਵ ਅਨੁਸਾਰ ਸੁਭਾਵਿਕ ਰੂਪ ਧਾਰਨ ਕਰ ਗਈ ਹੈ । ਨਾਵਲਾਂ ਵਿਚਮੰਤਵ ਅਨੁਸਾਰ ਸ਼ੈਲੀ ਵੀ ਵਾਸਤਵਿਕਤਾ ਵਿਚ ਬਦਲ ਗਈ । *'ਰਾਗਿਣੀ'* ਵਿਚ ਕਾਵਿ-ਸ਼ਾਸਤਰੀ ਹਾਸ-ਰਸ, *'ਆਸ਼੍ਰਮ ਹਿਰਣੀ'* ਵਿਚ ਪੌਰਾਣਕ ਰੂਪ-ਵਿਧੀ, *'ਸੁਸ਼ੀਲਾ*

ਦਾ ਦੇਵ' ਵਿਚ ਆਤਮ ਨਿਵੇਦਨ ਦੀ ਤਕਨੀਕ ਦੀ ਕਈ ਰੂਪਾਂ ਵਿਚ ਵਰਤੋਂ, *ਇੰਦੂ ਕਾਲ਼ੇ* ਵਿੱਚ ਪੱਤਰਕਾਰੀ ਸ਼ਿਲਪ ਦਾ ਪ੍ਰਯੋਗ ਵਿਲੱਖਣਤਾ ਪ੍ਰਗਟਾਉਂਦੇ ਹਨ । ਵਾਮਨ ਮਲ੍ਹਾਰ ਦੀ ਸ਼ੈਲੀ ਸਮੇਂ ਅਨੁਸਾਰ ਕਿਵੇਂ ਤਬਦੀਲ ਹੁੰਦੀ ਗਈ, ਇਹ ਕੁਝ ਦੇਖਣ ਲਈ ਪਹਿਲਾ ਨਾਵਲ *ਰਾਗਿਣੀ* ਅਤੇ ਅੰਤਿਮ ਨਾਵਲ *ਇੰਦੂ ਕਾਲ਼ੇ* ਦੀ ਤੁਲਨਾ ਕਰਨੀ ਜ਼ਰੂਰੀ ਹੈ । *ਰਾਗਿਣੀ* ਦੀ ਰੂਪ-ਵਿਧੀ ਕਿਸੇ ਮਹਾਂਕਾਵਿ ਵਾਂਗ ਵਿਸ਼ਾਲ ਹੈ । *ਇੰਦੂ ਕਾਲ਼ੇ* ਦਾ ਕਮਾਲ ਉਸਦੇ ਸੰਗਠਨਾਤਮਕ ਰੂਪ ਵਿਚ ਪ੍ਰਗਟ ਹੁੰਦਾ ਹੈ ।

ਵਾਮਨ ਮਲ੍ਹਾਰ ਦੀ ਸ਼ੈਲੀ ਦਾ ਵਿਸ਼ੇਸ਼ ਗੁਣ ਆਤਮ-ਬ੍ਰਿਤਾਂਤ ਹੈ (*ਸਿਮ੍ਰਿਤ ਲਹਿਰੀ* ਵਿਚ ਇਹੋ ਪ੍ਰਯੋਗ ਕੀਤਾ ਗਿਆ) । *ਆਸ਼੍ਰਮ ਹਿਰਣੀ* ਯੌਮ ਦੀ ਆਤਮ ਕਥਾ ਹੈ । *ਇੰਦੂ ਕਾਲ਼ੇ* ਵਿਚ ਇੰਦੂ ਸਰਲਾ, ਵਿਨਾਇਕ ਰਾਓ ਆਦਿ ਦੇ ਵਿਸ਼ੇਸ਼ ਚਿਣਾਂ ਵਿਚ ਉਚਾਰੇ ਗਏ ਆਤਮ ਕਥਨ ਹਨ । *ਰਾਗਿਣੀ* ਵਿਚ ਵੀ ਕਈ ਪਾਤਰ ਲੰਬੇ ਆਤਮ ਕਥਨ ਕਰਦੇ ਹਨ । *ਸੁਸ਼ੀਲਾ ਦਾ ਦੇਵ* ਨਾਵਲ ਵਿਚ ਸੁਸ਼ੀਲਾ ਦੇ ਆਤਮ-ਚਰਿੱਤਰ ਦਾ ਨਿਰਮਾਣ ਕੀਤਾ ਗਿਆ । ਵਾਮਨ ਮਲ੍ਹਾਰ ਆਪਣੇ ਨਾਵਲਾਂ ਵਿਚ ਆਤਮ-ਬ੍ਰਿਤਾਂਤ ਨੂੰ ਵਾਸਤਵਿਕਤਾ ਸਹਿਤ ਪੇਸ਼ ਕਰਦੇ ਹਨ । ਆਤਮ ਕਥਨ ਵਿਧੀ ਵਿਚ ਯਥਾਰਥ ਦੀ ਪ੍ਰਤੀਤੀ, ਆਤਮ ਵਿਸ਼ਵਾਸ਼, ਬੇਬਾਕੀ, ਅਨਉਪਚਾਰਿਕਤਾ, ਸੰਵੇਦਨਸ਼ੀਲਤਾ ਅਤੇ ਸੰਵਾਦ ਆਦਿ ਆਵੱਸ਼ਕ ਗੁਣ ਸਹਿਜ ਸੁਭਾਉ ਆ ਜਾਂਦੇ ਹਨ ।

ਉਹਨਾਂ ਦੇ ਨਾਵਲਾਂ ਵਿਚ ਵਿਚਾਰ ਮੂਲ ਰੂਪ ਵਿਚ ਅਮੂਰਤ (abstract) ਹਨ । ਅਮੂਰਤ ਹੋਣ ਕਾਰਣ ਤਣਾਉ ਭਰਪੂਰ ਆਤਮ ਕਥਨ ਸਹਿਜ ਰੂਪ ਧਾਰਨ ਕਰਦਾ ਹੈ । ਉਹਨਾਂ ਦੇ ਇਹ ਬੇਬਾਕ ਆਤਮ ਕਥਨ ਵਿਚਾਰਾਂ ਦੀ ਪੱਧਰ ਤੋਂ ਅੱਗੇ ਲੰਘ ਕੇ ਕੋਮਲ ਕਲਾ ਦਾ ਰੂਪ ਧਾਰਨ ਕਰ ਲੈਂਦੇ ਹਨ । *ਇੰਦੂ ਕਾਲ਼ੇ* ਦੀ ਸ਼ੈਲੀ ਜੇਕਰ ਪੱਤਰਾਤਮਕ ਨਾ ਹੁੰਦੀ ਤਾਂ ਉਸਨੂੰ ਅੱਜ ਪ੍ਰਮਾਣਿਕਤਾ ਪ੍ਰਾਪਤ ਨਹੀਂ ਸੀ ਹੋਣੀ । '*ਆਸ਼੍ਰਮ ਹਿਰਣੀ*' ਵਿਚ ਕ੍ਰਾਂਤੀਕਾਰੀ ਉਦੇਸ਼ ਦੁੱਖਦਾਈ ਹੋਣ ਦੀ ਥਾਂ ਵਧੇਰੇ ਰੋਚਕ ਹਨ ਕਿਉਂਕਿ ਵਾਮਨ ਮਲ੍ਹਾਰ ਦੀ ਸ਼ੈਲੀ ਦਾ ਇਹ ਵਿਸ਼ੇਸ਼ ਗੁਣ ਹੈ । ਇਸ ਸ਼ੈਲੀ ਦੇ ਸੁੰਦਰ ਅਭਾਵ ਕਾਰਣ ਉਹਨਾਂ ਦਾ *ਨਲਿਨੀ* ਨਾਵਲ ਵਧੇਰੇ ਪ੍ਰਸ਼ੰਸਾ ਹਾਸਿਲ ਨਹੀਂ ਕਰ ਸਕਿਆ ।

*ਸੁਸ਼ੀਲਾ ਦਾ ਦੇਵ* ਨਾਵਲ ਵਿਚ ਬਾਲ-ਸੁਸ਼ੀਲਾ ਦਾ ਚਿਤਰਣ ਕਰਦਿਆਂ ਵਾਮਨ ਮਲ੍ਹਾਰ ਨੇ ਸੰਕੇਤਕ ਵਰਨਣ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ । ਉਹਨਾਂ ਦੇ ਦੂਜੇ ਨਾਵਲਾਂ ਵਿਚ ਵੀ ਕਈ ਵੇਰਾਂ ਅਤਿਅੰਤ ਸਾਰਥਕ ਸੰਕੇਤ ਮਿਲਦੇ ਹਨ । ਉਦਾਹਰਣ ਵਜੋਂ ਉਹਨਾਂ ਦੇ ਨਾਵਲਾਂ ਦੇ ਖਲ-ਨਾਇਕਾਂ (*ਰਾਗਿਣੀ* ਵਿਚ ਜਨੂ ਭਾਊ ਚਕਟੇ ਜਾਂ ਇੰਦੂ ਕਾਲੇ ਵਿਚ ਬਿੰਦੂ ਮਾਧਵ) ਦੇ ਚਿਤਰਣ ਜਾਂ ਉਹਨਾਂ ਦੇ ਨਾਵਲਾਂ ਵਿਚ ਵਿਸ਼ੇਸ਼ ਰੂਪ ਵਿਚ ਅਚਾਨਕ ਵਾਪਰਨ ਵਾਲੀ ਮੌਤ, ਭਿਆਨਕ ਆਤਮ ਹੱਤਿਆ, ਡਾਕੇ, ਵਿਸ਼ਪਾਨ ਜਾਂ ਗੋਲੀ ਚਲਾਉਣ ਆਦਿ ਦੇ ਸੰਕੇਤਾਂ ਤੋਂ ਘਿਰਣਾ ਪ੍ਰਗਟ ਹੁੰਦੀ ਹੈ । ਇਹ ਉਹਨਾਂ ਦੇ ਵਿਚਾਰਾਂ ਅਤੇ ਨਾਵਲਾਂ ਦੀ ਸ਼ੈਲੀ ਤੋਂ ਵੀ ਸਪਸ਼ਟ ਹੈ । ਉਹਨਾਂ ਦੀ ਸ਼ੈਲੀ ਦੀ ਵਿਲੱਖਣਤਾ ਪਾਠਕਾਂ ਦਾ ਧਿਆਨ ਆਪਣੇ ਵੱਲ ਖਿੱਚਦੀ ਹੈ । ਆਨੰਦ ਦੀ ਪ੍ਰਤੀਤੀ

ਹੁੰਦੀ ਹੈ । ਸ਼ੈਲੀ ਦੀ ਵਿਲੱਖਣਤਾ ਅਤੇ ਪ੍ਰਯੋਗਸ਼ੀਲਤਾ ਬਾਹਰੀ ਰੂਪ ਵਾਲੀ ਨਹੀਂ, ਸਗੋਂ ਇਹ ਸ਼ਿਲਪ ਦੀਆਂ ਅੰਦਰਲੀਆਂ ਲੋੜਾਂ ਕਾਰਣ ਪੈਦਾ ਹੋਈ ਹੈ । ਉਹਨਾਂ ਦੀ ਮਾਂਜੀ ਹੋਈ ਸ਼ੈਲੀ ਸਹਿਜ ਅਤੇ ਸੁਭਾਵਿਕਤਾ ਪ੍ਰਗਟਾਉਂਦੀ ਹੈ । ਵਾਮਨ ਮਲ੍ਹਾਰ ਨੇ ਆਪਣੇ ਨਾਵਲਾਂ ਦੇ ਕਥਾਨਕਾਂ ਵਿਚ ਵਿਚਾਰਾਂ ਦੀ ਕਠੋਰਤਾ ਨਹੀਂ ਲਿਆਂਦੀ । ਇਸਦੇ ਉਲਟ ਕਲਾ ਵਿਚ ਗੰਭੀਰ ਵਿਚਾਰਾਂ ਦੀ ਰੰਗਤ ਚੜ੍ਹੀ ਹੋਈ ਦਿਖਾਈ ਦਿੰਦੀ ਹੈ । 'ਰਾਗਿਣੀ' ਵਰਗੇ ਨਾਵਲ ਵਿਚ ਵੀ 'ਕਾਵਿ-ਸ਼ਾਸਤ੍ਰ ਵਿਨੋਦ' ਸਮਝਣ ਵਿਚ ਔਖ ਪ੍ਰਤੀਤ ਨਹੀਂ ਹੁੰਦੀ । ਉਹਨਾਂ ਦੀ ਕਾਵਿਮਈ ਵਾਰਤਕ ਵਿਚ ਭਾਵਾਂ ਦੀ ਮਧੁਰਤਾ, ਸ਼ਾਸਤਰ ਵਿਚ ਸਿਧਾਂਤਕ ਵਿਚਾਰਧਾਰਾ ਅਤੇ ਵਿਨੋਦੀ ਰਚਨਾਵਾਂ ਵਿਚ ਉਲਹਾਸ ਅਤੇ ਕ੍ਰੀੜਾ ਬਿਰਤੀ ਦਾ ਸਮੀਕਰਨ ਹੋਇਆ । ਇਨ੍ਹਾਂ ਤਿੰਨਾਂ ਤੱਤਾਂ ਦਾ ਸੁਭਾਵਿਕ ਮਿਸ਼ਰਣ ਉਹਨਾਂ ਦੇ ਨਾਵਲਾਂ (ਨਲਿਨੀ ਨੂੰ ਛੱਡ ਕੇ) ਵਿਚੋਂ ਸਪਸ਼ਟ ਹੁੰਦਾ ਹੈ । ਇਸੇ ਲਈ ਉਹਨਾਂ ਦੇ ਨਾਵਲਾਂ ਵਿਚ ਵੇਦ-ਅਭਿਆਸ ਸਿਧਾਂਤਕ ਚਰਚਾ ਦਾ ਰੂਪ ਦਿਖਾਈ ਨਹੀਂ ਦਿੰਦਾ । ਨਾਵਲਾਂ ਵਿਚ ਖੇਡ ਤਮਾਸ਼ੇ, ਸ਼ਰਾਰਤੀਪਨ ਅਤੇ ਮਸ਼ਕਰੀਪਨ ਪ੍ਰਤੱਖ ਰੂਪ ਵਿਚ ਦਿਸਦੇ ਹਨ । ਉਹ ਰੂੜ੍ਹੀਗਤ ਅਰਥਾਂ ਵਿਚ ਹਾਸਰਸੀ ਲੇਖਕ ਨਹੀਂ ਪਰ ਉਹਨਾਂ ਦੀ ਵਿਨੋਦ-ਬੁੱਧੀ ਕਾਰਣ ਇਹੋ ਜਿਹੇ ਤੱਤ ਨਾਵਲਾਂ ਵਿਚ ਰੂਪਮਾਨ ਹੋਏ ।

ਵਾਮਨ ਮਲ੍ਹਾਰ ਦੇ ਨਾਵਲ ਲੇਖਨ ਦਾ ਸਮਾਂ 1915 ਤੋਂ 1935 ਈ. ਵੀਹ ਸਾਲ ਨਿਸਚਤ ਹੈ । *ਰਾਗਿਣੀ* (1915), *ਆਸ਼੍ਰਮ ਹਿਰਣੀ* (1916), *ਨਲਿਨੀ* (1920), *'ਸੁਸ਼ੀਲਾ ਦਾ ਦੇਵ'* (1930), *'ਇੰਦੂ ਕਾਲੇ ਤੇ ਸਰਲਾ ਭੋਲੇ'* (1934) ਵਿਚਕਾਰ ਲਿਖੇ ਗਏ । 'ਨਲਿਨੀ' ਪਹਿਲਾਂ ਹਫ਼ਤੇਵਾਰੀ ਪੱਤਰਾਂ ਵਿਚ ਕਿਸ਼ਤਾਂ ਵਿਚ ਛਪਕੇ ਵਧੇਰੇ ਪ੍ਰਸਿੱਧੀ ਦਾ ਕਾਰਣ ਬਣਿਆ । ਇਹ ਮਗਰੋਂ ਪੁਸਤਕ ਰੂਪ ਵਿਚ ਆਇਆ । *ਰਾਗਿਣੀ* 1914 ਈ. ਤੋਂ 'ਮਾਸਿਕ ਮਨੋਰੰਜਨ' ਵਿਚ ਪ੍ਰਕਾਸ਼ਿਤ ਹੋਣਾ ਸ਼ੁਰੂ ਹੋਇਆ ਤੇ ਪਾਠਕਾਂ ਦੀ ਦਿਲਚਸਪੀ ਦਾ ਕਾਰਣ ਬਣਿਆ । ਪਹਿਲੇ ਨਾਵਲ ਨਾਲ ਹੀ ਵਾਮਨ ਮਲ੍ਹਾਰ ਨੇ ਨਾਵਲ ਖ਼ੇਤਰ ਵਿਚ ਵਿਸ਼ੇਸ਼ ਸਥਾਨ ਪ੍ਰਾਪਤ ਕੀਤਾ । ਉਸ ਸਮੇਂ ਵਿਚ (ਅਤੇ ਮਗਰੋਂ ਵੀ) ਵਾ. ਮ. ਜੋਸ਼ੀ *'ਰਾਗਿਣੀ ਕਰਤਾ'* ਵਜੋਂ ਪ੍ਰਸਿੱਧ ਹੋਏ । *ਆਸ਼੍ਰਮ ਹਿਰਣੀ* 'ਮਰਾਠਾ ਮਿੱਤਰ' ਵਿਚ ਕਿਸ਼ਤਵਾਰ ਪ੍ਰਕਾਸ਼ਿਤ ਹੋਇਆ । ਵਾਮਨ ਮਲ੍ਹਾਰ ਦੇ ਪੰਜ ਨਾਵਲਾਂ ਵਿਚੋਂ ਚਾਰ ਨਾਵਲ ਹਫ਼ਤੇਵਾਰੀ ਪੱਤਰਾਂ ਵਿਚ ਛਪਕੇ ਪ੍ਰਸਿੱਧ ਹੋਏ । ਇਸਦਾ ਪ੍ਰਭਾਵ ਵਾਮਨ ਮਲ੍ਹਾਰ ਦੀ ਕਲਾ ਪੱਧਤੀ 'ਤੇ ਹੋਣਾ ਲਾਜ਼ਮੀ ਸੀ । 'ਰਾਗਿਣੀ' ਤਕਨੀਕ ਦੀ ਦ੍ਰਿਸ਼ਟੀ ਤੋਂ ਦੋਸ਼ਪੂਰਨ ਹੈ । ਫੇਰ ਵੀ ਉਸ ਨਾਵਲ ਦੇ ਅੰਤਰ-ਸੌਂਦਰਯ ਦੀ ਪ੍ਰਤੀਤੀ ਪਾਠਕਾਂ ਨੂੰ ਵਧੇਰੇ ਸ਼ਿੱਦਤ ਨਾਲ ਹੋਈ । ਇਨ੍ਹਾਂ ਪਾਠਕਾਂ ਵਿਚ ਸ਼੍ਰੀ ਪਾਦ ਕ੍ਰਿਸ਼ਣ ਵਰਗੇ ਸਾਹਿੱਤ-ਆਚਾਰੀਆ ਵੀ ਸ਼ਾਮਿਲ ਹਨ ।

*ਰਾਗਿਣੀ* ਦੀ ਪ੍ਰਸਿੱਧਤਾ ਦਾ ਰਹੱਸ ਸੁੰਦਰ ਪਾਤਰ ਚਿਤ੍ਰਣ, ਮਨਮੋਹਣਾ ਵਾਤਾਵਰਨ ਅਤੇ ਸਰਵ-ਪ੍ਰਭਾਵਿਤ ਨਵਾਂ ਵਿਚਾਰ ਦਰਸ਼ਨ ਹੈ । ਇਸ ਨਾਵਲ ਦੀ ਸਮੁੱਚੀ ਝਾਤ ਤੋਂ ਇਸਨੂੰ ਇਕ ਵੱਡ ਆਕਾਰੀ ਨਾਵਲ ਕਹਿਣਾ ਵਧੇਰੇ ਉਚਿਤ ਹੈ । ਇਸ ਨਾਵਲ

ਨੂੰ ਵਾਰਤਕ ਰੂਪੀ ਮਹਾਂ ਕਾਵਿ (Epic in Prose) ਵੀ ਕਿਹਾ ਜਾਂਦਾ ਹੈ । ਇਸ ਦ੍ਰਿਸ਼ਟੀ ਤੋਂ 'ਰਾਗਿਣੀ' ਵਿਚ ਘਾਟ ਹੈ ।

ਇਸ ਨਾਵਲ ਦੀ ਵੰਡ ਤਿੰਨ ਭਾਗਾਂ ਵਿਚ ਕੀਤੀ ਗਈ ਹੈ । ਇਕ ਭਾਗ ਵਿਚ ਕੋਈ ਪੰਝੀ ਅਧਿਆਇ ਹਨ । ਕਿਸੇ ਨਾਵਲ ਦੇ ਸਮੁੱਚ ਵਿਚ ਇਨੇਂ ਪ੍ਰਕਰਣ ਬਹੁਤ ਜ਼ਿਆਦਾ ਹਨ । ਇਸ ਨਾਵਲ ਦਾ ਬਾਹਰੀ ਆਕਾਰ ਕਾਫ਼ੀ ਬੇਤਰਤੀਬਾ ਹੈ । ਇਸ ਵਿਚ ਪਾਤਰਾਂ ਅਤੇ ਘਟਨਾਵਾਂ ਦੀ ਭਰਮਾਰ ਹੈ । ਕਥਾਨਕ 'ਚ ਉਪਕਥਾਨਕਾਂ ਦਾ ਪ੍ਰਵੇਸ਼ ਹੁੰਦਾ ਹੈ । ਵਾਰਤਾਲਾਪ, ਚਰਚਾ, ਸੁਫ਼ਨੇ, ਆਭਾਸ, ਸਾਖਿਆਤਕਾਰ ਸਪਸ਼ਟ ਵਰਨਣ, ਹਿਮਾਲਾ ਦਰਸ਼ਨ, ਰਿਸ਼ੀ ਦੇ ਆਸ਼ਰਮ ਤੇ ਜੰਗਲੀ ਟੋਲੀਆਂ ਦੇ ਲੰਮੇ ਚੌੜੇ ਪਸਾਰ ਵੱਡੇ ਵੱਡੇ ਪ੍ਰਮਾਣਾਂ ਤੇ ਆਧਾਰਿਤ ਹਨ । ਇਸੇ ਲਈ ਨਾਵਲ ਦੀ ਸੰਕਲਪੀ ਵਿਧੀ ਰਚਨਾ ਦੇ ਆਂਤਰਿਕ ਪਸਾਰ, ਪਾਤਰ ਚਿੱਤਰਣ ਅਤੇ ਵਿਚਾਰ ਦਰਸ਼ਨ ਵਿਚ ਸੰਗਤੀ-ਸੂਤਰ ਦਿਖਾਈ ਦਿੰਦੀ ਹੈ । ਇਸ ਨਾਵਲ ਦੇ ਪ੍ਰਕਰਣਾਂ ਦੇ ਨਾਂ 'ਨਗਾਧਿਰਾਜ ਹਿਮਾਲਾ', 'ਰਮਣੀਕ ਉਦਾਸਨੀਤਾ', 'ਸਨਿਮ੍ਰਤਾ ਦੀ ਲੜਾਈ', 'ਦੇਵਤਾ ਦਾ ਹੱਲਾ' ਸੰਕੇਤਕ ਅਨੁਭਵ ਪੇਸ਼ ਕਰਦੇ ਹਨ । ਇਨ੍ਹਾਂ ਨਾਵਲਾਂ ਦੇ ਉਦੇਸ਼ ਅਤੇ ਰਚਨਾਤਮਕ ਪ੍ਰਕ੍ਰਿਆ ਆਧੁਨਿਕ ਮਹਾਰਾਸ਼ਟਰ ਦੇ ਵੈਚਾਰਿਕ ਅੰਦੋਲਨਾਂ ਦੀ ਪ੍ਰਸੰਗਿਕ ਸਥਿਤੀ ਦੇ ਵਿਕਾਸ ਨੂੰ ਦਿਖਾਉਣਾ ਹੈ । ਪੌਰਾਣਕ, ਮੱਧਕਾਲੀਨ ਅਤੇ ਆਧੁਨਿਕ ਤੱਤਾਂ ਨੂੰ ਮੁੱਖ ਰੱਖਕੇ ਇਨ੍ਹਾਂ ਨਾਵਲਾਂ ਦੀ ਰਚਨਾ ਹੋਈ ।

*ਰਾਗਿਣੀ* ਵਿਚ ਮਰਦ ਪਾਤਰਾਂ ਨਾਲੋਂ ਇਸਤ੍ਰੀ ਪਾਤਰ ਵਧੇਰੇ ਵਿਲੱਖਣ ਹਨ । ਪੜ੍ਹੀ ਲਿਖੀ ਇਸਤ੍ਰੀ ਦੇ ਮਨ ਦਾ ਵਾਮਨ ਮਲ੍ਹਾਰ ਨੇ ਜਿਹੜਾ ਲੋਭ-ਰਹਿਤ ਚਿਤਰ ਆਪਣੇ ਨਾਵਲਾਂ (ਡਾ. ਕੇਤਕਰ ਅਪਵਾਦ) ਵਿਚ ਪੇਸ਼ ਕੀਤਾ ਉਸਦੀ ਉਦਾਹਰਣ ਮਰਾਠੀ ਨਾਵਲ ਵਿਚ ਹੋਰ ਕਿਧਰੇ ਨਹੀਂ ਮਿਲਦੀ । ਨਾਵਲ ਦੇ ਆਰੰਭ ਵਿਚ ਟੈਨੀਸਨ ਦੀ ਕਾਵਿ-ਟੂਕ -' The old order changeth giving place to new' ਪੇਸ਼ ਕੀਤੀ ਹੈ । ਇਹ ਨਾਵਲ ਜੀਵਨ ਦੀ ਗਤੀਸ਼ੀਲਤਾ ਦੀ ਸੰਕੇਤਕ ਜਾਣਕਾਰੀ ਦਿੰਦਾ ਹੈ । ਇਸ ਨਾਵਲ ਦੇ ਮੁੱਖ-ਪਾਤਰ ਇਸਤ੍ਰੀ-ਪੁਰਸ਼ ਵਿਚਾਰਸ਼ੀਲ ਪ੍ਰੌੜ੍ਹ ਅਤੇ ਸਿਧਾਂਤ ਰੂਪ ਵਿਚ ਜਗਿਆਸੂ ਹਨ । ਨਾਨਾ ਸਾਹਿਬ, ਭਾਊ ਸਾਹਿਬ, ਸ਼ਾਸਤ੍ਰੀ ਬੋਵਾ ਪੁਰਾਣੀ ਪੀੜ੍ਹੀ ਦੇ ਅਤੇ ਭਈਆ ਸਾਹਿਬ, ਆਨੰਦ ਰਾਓ ਆਦਿ ਨਵੀਂ ਪੀੜ੍ਹੀ ਦੇ ਪਾਤਰ ਉੱਚੇ ਬੌਧਿਕ ਵਾਤਾਵਰਣ ਵਿਚ ਵਿਚਰਨ ਵਾਲੇ ਪਾਤਰ ਹਨ । ਉੱਤਰਾ ਅਤੇ ਰਾਗਿਣੀ ਮੁਟਿਆਰਾਂ ਦੇ ਮਨਾਂ ਵਿਚ ਨਵੇਂ ਜੀਵਨ ਦੇ ਅਰਥਾਂ ਦਾ ਸੰਚਾਰ ਹੁੰਦਾ ਹੈ । ਵਾਮਨ ਮਲ੍ਹਾਰ ਪੂਰਵ ਨਾਵਲਾਂ ਵਿਚ ਇਸਤ੍ਰੀ ਆਮ ਤੌਰ 'ਤੇ ਘਰੋਗੀ ਮਾਹੌਲ ਵਿਚ ਰਹਿੰਦੀ ਹੋਈ ਅੰਗ੍ਰੇਜ਼ੀ ਸਿੱਖਿਆ ਦੇ ਸੰਸਕਾਰਾਂ ਤੋਂ ਨਿਰਲੇਪ ਸੀ । ਉਹ ਪੁਰਸ਼ਾਂ ਦੀ ਨਿਸੰਗ ਹੋਕੇ ਚਰਚਾ ਨਹੀਂ ਕਰਦੀ ਸੀ । 'ਰਾਗਿਣੀ' ਵਿਚ ਪਹਿਲੀ ਵਾਰੀ ਨਵੀਂ ਇਸਤ੍ਰੀ ਦੇ ਦਰਸ਼ਨ ਹੁੰਦੇ ਹਨ । ਇਸ ਨਾਵਲ ਦੀਆਂ ਮੁਟਿਆਰਾਂ ਮਰਦਾਂ ਨਾਲ ਸੈਰ ਸਪਾਟੇ ਕਰਨ ਜਾਂਦੀਆਂ ਹਨ । ਪੁਰਸ਼ਾਂ ਨਾਲ ਹੱਸਦੀਆਂ ਖੇਡਦੀਆਂ ਤੇ ਬੌਧਿਕ ਸੰਵਾਦ ਰਚਾਉਂਦੀਆਂ ਅਤੇ ਓਹਨਾਂ

ਨੂੰ ਹਾਰ ਦਾ ਅਹਿਸਾਸ ਕਰਵਾਉਂਦੀਆਂ ਹਨ । ਇਹ ਮੁਟਿਆਰਾਂ ਪ੍ਰੌੜ੍ਹ ਅਤੇ ਸੁਤੰਤਰ ਵਿਚਾਰਾਂ ਵਾਲੀਆਂ ਹਨ ।

ਉੱਤਰਾ ਤੇ ਰਾਗਿਣੀ *ਰਾਗਿਣੀ* ਨਾਵਲ ਦੇ ਦੋ ਪ੍ਰਮੁੱਖ ਇਸਤ੍ਰੀ ਪਾਤਰ ਹਨ । ਉਹ ਨਾਵਲ ਇਨ੍ਹਾਂ ਦੇ ਸਮੁੱਚੇ ਜੀਵਨ ਉੱਪਰ ਆਧਾਰਿਤ ਹੈ । ਇਨ੍ਹਾਂ ਦੋਵਾਂ ਦੇ ਸੁਭਾਉ ਉੱਕਾ ਹੀ ਭਿੰਨ ਹਨ । ਦੋਵੇਂ ਪ੍ਰੌੜ੍ਹ ਤੇ ਵਿਕਸਿਤ ਮਾਨਸਿਕ ਅਵਸਥਾ ਵਿਚ ਹਨ । ਸਿੱਖਿਆ-ਸਭਿਆਚਾਰ ਕਾਰਣ ਦੋਵੇਂ ਕੁੜੀਆਂ ਸੁਤੰਤਰ ਵਿਚਾਰਾਂ ਦੀਆਂ ਹਨ । ਉਹਨਾਂ ਦੇ ਸਨਮੁੱਖ ਉਸਾਰਿਆ ਜਾਣ ਵਾਲਾ ਪਰਿਵਾਰਿਕ ਜੀਵਨ ਇਸ ਨਾਵਲ ਦਾ ਮੁੱਖ ਪ੍ਰਵਾਹ ਹੈ ।' ਤਤਕਾਲੀਨ ਸੁਸਿੱਖਿਅਤ ਪਾਠਕ ਵਰਗ ਨੇ *ਰਾਗਿਣੀ* ਅਤੇ ਇਸਦੇ ਕਰਤਾ ਨੂੰ ਲੋਕ-ਪ੍ਰਿਯ ਬਣਾਉਣ ਵਿਚ ਵਿਸ਼ੇਸ਼ ਭੂਮਿਕਾ ਨਿਭਾਈ । 'ਹਰ ਇਕ ਪਾਠਕ ਨੇ ਇਸ ਨਾਵਲ ਦਾ ਰਸ ਪ੍ਰਾਪਤ ਕਰਨ ਉਪਰੰਤ ਇੰਝ ਮਹਿਸੂਸ ਕੀਤਾ ਜਿਵੇਂ 'ਰਾਗਿਣੀ' ਦੀ ਸੰਗਤ ਉਹਨਾਂ ਲਈ ਗੰਗਾ ਮਾਈ ਵਰਗੀ ਸਵੱਛ, ਸਾਧੂਆਂ ਜਿਹੀ ਪਵਿਤਰ ਅਤੇ ਕਵੀਆਂ ਵਰਗੀ ਪਾਵਨ ਛੋਹ ਲਾਉਣ ਵਾਲੀ ਹੋਵੇ ।' ਇਨ੍ਹਾਂ ਸ਼ਬਦਾਂ ਦੁਆਰਾ ਸ਼੍ਰੀ ਪਾਦ ਕ੍ਰਿਸ਼ਣ ਕੋਲ੍ਹਟਕਰ ਨੇ ਇਸ ਨਾਵਲ ਦੀ ਪ੍ਰਸ਼ੰਸਾ ਕੀਤੀ ਹੈ ।

*ਆਸ਼੍ਰਮ ਹਿਰਣੀ*, *ਰਾਗਿਣੀ* ਤੋਂ ਮਗਰੋਂ ਦੀ ਰਚਨਾ ਹੈ । ਇਨ੍ਹਾਂ ਦੋਵਾਂ ਨਾਵਲਾਂ ਦੀ ਤਕਨੀਕ ਅਤੇ ਬਾਹਰੀ ਆਕਾਰ ਵਿਚ ਬਹੁਤ ਫ਼ਰਕ ਹੈ । *'ਆਸ਼੍ਰਮਹਿਰਣੀ'* ਦੀ ਰਚਨਾ ਅਤਿਅੰਤ ਗੁੰਦਵੀਂ ਅਤੇ ਢੁੱਕਵੇਂ ਆਕਾਰ ਵਾਲੀ ਹੈ । ਵਾਮਨ ਮਲ੍ਹਾਰ ਨੇ ਇਸ ਗੱਲ ਦੀ ਭ੍ਰਾਂਤੀ ਆਰੰਭ ਤੋਂ ਅਖ਼ੀਰ ਤੱਕ ਕਲਾਮਈ ਯੁਕਤੀ ਦੁਆਰਾ ਪੈਦਾ ਕੀਤੀ ਹੈ ਕਿ ਇਹ ਨਾਵਲ ਤੁਹਾਡੇ ਲਈ ਲੱਭ ਕੇ ਲਿਆਂਦੀ ਹੋਈ ਸੁਗਾਤ ਹੈ । ਇਸ ਨਾਵਲ ਵਿਚ ਵਿਅਕਤੀ ਚਿਤਰਣ, ਵਾਤਾਵਰਨ, ਭਾਸ਼ਾ ਸ਼ੈਲੀ ਇਨੀਂ ਖ਼ੂਬਸੂਰਤੀ ਨਾਲ ਪੇਸ਼ ਕੀਤੀ ਹੈ ਕਿ ਇਹ ਕਿਸੇ ਵੀ ਪੌਰਾਣਕ ਪੁਸਤਕ ਲਈ ਸ਼ੋਭਾਯੁਕਤ ਹੋ ਨਿੱਬੜਦੀ ਹੈ । ਇਸ ਨਾਵਲ ਦੀ ਅੰਤਿਕਾ ਪ੍ਰਾਚੀਨ ਅਤੇ ਮੰਤਵ ਵਿਲੱਖਣ ਹੋਣ ਕਰਕੇ ਉਤਸ਼ਾਹਜਨਕ ਪ੍ਰਤੀਤ ਹੁੰਦੇ ਹਨ । ਪੌਰਾਣਕ ਕਾਲ ਦਾ ਆਭਾਸ ਕਰਵਾਉਣ ਵਾਲਾ ਇਹ ਉਤਸ਼ਾਹਜਨਕ ਮੰਤਵ ਵਾਮਨ ਮਲ੍ਹਾਰ ਨੇ ਆਪਣੇ ਪਾਠਕਾਂ ਦੇ ਦ੍ਰਿਸ਼ਟੀਗੋਚਰ ਕੀਤਾ ਜੋ ਬਹੁਤ ਮਹੱਤਵਪੂਰਨ ਹੈ ।

*ਆਸ਼੍ਰਮ ਹਿਰਣੀ* ਵਿਚ ਸੁਲੋਚਨਾ ਦੇ ਸੰਦਰਭ ਵਿਚ ਦੋ ਪਤੀ ਰੱਖਣ ਦਾ ਪ੍ਰਸ਼ਨ ਪੈਦਾ ਹੁੰਦਾ ਹੈ । ਇਹ ਨਾਵਲ ਲਿਖਕੇ ਵਾਮਨ ਮਲ੍ਹਾਰ ਨੇ ਇਕ ਕ੍ਰਾਂਤੀਕਾਰੀ ਵਿਚਾਰ ਆਪਣੇ ਪਾਠਕਾਂ ਦੇ ਮਨਾਂ ਵਿਚ ਪੈਦਾ ਕੀਤਾ । 'ਵਿਆਹ ਸਬੰਧੀ ਇਸਤ੍ਰੀ ਧਰਮ ਕੀ ਹੈ ?' ਜਾਂ 'ਕੀ ਇਸਤ੍ਰੀ ਦਾ ਨਿਰਮਾਣ ਪਰਮਾਤਮਾ ਨੇ ਮਰਦ ਦੇ ਸੁਖ ਲਈ ਕੀਤਾ ਹੈ ?' 'ਉਸਦੀ ਆਤਮਾ ਦੀ ਕੋਈ ਸੁਤੰਤਰ ਹੋਂਦ ਨਹੀਂ ?' ਇਸ ਪ੍ਰਕਾਰ ਦੇ ਮੂਲ ਪ੍ਰਸ਼ਨ, ਇਸ ਨਾਵਲ ਦੁਆਰਾ, ਵਾਮਨ ਮਲ੍ਹਾਰ ਨੇ ਪਾਠਕਾਂ ਦੀ ਸੋਚ ਨੂੰ ਟੁੰਭਣ ਲਈ ਪੈਦਾ ਕੀਤੇ ।

*ਆਸ਼੍ਰਮ ਹਿਰਣੀ* ਦੀ ਪਹਿਲੀ ਛਾਪ ਵਿਚ ਸੂਰਯਗਤੀ ਅਤੇ ਸੁਲੋਚਨਾ ਦੀ ਮੌਤ

ਸੰਘ ਲੜਨ ਕਾਰਣ ਹੁੰਦੀ ਦਿਖਾਕੇ ਦੋ ਪਤੀਆਂ ਦਾ ਪ੍ਰਸ਼ਨ ਟਾਲਣ ਦੀ ਕੋਸ਼ਿਸ਼ ਕੀਤੀ ਪਰ ਦੂਜੀ ਛਾਪ ਵਿਚ ਵਾਮਨ ਨੇ ਬੇਬਾਕ ਹੋ ਕੇ ਮ੍ਰਿਤੂ ਦੀ ਘਟਨਾ ਬਿਆਨ ਕੀਤੀ ਅਤੇ ਸੁਲੋਚਨਾ ਨਾਲ ਉਸਦੇ ਦੋਵੇਂ ਪਤੀਆਂ ਧੌਮ ਅਤੇ ਸੂਰਯਗੜੀ ਨੇ ਰਹਿੰਦੀ ਆਯੂ ਸ਼ਾਂਤੀ ਅਤੇ ਆਨੰਦ ਨਾਲ ਬਤੀਤ ਕੀਤੀ । ਵਾਮਨ ਮਲ੍ਹਾਰ ਨੇ ਇਹ ਗੱਲ ਕਬੂਲ ਕੀਤੀ ਕਿ ਪਹਿਲੀ ਜਿਲਦ ਵਿਚ ਇਹ ਕੁਝ ਪੇਸ਼ ਕਰਨ ਦੀ ਉਹਨਾਂ ਦੀ ਹਿੰਮਤ ਨਹੀਂ ਪਈ ਸੀ । ਇਹ ਕੁਝ ਸਵੀਕਾਰ ਕਰਨਾ ਉਹਨਾਂ ਦੀ ਸਾਫ਼ਗੋਈ ਉੱਪਰ ਪ੍ਰਕਾਸ਼ ਪਾਉਂਦਾ ਹੈ । *'ਆਸ਼੍ਰਮ ਹਿਰਣੀ'* ਦੀ ਸੁੰਦਰਤਾ ਬਾਰੇ ਸੁਸ਼ਮਾਵਤੀ ਦੇਸ਼ਪਾਂਡੇ ਲਿਖਦੇ ਹਨ-'ਪੂਰਨ ਵਿਕਸਿਤ ਕਥਾਨਕ ਦੁਆਰਾ ਪਾਤਰ ਚਿਤਰਣ ਅਤੇ ਕਥਾ ਵਿਚ ਸੁਮੇਲ ਦਿਖਾਈ ਦਿੰਦਾ ਹੈ । ਤਕਨੀਕ ਦੀ ਦ੍ਰਿਸ਼ਟੀ ਤੋਂ ਕਹਾਣੀ ਵਿਚ ਪੇਸ਼ ਹੋਇਆ ਨਿਰਮਲ ਵਾਤਾਵਰਣ ਇਸ ਨਾਵਲ ਦੀ ਪ੍ਰਸਿੱਧੀ ਦਾ ਲਖਾਇਕ ਹੈ । ਆਸ਼ਰਮ ਦੇ ਵਾਤਾਰਣ ਦਾ ਨਿਰਮਾਣ ਕਰਨ ਲਈ ਧੌਮ, ਸੂਰਯਗਤੀ ਆਦਿ ਦੀ ਬਾਲਗੋਪਾਲ ਲੀਲ੍ਹਾ ਦਾ ਵਰਨਣ ਕਰਕੇ ਉਹਨਾਂ ਦੀ ਵੱਡੀ ਆਯੂ ਦੇ ਪ੍ਰਸ਼ਨਾਂ ਨੂੰ ਸੁਹਿਰਦਤਾ ਨਾਲ ਪੇਸ਼ ਕਰਦਿਆਂ ਵਾਮਨ ਮਲ੍ਹਾਰ ਦਾ ਚਿੱਤ ਰੰਗੀਨ ਹੋਕੇ ਉਘੜਦਾ ਹੈ । ਇਸ ਲਈ ਉਹ ਵਿਲੱਖਣ ਸ਼ਬਦ ਕਲਾ ਦੀ ਵਰਤੋਂ ਕਰਦੇ ਹਨ । ਵਿਲੱਖਣ ਪ੍ਰਕਾਰ ਦੇ ਚਿਤਰ ਪੇਸ਼ ਕਰਨ ਲਈ ਅਲੰਕ੍ਰਿਤ ਭਾਸ਼ਾ ਦੀ ਵਰਤੋਂ ਕਰਦੇ ਹਨ ਅਤੇ ਆਰੰਭ ਤੋਂ ਅੰਤ ਤੱਕ ਇਕ ਵਿਲੱਖਣ ਜਗਤ ਦੀ ਸਥਾਪਨਾ ਕਰਦੇ ਹਨ.....। ਉਸ ਦੁਰਾਡੇ ਪਰ ਖੁਸ਼ੀਆਂ ਭਰੇ ਵਾਤਾਵਰਣ ਵਿਚ ਮਨ ਗੁਆਚ ਜਾਂਦਾ ਹੈ.....। ਇਸ ਕਲਪਨਾ ਦਾ ਨਿਰਮਾਣ ਵਾਸਤਵਿਕ ਜਗਤ ਤੋਂ ਭਗੌੜਾ ਨਹੀਂ ਹੁੰਦਾ । ਇੱਥੇ ਵਾਸਤਵਿਕਤਾ ਤੇ ਕਲਪਨਾ ਦਾ ਸੁਮੇਲ ਸੁੰਦਰ ਰੂਪ ਵਿਚ ਹੁੰਦਾ ਹੈ । ਕਲਪਨਾ ਦੇ ਪ੍ਰਕਾਸ਼ ਵਿਚ ਵਾਸਤਵਿਕਤਾ ਚਮਕਦੀ ਹੈ ਅਤੇ ਵਾਸਤਵਿਕਤਾ ਦੇ ਦਰਸ਼ਨਾਂ ਵਿਚ ਕਲਪਿਤ ਮੰਤਵ ਉਘੱੜਦਾ ਹੈ[9]।'

*ਨਲਿਨੀ* 1920 ਈ. ਵਿਚ ਪ੍ਰਕਾਸ਼ਿਤ ਹੋਇਆ । ਇਹ ਨਾਵਲ ਰਚਨਾ ਅਤੇ ਉਦੇਸ਼ ਦੀ ਦ੍ਰਿਸ਼ਟੀ ਤੋਂ ਛੋਟਾ ਅਤੇ ਹਲਕਾ ਪ੍ਰਤੀਤ ਹੁੰਦਾ ਹੈ । ਵਾਮਨ ਮਲ੍ਹਾਰ ਨੇ ਖ਼ੁਦ ਇਸ ਰਚਨਾ ਨੂੰ 'ਨਕਟੀ' ਆਖਿਆ ਹੈ । ਇਸ ਨਾਵਲ ਵਿਚ ਵਾਮਨ ਮਲ੍ਹਾਰ ਦੀ ਕਲਾਤਮਕ ਦ੍ਰਿਸ਼ਟੀ ਅੰਸ਼ਕ ਰੂਪ ਵਿਚ ਵੀ ਰੂਪਮਾਨ ਨਹੀਂ ਹੁੰਦੀ । ਇਸੇ ਲਈ ਉਸਦੇ ਉਕਤ ਨਾਵਲਾਂ (ਸੁਸ਼ੀਲਾ ਦਾ ਦੇਵ ਅਤੇ ਇੰਦੂ ਕਾਲ਼ੇ ਅਤੇ ਸਰਲ਼ਾ ਭੋਲ਼ੇ) ਬਾਰੇ ਵਿਚਾਰ ਕਰਨਾ ਉਚਿਤ ਹੋਵੇਗਾ । *ਸੁਸ਼ੀਲਾ ਦਾ ਦੇਵ* ਪ੍ਰਗਤੀਸ਼ੀਲ ਵਿਚਾਰਧਾਰਾ ਪੇਸ਼ ਕਰਨ ਵਾਲਾ ਨਾਵਲ ਹੈ । *ਇੰਦੂ ਕਾਲ਼ੇ ਅਤੇ ਸਰਲ਼ਾ ਭੋਲ਼ੇ* ਵਿਚ ਨਵੀਂ ਸੋਧੀ ਹੋਈ ਤਕਨੀਕ ਦੀ ਗਵਾਹੀ ਮਿਲਦੀ ਹੈ । 'ਰਾਗਿਣੀ' ਅਤੇ 'ਆਸ਼੍ਰਮ ਹਿਰਣੀ' ਬਾਰੇ ਜਿਹੜੀ ਰਾਏ ਸਥਾਪਤ ਹੋਈ ਹੈ ਉਹ ਇਨ੍ਹਾਂ ਦੋਵਾਂ ਨਾਵਲਾਂ ਉੱਪਰ ਵੀ ਢੁੱਕਦੀ ਹੈ । *ਰਾਗਿਣੀ* ਮੰਤਵ ਦੀ ਦ੍ਰਿਸ਼ਟੀ ਤੋਂ ਸੰਪੂਰਨ ਹੈ ਪਰ ਇਸਦੀ ਬਿਰਤਾਂਤ-ਵਿਧੀ ਕੱਚੀ ਹੈ । ਇਸਦੀ ਤੁਲਨਾ ਇਸ 'ਆਸ਼੍ਰਮ ਹਿਰਣੀ' ਵਧੇਰੇ ਦਿਲਚਸਪ ਰਚਨਾ ਹੈ । *ਸੁਸ਼ੀਲਾ ਦਾ ਦੇਵ* ਦੀ *ਇੰਦੂ ਕਾਲ਼ੇ...* ਨਾਲ ਇਸੇ ਪ੍ਰਕਾਰ ਦੀ ਤੁਲਨਾ ਕੀਤੀ ਜਾ ਸਕਦੀ ਹੈ ।

ਮੰਤਵ ਦੀ ਦ੍ਰਿਸ਼ਟੀ ਤੋਂ *ਸੁਸ਼ੀਲਾ ਦਾ ਦੇਵ* ਦੀ ਵਿਚਾਰਕ ਪੱਧਰ ਕਾਫ਼ੀ ਉੱਚੀ ਹੈ । ਸੁਸ਼ੀਲਾ ਇਸ ਨਾਵਲ ਦੀ ਨਾਇਕਾ ਭਾਵ ਕੇਂਦਰੀ ਵਿਅਕਤੀ ਹੋਣ ਦੇ ਨਾਤੇ ਉਸਦੇ ਕ੍ਰਾਂਤੀਕਾਰੀ ਵਿਚਾਰ ਇਸ ਨਾਵਲ ਦਾ ਕੇਂਦਰ ਬਿੰਦੂ ਹਨ । ਸੁਸ਼ੀਲਾ ਦੇ ਬਾਲਪਨ ਤੋਂ ਹੀ ਉਸਦਾ ਮਾਨਸਿਕ ਵਿਕਾਸ ਕਿਹੜੀਆਂ ਘਟਨਾਵਾਂ ਦੇ ਪ੍ਰਸੰਗ ਵਿਚ ਹੋਇਆ ਅਤੇ ਕਿਹੜੇ ਵਿਅਕਤੀਆਂ ਕਾਰਣ ਹੋਇਆ, ਇਹ ਕੁਝ ਸਿੱਧ ਕਰਦਾ ਹੈ ਕਿ ਪੱਥਰ ਨੂੰ ਦੇਵਤੇ ਸਵੀਕਾਰ ਕਰਨ ਵਾਲੀ ਬਾਲ ਸੁਸ਼ੀਲਾ ਪ੍ਰੌੜ੍ਹ ਅਵਸਥਾ ਵਿਚ 'ਉਦੇਸ਼ ਇਹੋ ਹੈ ਦੇਵ' ਕਿਵੇਂ ਮੰਨਣ ਲੱਗ ਪਈ, ਇਸਦਾ ਸਾਰੰਸ਼ ਇਸ ਨਾਵਲ ਵਿਚ ਪ੍ਰਗਟ ਹੁੰਦਾ ਹੈ । ਇਸ ਨਾਵਲ ਵਿਚ ਘਟਨਾ ਪ੍ਰਸੰਗਾਂ ਦੀ ਯੋਜਨਾ ਸੁਤੰਤਰ ਅਤੇ ਸੰਘਣੇ ਰੂਪ ਵਿਚ ਹੋਈ ਹੈ । ਰਾਓ ਜੀ ਅਤੇ ਸੁਸ਼ੀਲਾ ਵਿਚਕਾਰ ਪ੍ਰੇਮ ਭਾਵਨਾ ਦਾ ਉਤਪੰਨ ਹੋਣਾ, ਉਹਨਾਂ ਦਾ ਸਾਵਾਂ ਪੱਧਰਾ ਸੰਸਾਰਕ ਜੀਵਨ ਅਤੇ ਰਾਓ ਜੀ ਦੀ ਮੌਤ ਤੋਂ ਬਾਅਦ ਇਸ ਸੰਸਾਰ ਦਾ ਅੰਤ ਇਹ ਕੁਝ ਦ੍ਰਿਸ਼ਟੀਗੋਚਰ ਨਹੀਂ ਹੁੰਦਾ । ਰਾਓ ਜੀ ਦੀ ਮ੍ਰਿਤੂ ਤੋਂ ਪਿੱਛੋਂ ਸੁਸ਼ੀਲਾ ਦੇ ਮਨ ਵਿਚ ਪੈਦਾ ਹੋਣ ਵਾਲਾ ਅੰਦੋਲਨ ਅਤੇ ਵਿਸ਼ਵ ਪਰਿਵਾਰ ਤੀਕ ਹੋਣ ਵਾਲਾ ਉਸਦੇ ਮਨ ਦਾ ਪ੍ਰਵਾਸ ਇਹ ਅਮਗਲੇ ਭਾਗ ਵਿਚ ਵਿਸ਼ੇਸ਼ ਰੂਪ ਵਿਚ ਦੇਖਿਆ ਜਾ ਸਕਦਾ ਹੈ । ਉਦੇਸ਼ ਪੂਰਨ ਦੇਵ ਸਵੀਕਾਰ ਕਰਨ ਦੀ ਕਲਪਨਾ ਦਾ ਉਦਘਾਟਨ ਵਾਮਨ ਮਲ੍ਹਾਰ ਨੇ 'ਉਦੇਸ਼ ਇਹੋ ਹੈ ਦੇਵ' ਨਿਬੰਧ ਵਿਚ ਪਹਿਲਾਂ ਹੀ ਕਰ ਦਿੱਤਾ ਸੀ । ਆਪਣੇ ਉਸ ਵਿਚਾਰ ਨੂੰ ਇਸ ਨਾਵਲ ਵਿਚ ਉਸਨੇ ਦੁਬਾਰਾ ਪੇਸ਼ ਕੀਤਾ । 'ਉਦੇਸ਼ ਇਹੋ ਹੈ ਦੇਵ' ਵਿਚਾਰ ਦੀ ਅੱਜ ਦੇ ਵਿਸ਼ਵ ਪਰਿਵਾਰ ਦੇ ਸਬੰਧ ਵਿਚ ਪ੍ਰਪੱਕਤਾ ਹੋਣੀ ਇਕ ਅਟੱਲ ਸਚਾਈ ਦੇ ਰੂਪ ਵਿਚ ਪੇਸ਼ ਕੀਤੀ ਹੈ । ਇਸੇ ਕਰਕੇ ਅਭਿਵਿਅਕਤੀ ਨਾਲੋਂ ਉਦੇਸ਼ ਦੀ ਦ੍ਰਿਸ਼ਟੀ ਤੋਂ 'ਸੁਸ਼ੀਲਾ ਦਾ ਦੇਵ' ਇਕ ਸੰਗਠਿਤ ਤੇ ਮਹੱਤਵਪੂਰਨ ਨਾਵਲ ਹੋ ਨਿਬੜਿਆ ਹੈ । ਨਾਵਲ ਦੀ ਵਿਚਾਰਧਾਰਾ ਦੇਸ਼-ਕਾਲ ਅਤੇ ਜਾਤੀ-ਧਰਮ ਦੇ ਦਿਸਹੱਦੇ ਤੋਂ ਉੱਪਰ ਉੱਠੀ ਦਿਖਾਈ ਦਿੰਦੀ ਹੈ । ਪਹਿਲਾਂ ਦੀ ਤੁਲਨਾ ਨਾਲੋਂ ਇਸ ਨਵਲ ਵਿਚ ਵਾਤਾਵਰਨ ਵੀ ਬਦਲਿਆ ਹੋਇਆ ਦਿਖਾਈ ਦਿੰਦਾ ਹੈ । ਇਸਦੇ ਪਾਤਰ ਦੂਜੇ ਨਾਵਲਾਂ ਵਿਚ ਮਿਲਣ ਵਾਲੇ ਪਾਤਰਾਂ ਵਾਂਗ ਸੁਤੰਤਰ ਵਿਚਾਰਾਂ ਅਤੇ ਸਭਿਆਚਾਰਕ ਬਿਰਤੀ ਦਾ ਕਲਾਤਮਕ ਪ੍ਰਗਟਾਵਾ ਕਰਦੇ ਹਨ, ਪਰ ਇਹ ਦੂਜੇ ਨਾਵਲਾਂ ਵਾਂਗ ਮਧਵਰਗੀ ਸੁਸਿੱਖਿਅਤ ਜਗਤ ਨਾਲ ਸਬੰਧ ਨਹੀਂ ਰੱਖਦੇ । 'ਸੁਸ਼ੀਲਾ ਦਾ ਦੇਵ' ਵਿਚ ਉਸਦਾ ਲਕਸ਼ ਸਮਾਜ ਵਿਚਲੇ ਨਿਮਨ ਵਰਗ ਨੂੰ ਪੇਸ਼ ਕਰਨਾ ਹੈ । ਇਸ ਦ੍ਰਿਸ਼ਟੀ ਤੋਂ ਇਸ ਨਾਵਲ ਵਿਚ 'ਇਹ ਸਾਡੀ ਸਮਾਜ ਵਿਵਸਥਾ' ਪ੍ਰਕਰਣ ਵੱਲ ਝਾਤ ਮਾਰਨੀ ਜ਼ਰੂਰੀ ਹੈ । ਇਸ ਪ੍ਰਕਰਣ', ਵਿਚ ਸੁਸ਼ੀਲਾ ਦੇ ਮਨ ਵਿਚ ਪੈਦਾ ਹੋਣ ਵਾਲਾ ਵਿਦਰੋਹ, ਇਸ ਸਥਿਤੀ ਦੇ ਸੰਦਰਭ ਵਿਚ ਵਾਮਨ ਮਲ੍ਹਾਰ ਨੇ ਇਨ੍ਹਾਂ ਸ਼ਬਦਾਂ ਦੁਆਰਾ ਵਿਅਕਤ ਕੀਤਾ-'ਨਾਵਲਾਂ ਨਾਟਕਾਂ ਵਿਚ ਪ੍ਰੇਮ ਤੋਂ ਬਿਨਾਂ ਹੋਰ ਕੋਈ ਵਿਸ਼ੇ ਨਹੀਂ, ਰਾਜਸੀ ਲੋਕਾਂ ਨੂੰ ਸਵਰਾਜ ਤੋਂ ਬਿਨਾਂ ਹੋਰ ਕੋਈ ਗੱਲ ਨਹੀਂ ਸੁੱਝਦੀ, ਸਮਾਜ ਸੁਧਾਰਕਾਂ ਨੂੰ ਵਿਧਵਾ ਵਿਆਹ, ਇਸਤ੍ਰੀ ਵਿੱਦਿਆ ਅਤੇ ਬ੍ਰਾਹਮੁੱਣਤਰ ਵਰਗੇ ਵਿਸ਼ੇ ਸੁੱਝਦੇ ਹਨ । ਗ਼ਰੀਬ ਗੁਰਬੇ ਹਰੀਜਨਾਂ ਅਤੇ ਹੋਰ

ਨਿਮਨ ਵਰਗ ਦੀ ਹਾਲਤ ਸੁਧਾਰਨ ਲਈ ਕੋਈ ਫ਼ਿਕਰਮੰਦ ਨਹੀਂ । ਸਾਰਾ ਸਮਾਜ ਗਲਿਆ ਸੜਿਆ ਅਤੇ ਬੁਸਿਆ ਹੋਇਆ ਹੈ ।'

ਸੁਸ਼ੀਲਾ ਦੇ ਇਹ ਉਦਗਾਰ ਇਕ ਤਰ੍ਹਾਂ ਨਾਲ ਵਾਮਨ ਮਲ੍ਹਾਰ ਦੇ ਹੀ ਵਿਚਾਰ ਹਨ : ਵਾਮਨ ਮਲ੍ਹਾਰ ਦੇ ਵਿਚਾਰਾਂ ਦਾ ਵਿਸਥਾਰ ਕਿਸ ਦਿਸਹੱਦੇ ਤੀਕ ਹੋਇਆ ਹੈ, ਇਹ ਕੁਝ ਸਪਸ਼ਟ ਹੈ । ਇਸ Rottenness ਦੇ ਪਰਛਾਵੇਂ ਅੱਜ ਵੀ ਆਪਣੇ ਸੰਘਣੇਪਨ ਵਿਚ ਸਾਡੇ ਸਾਹਮਣੇ ਦਿਖਾਈ ਦਿੰਦੇ ਹਨ। 'ਸੁਸ਼ੀਲਾ ਦਾ ਦੇਵ' ਵਿਚ ਆਦਰਸ਼ਾਤਮਕ ਉਦੇਸ਼ ਜੀਵਨ ਦੀ ਵਾਸਤਵਿਕਤਾ ਦੇ ਕਠੋਰਪੁਣੇ ਵਿਚ ਕਿਵੇਂ ਰਲਗੱਡ ਹੋ ਗਿਆ ਹੈ ; ਇਸਦੀ ਕਲਪਨਾ ਇਸ ਤੋਂ ਭਲੀ ਭਾਂਤ ਹੋ ਸਕਦੀ ਹੈ ।

*ਇੰਦੂ ਕਾਲ਼ੇ ਅਤੇ ਸਰਲ਼ਾ ਭੋਲ਼ੇ* ਵਾਮਨ ਮਲ੍ਹਾਰ ਦਾ ਅੰਤਿਮ ਨਾਵਲ ਹੈ । ਭਾਵ ਇਹ ਰੁੱਤ ਦਾ ਅਖ਼ੀਰਲਾ ਫ਼ਲ ਹੈ । ਇਸ ਨਾਵਲ ਰਾਹੀਂ ਉਹਨਾਂ ਨੇ ਪੱਤਰਾਤਮਕ ਨਾਵਲ ਕਲਾ ਦੀ ਨੀਂਹ ਰੱਖੀ ਅਤੇ ਨਾਲ ਹੀ ਗੁੰਬਦ ਵੀ ਉਸਾਰ ਦਿੱਤਾ । ਵਾਮਨ ਮਲ੍ਹਾਰ ਦੇ ਨਾਵਲ ਜਗਤ ਵਿਚ ਕਲਾ ਦੀ ਦ੍ਰਿਸ਼ਟੀ ਤੋਂ ਇਸ ਨਾਵਲ ਨੂੰ ਸਰਬੋਤਮ ਮੰਨਣ ਵਾਲੇ ਅਨੇਕਾਂ ਵਿਦਵਾਨ ਹਨ । ਵਾਮਨ ਮਲ੍ਹਾਰ ਦੀ ਜਸਪੂਰਨ ਕਲਾਕਿਰਤ *ਆਸ਼੍ਰਮਹਿਰਣੀ* ਤੋਂ ਮਗਰੋਂ ਇਸ ਨਾਵਲ ਵੱਲ ਧਿਆਨ ਜਾਂਦਾ ਹੈ ।

ਨਾਵਲ ਦਾ ਸਰੂਪ ਪੱਤਰ-ਸੰਗ੍ਰਹਿਤਾਮਕ ਹੈ । ਵਾਮਨ ਮਲ੍ਹਾਰ ਨੇ ਪੱਤਰਾਤਮਕ ਵਿਧੀ ਦਾ ਉਪਯੋਗ ਵਧੇਰੇ ਚੁਤਰਾਈ ਨਾਲ ਕੀਤਾ ਹੈ । ਇਸੇ ਕਰਕੇ ਉਹਨਾਂ ਦੇ ਪਹਿਲੇ ਨਾਵਲਾਂ ਚ ਅਨੇਕ ਥਾਵਾਂ 'ਤੇ ਆਉਣ ਵਾਲੀ ਸਾਧਾਰਣ ਵਰਣਨਾਤਮਕਤਾ ਅਤੇ ਨਿਵੇਦਨਪਰਕ ਸ਼ੈਲੀ ਇਸ ਨਾਵਲ ਵਿਚ ਉੱਕਾ ਹੀ ਨਹੀਂ ਮਿਲਦੀ । ਇਕ ਦੂਜੇ ਨਾਲ ਪ੍ਰੇਮ-ਪਿਆਰ ਦੇ ਇਸਤ੍ਰੀ-ਪੁਰਸ਼ਾਂ ਨੇੜਲੇ ਸਬੰਧ ਜਾਂ ਪੱਤਰ-ਵਿਹਾਰ ਸੰਵਾਦ, ਵਿਚਾਰਾਂ ਦੀ ਸਾਂਝ ਜਾਂ ਵਿਚਾਰ-ਵਟਾਂਦਰਾ, ਭਾਵਨਾਵਾਂ ਦਾ ਪ੍ਰਗਟਾਉ ਅਤੇ ਦੁੱਖ-ਸੁੱਖ ਸਾਂਝੇ ਕਰਨ ਦੀ ਘਾਟ ਇਸ ਨਾਵਲ ਵਿਚ ਪ੍ਰਤੱਖ ਪ੍ਰਤੀਤ ਹੁੰਦੀ ਹੈ । ਪੱਤਰਕਾਰੀ ਦੀ ਤਕਨੀਕ ਇਸ ਨਾਵਲ ਵਿਚ ਸਹਿਜੇ ਹੀ ਟਿੱਪਣੀ, ਬੇਬਾਕਪੁਣੇ ਅਤੇ ਅਨਉਪਚਾਰਕਿਤਾ ਨੂੰ ਜਨਮ ਦਿੰਦੀ ਹੈ । ਪੱਤਰ ਹੀ ਇਕ ਪ੍ਰਕਾਰ ਦੇ ਆਤਮ ਕਥਨ ਹਨ । ਇਸੇ ਲਈ ਇਥੇ ਆਤਮ-ਕਥਨਾਂ ਵਿਚ ਅਨੁਭਵ ਅਤੇ ਵਿਸ਼ਵਾਸ ਦੀ ਘਾਟ ਨਹੀਂ । ਪੱਤਰਕਾਰੀ ਤਕਨੀਕ ਦੀ ਇਹ ਵਿਲੱਖਣਤਾ ਹੈ । ਨਾਵਲ ਵਿਚ ਪੇਸ਼ ਹੋਣ ਵਾਲੀ ਇਹ ਤਕਨੀਕ ਹਰ ਪ੍ਰਕਾਰ ਦੀ ਮੰਤਵ-ਪੂਰਤੀ 'ਚ ਸਹਾਇਕ ਨਹੀਂ ਹੁੰਦੀ । ਵਾਮਨ ਮਲ੍ਹਾਰ ਆਪਣੇ ਨਾਵਲਾਂ ਵਿਚ ਜਿਹੜੀ ਸਿਧਾਂਤਕ ਚਰਚਾ ਛੇੜਦੇ ਹਨ, ਜਿਹੜੇ ਗਿਆਨ ਭਰਪੂਰ ਪ੍ਰਸ਼ਨ ਉਠਾਉਂਦੇ ਹਨ, ਉਹਨਾਂ ਲਈ ਇਹ ਤਕਨੀਕ ਵਧੇਰੇ ਲਾਭਦਾਇਕ ਸਿੱਧ ਹੋਈ ਹੈ ।

ਇਸ ਨਾਵਲ ਦਾ ਆਕਾਰ ਛੋਟਾ ਹੈ । ਛੋਟੇ ਮੋਟੇ ਸੱਠ ਖ਼ਤ ਇਸ ਨਾਵਲ ਵਿਚ ਦਿੱਤੇ ਗਏ ਹਨ । ਇਸ ਨਾਵਲ ਦੀ ਕਥਾ ਦਾ ਕਾਲਖੰਡ 1919 ਤੋਂ 1934 ਈ. ਤੀਕ ਨਿਸਚਿਤ ਹੁੰਦਾ ਹੈ । ਪਹਿਲੇ ਮਹਾਂਯੁੱਧ ਤੋਂ ਪਿੱਛੋਂ ਤਿਲਕ-ਯੁਗ ਦੇ ਅਸਤ, ਮਹਾਤਮਾ ਗਾਂਧੀ ਦੇ ਉਦੈ, ਸੱਤਿਆਗ੍ਰਹਿ, ਕਾਨੂੰਨ ਭੰਗ ਅੰਦੋਲਨ, ਮਾਰਕਸਵਾਦੀ ਵਿਚਾਰਧਾਰਾ

ਦਾ ਆਰੰਭ, ਬਹੁਜਨ ਸਮਾਜ ਵਿਚ ਜਾਗ੍ਰਤੀ, ਬ੍ਰਾਹਮਣ-ਬ੍ਰਾਹਮਣ ਵਿਰੋਧ ਵਾਦ, ਤਿਰੰਗਾ, ਨਵਮੱਤਵਾਦ, ਕਲਾ ਬਾਰੇ ਨਵੀਂ ਆਸਥਾ, ਪ੍ਰਾਸੰਗਿਕ ਨੀਤੀਵਾਦ, ਇਸਤ੍ਰੀ ਪੁਰਸ਼ ਸੰਬਧਾਂ ਵਿਚ ਪੈਦਾ ਹੋਈਆਂ ਨਵੀਂਆਂ ਸਮੱਸਿਆਵਾਂ ਆਦਿ ਇਸ ਕਾਲ-ਖੰਡ ਵਿਚ ਉੱਭਰ ਕੇ ਸਾਹਮਣੇ ਆ ਰਹੀਆਂ ਸਨ । ਇਨ੍ਹਾਂ ਸਮੱਸਿਆਵਾਂ ਦੀ ਥੋੜ੍ਹੀ ਬਹੁਤ ਗੂੰਜ ਪ੍ਰਮਾਣ ਵਜੋਂ *ਇੰਦੂ ਕਾਲ਼ੇ ਅਤੇ ਸਰਲਾ ਭੋਲ਼ੇ* ਵਿਚ ਸੁਣਾਈ ਦਿੰਦੀ ਹੈ । ਇਸ ਨਾਵਲ ਦਾ ਪ੍ਰਮੁੱਖ ਪਾਤਰ ਵਿਨਾਇਕ ਰਾਓ ਭੋਲੇ ਹੈ । ਅਤਿਅੰਤ ਬੁੱਧੀਮਾਨ ਪਰ ਤਿਆਗੀ ਬਿਰਤੀ ਦਾ ਮਾਲਿਕ ਇਹ ਨੌਜਵਾਨ ਜੀਵਨ ਦੇ ਸੁੱਖਾਂ ਨੂੰ ਠੋਕਰ ਮਾਰ ਕੇ ਮਹਾਤਮਾ ਗਾਂਧੀ ਦੁਆਰਾ ਆਰੰਭ ਕੀਤੇ ਅੰਦੋਲਨ ਵਿਚ ਕੁੱਦ ਪੈਂਦਾ ਹੈ । ਕੈਦ ਭੁਗਤਦਾ ਹੈ । ਜੇਲ੍ਹ ਵਿਚੋਂ ਰਿਹਾਅ ਹੋਕੇ ਇਹ ਆਸ਼ਰਮ ਸਥਾਪਿਤ ਕਰਦਾ ਹੈ । ਉਹ ਇਸ ਸਰਬਜਨਿਕ ਦਫ਼ਤਰ ਨੂੰ ਖ਼ੁਦ ਚਲਾਉਣ ਦਾ ਨਿਸਚਾ ਕਰਦਾ ਹੈ । ਉਸ ਲਈ ਖੂਬ ਦੁੱਖ ਬਰਦਾਸ਼ਤ ਕਰਦਾ ਹੈ, ਪਰ ਅਚਾਨਕ ਮੌਤ ਹੋ ਜਾਣ ਕਾਰਣ ਵਿਨਾਇਕ ਰਾਓ ਦਾ ਮਨੋਰਥ ਅਧ-ਵਿਚਕਾਰ ਰਹਿ ਜਾਂਦਾ ਹੈ । ਉਸਦੀ ਪਤਨੀ ਸਰਲਾ ਇਸ ਕਾਰਜ ਨੂੰ ਅੱਗੇ ਚਲਾਉਂਦੀ ਹੈ । ਵਾਮਨ ਮਲ੍ਹਾਰ ਦੇ ਸਾਰੇ ਨਾਇਕਾਂ ਵਾਂਗ ਇਹ ਨਾਇਕ ਵੀ ਬੁੱਧੀਮਾਨ, ਸਭਿਆਚਾਰਕ ਦ੍ਰਿਸ਼ਟੀ ਵਾਲਾ, ਸੰਵੇਦਨਸ਼ੀਲ ਸਿਧਾਂਤਕ ਜਗਿਆਸਾ ਵਾਲਾ ਨੌਜਵਾਨ ਹੈ । ਨਾਵਲ ਦੇ ਸਾਰੇ ਪਾਤਰ ਉਸਦਾ ਆਦਰ ਸਤਿਕਾਰ ਕਰਦੇ ਹਨ । ਸਭ ਲੋਕ ਆਪਣੇ ਮਨ ਦੀਆਂ ਭਾਵਨਾਵਾਂ ਪ੍ਰਗਟ ਕਰਨ ਲਈ ਉਸਨੂੰ ਮਿਲਣ ਲਈ ਪੱਤਰ ਲਿਖਦੇ ਹਨ । ਵਿਨਾਇਕ ਰਾਓ ਵੀ ਉਹਨਾਂ ਪ੍ਰਤੀ ਆਪਣਾ ਪ੍ਰੇਮ ਪ੍ਰਗਟਾਉਂਦੇ ਹਨ । ਇਸ ਤਰ੍ਹਾਂ ਵਿਨਾਇਕ ਰਾਓ ਨਾਲ ਸਾਰਿਆਂ ਦੀ ਭਾਵੁਕ ਸਾਂਝ ਅਤੇ ਸੁਹਿਰਦਤਾ ਦਾ ਪ੍ਰਗਟਾਵਾ ਇਸ ਨਾਵਲ ਵਿਚ ਹੁੰਦਾ ਰਹਿੰਦਾ ਹੈ । ਇਸ ਦ੍ਰਿਸ਼ਟੀ ਤੋਂ ਇਸ ਨਾਵਲ ਵਿਚ ਭਾਵਨਾਵਾਂ, ਕਾਲਪਨਿਕ ਵਿਚਾਰਾਂ ਤੇ ਸੰਕਲਪ-ਵਿਕਲਪ ਦਾ ਸੁਮੇਲ ਹੁੰਦਾ ਹੈ । ਪਾਠਕਾਂ ਨੂੰ ਚੰਗੇ ਵਿਚਾਰ ਪ੍ਰਾਪਤ ਹੁੰਦੇ ਹਨ ।

ਵਿਚਾਰਾਂ ਦੀ ਦ੍ਰਿਸ਼ਟੀ ਤੋਂ ਇਹ ਨਾਵਲ *ਸੁਸ਼ੀਲਾ* ਦਾ ਦੇਵ ਜਿੰਨਾਂ ਕ੍ਰਾਂਤਕਾਰੀ ਨਹੀਂ । ਇਸ ਨਾਵਲ ਵਿਚ ਆਦਰਸ਼ ਨਾਲੋਂ ਜੀਵਨ ਦੀ ਵਾਸਤਵਿਕਤਾ ਅਤੇ ਜ਼ਿੰਦਗੀ ਦੀਆਂ ਦੁਖਾਂਤਕ ਘਟਨਾਵਾਂ ਵਧੇਰੇ ਮਿਲਦੀਆਂ ਹਨ । ਵਾਮਨ ਮਲ੍ਹਾਰ ਦੇ ਦੂਜੇ ਨਾਵਲਾਂ ਵਿਚ ਦੁੱਖਾਂ ਦੇ ਬੱਦਲ ਇਨੇਂ ਗਹਿਰੇ ਨਹੀਂ । ਇਸ ਨਾਵਲ ਵਿਚ 'ਉਦੇਸ਼ ਭਾਵ ਦੁੱਖ' ਇਹੋ ਜਿਹੇ ਵਾਕ ਜਾਂ 'ਦੇਸ਼ ਭਗਤ' ਮਰ ਗਿਆ.....ਸਕੂਲ ਬੰਦ' ਵਰਗੇ ਪ੍ਰਸੰਗ ਜੀਵਨ ਦੇ ਕਠੋਰ ਯਥਾਰਥ ਦਾ ਗਿਆਨ ਕਰਵਾ ਕੇ ਪਾਠਕਾਂ ਨੂੰ ਆਤਮ-ਨਿਰੀਖਿਅਕ ਬਣਾ ਦਿੰਦੇ ਹਨ । ਇਸ ਨਾਵਲ ਦੀ ਕੀਰਤੀ ਇਸੇ ਕਰਕੇ ਵਧੇਰੇ ਸਾਰਥਕ ਸਿੱਧ ਹੋਈ ।

ਕੁਝ ਆਲੋਚਕਾਂ ਨੇ ਇਸ ਨਾਵਲ ਨੂੰ ਕਲਾ ਨੀਤੀਵਾਦ ਦੇ ਪ੍ਰਸੰਗ ਵਿਚ ਪੜਚੋਲਿਆ ਹੈ । ਕਲਾ ਨੀਤੀਵਾਦ ਦਾ ਪ੍ਰਸ਼ਨ ਇੰਦੂ ਕਾਲ਼ੇ ਪਾਤਰ ਦੇ ਪ੍ਰਸੰਗ ਵਿਚ ਉੱਭਰਦਾ ਹੈ । ਪਰ ਇਹ ਕੁਝ ਅਚਾਨਕ ਪੈਦਾ ਹੁੰਦਾ ਹੈ । ਇਸ ਨਾਵਲ ਵਿਚ 'ਸਰਬ ਧਰਮ' ਦਾ ਪ੍ਰਸ਼ਨ ਉਘੱੜਦਾ ਹੈ । ਇਹ ਪ੍ਰਸ਼ਨ ਵਾਮਨ ਮਲ੍ਹਾਰ ਦੇ ਸਾਰੇ ਨਾਵਲਾਂ ਵਿਚ

ਪੈਦਾ ਹੁੰਦਾ ਹੈ । ਇਹ ਸਵਾਲ ਉਨ੍ਹਾਂ ਦੀਆਂ ਦੂਜੀਆਂ ਲਿਖਤਾਂ ਵਿਚ ਵੀ ਮਿਲਦਾ ਹੈ । 'ਉਦੇਸ਼ ਭਾਵ ਦੁੱਖ' ਵਿਚੋਂ ਹੀ ਉੱਚੇ ਆਨੰਦ ਦੀ ਅਨੁਭੂਤੀ ਹੁੰਦੀ ਹੈ । ਇਹ ਧਾਰਣਾ ਇਸ ਨਾਵਲ ਵਿਚ ਪ੍ਰਗਟ ਕੀਤੀ ਗਈ ਹੈ । ਇਸ ਨਾਵਲ ਵਿਚ ਇਕ ਹੋਰ ਸੂਤਰ, 'To understand all is to pardon all' ਉਚੱਤਰ ਆਨੰਦ ਨੂੰ ਦ੍ਰਿੜ੍ਹ ਕਰਵਾਉਂਦਾ ਹੈ ।

ਵਾਮਨ ਮਲ੍ਹਾਰ ਨੇ ਇਸ ਨਾਵਲ ਵਿਚ ਆਪਣਾ ਸਿਧਾਂਤ ਚਿੰਤਨ ਵਿਨਾਇਕ ਰਾਓ ਪਾਤਰ ਦੁਆਰਾ ਪੇਸ਼ ਕੀਤਾ ਹੈ । ਉਹਨਾਂ ਨੇ ਆਪਣੇ ਦੂਜੇ ਨਾਵਲਾਂ ਵਿਚ ਇਸਤ੍ਰੀ ਦੀ ਮਾਨਸਿਕਤਾ ਪ੍ਰਗਟਾਉਣ 'ਤੇ ਜ਼ੋਰ ਦਿੱਤਾ । ਨਵੀਂ ਸਿੱਖਿਆ ਦਾ ਉਦੈ ਹੋਣ ਨਾਲ ਇਸਤ੍ਰੀ ਦੀਆਂ ਨਵੀਆਂ ਭਾਵਨਾਵਾਂ ਕਲਪਨਾਵਾਂ ਅਤੇ ਵਿਚਾਰਾਂ ਦੇ ਚਿਤਰ ਵਾਮਨ ਮਲ੍ਹਾਰ ਨੇ ਆਪਣੇ ਦੂਜੇ ਨਾਵਲਾਂ ਵਿਚ ਵਿਵਿਧ ਰੂਪ ਵਿਚ ਪੇਸ਼ ਕੀਤੇ । ਉਹਨਾਂ ਨੇ ਆਪਣੇ ਨਾਵਲਾਂ ਵਿਚ ਇਕਨਵੀਂ ਇਸਤ੍ਰੀ ਨੂੰ ਜਨਮ ਦਿੱਤਾ । ਇਹ ਇਸਤ੍ਰੀ ਨਵੀਨਤਾ ਅਤੇ ਪੁਰਾਤਨਤਾ ਦਾ ਸੁਮੇਲ ਵਿਲੱਖਣ ਰੂਪ ਵਿਚ ਕਰਦੀ ਹੈ ।

ਭਾਰਤੀ ਪ੍ਰੰਪਰਾ ਨੂੰ ਧਾਰਣ ਕਰਦਿਆਂ ਵਾਮਨ ਮਲ੍ਹਾਰ ਨੇ ਭੋਗ ਦੀ ਥਾਂ ਤਿਆਗ, ਵਿਲਾਸ ਦੀ ਥਾਂ ਦਇਆ ਉੱਪਰ ਵਧੇਰੇ ਜ਼ੋਰ ਦਿੱਤਾ । ਵਾਮਨ ਮਲ੍ਹਾਰ ਦੇ ਮਨ ਵਿਚ ਸਮੁੱਚੀ ਇਸਤ੍ਰੀ ਜਾਤੀ ਲਈ ਅਥਾਹ ਆਦਰ ਸਤਿਕਾਰ ਅਤੇ ਕਮਾਲ ਦੀ ਪਿਆਰ ਭਾਵਨਾ ਹੈ । ਹਿੰਗਣੇ ਵਿਖੇ ਬਹੁਤ ਸਮੇਂ ਤੀਕ ਇਸਤ੍ਰੀ-ਸਿੱਖਿਆ ਸੰਸਥਾ ਵਿਚ ਰਹਿਣ ਕਰਕੇ ਉਹਨਾਂ ਨੇ ਨਵੀਂ ਇਸਤ੍ਰੀ ਦੇ ਮਨ ਨੂੰ ਸਮਝਣ ਤਲਾਸ਼ਣ ਦੀ ਜਿਹੜੀ ਕੋਸ਼ਿਸ਼ ਕੀਤੀ ਉਸਦਾ ਨਾਵਲਾਂ ਵਿਚ ਪ੍ਰਗਟਾਉ ਕਰਨ ਤੋਂ ਬਿਨਾਂ ਹੋਰ ਕੋਈ ਬਦਲ ਨਹੀਂ ਸੀ । ਇਸ ਸਮੇਂ ਸੁਸਿੱਖਿਅਤ ਮਰਾਠੀ ਲੋਕਾਂ ਦੇ ਮਨ ਵਿਚ ਜਿਹੜੇ ਵਲਵਲੇ ਉਠੇ ਉਹਨਾਂ ਦਾ ਵਾਮਨ ਮਲ੍ਹਾਰ ਦੇ ਨਾਵਲ ਜਗਤ ਵਿਚ ਬੜੀ ਹੀ ਬਾਰੀਕੀ ਨਾਲ ਵਰਨਣ ਕੀਤਾ ਗਿਆ । ਮਰਾਠੀ ਦੇ ਸਭਿਆਚਾਰਕ ਜਗਤ ਵਿਚ ਵਾਮਨ ਮਲ੍ਹਾਰ ਦੀ ਨਾਵਲ ਲੇਖਨ ਕਲਾ ਦੀ ਵਧੇਰੇ ਪ੍ਰਸਿੱਧੀ ਹੋਈ । ਵਾਮਨ ਮਲ੍ਹਾਰ ਤੇ ਕੇਤਕਰ ਹੁਰਾਂ ਨੇ ਮਰਾਠੀ ਜੀਵਨ ਵਿਚਲੀਆਂ ਯੰਤ੍ਰਿਕ ਸਥਿਤੀਆਂ ਵੱਲ ਧਿਆਨ ਦਿੱਤਾ-ਇਹ ਕੁਝ ਵਧੇਰੇ ਮਹੱਤਵ-ਪੂਰਨ ਹੈ । ਕੇਤਕਰ ਦੀ ਦ੍ਰਿਸ਼ਟੀ ਸਮਾਜ ਸ਼ਾਸਤਰੀ ਵਾਲੀ ਸੀ । ਸ਼ਾਸਤਰੀ ਦੀ ਦ੍ਰਿਸ਼ਟੀ ਤੋਂ ਉਹ ਸਮੁੱਚੇ ਜੀਵਨ ਵਿਹਾਰ ਨੂੰ ਮੁੱਖ ਰੱਖਦੇ ਸਨ । ਇਸਦੇ ਉਲਟ ਵਾਮਨ ਮਲ੍ਹਾਰ ਸਮਾਜ ਸ਼ਾਸਤਰੀ ਨਹੀਂ ਸਗੋਂ ਸੁਹਿਰਦ ਸਿਧਾਂਤ ਚਿੰਤਕ ਸਨ । ਇਸੇ ਲਈ ਇਨ੍ਹਾਂ ਦੀਆਂ ਲਿਖਤਾਂ ਵਿਚ ਸਿੱਧੇ ਗਿਆਨ ਦੀ ਪ੍ਰਤੀਤੀ ਵਧੇਰੇ ਹੁੰਦੀ ਹੈ ।

ਨਾਵਲਕਾਰ ਵਾਮਨ ਮਲ੍ਹਾਰ ਦਾ ਉਦੈ ਹਰੀ ਨਾਰਾਇਣ ਆਪਟੇ ਤੋਂ ਉੱਤਰ ਕਾਲ ਵਿਚ ਹੋਇਆ । ਵਾਮਨ ਮਲ੍ਹਾਰ ਤੋਂ ਪਹਿਲੇ ਸਮੇਂ ਵਿਚ ਸਮਾਜਿਕ ਮਰਾਠੀ ਨਾਵਲ ਦੀ ਵਾਸਤਵਾਦੀ ਸਥਾਪਨਾ ਹਰੀ ਭਾਊ ਦੇ ਨਾਵਲਾਂ ਵਿਚ ਹੋ ਚੁੱਕੀ ਸੀ । ਤਤਕਾਲੀਨ ਮੱਧਵਰਗੀ ਪਰਿਵਾਰਿਕ ਵਿਵਸਥਾ ਦਾ ਨਿਰਮਾਣ ਕਰਨ ਲਈ ਹਰੀ ਭਾਊ ਨੇ ਆਪਣੇ ਨਾਵਲਾਂ ਵਿਚ ਯੰਤ੍ਰਿਕ ਸਥਿਤੀਆਂ ਪੇਸ਼ ਕਰਨ ਦੀ ਸ਼ੁਰੂਆਤ ਕੀਤੀ । ਹਰੀ ਭਾਊ

ਦੁਆਰਾ ਵਿਚਾਰੇ ਗਏ ਇਹ ਪ੍ਰਸ਼ਨ ਨਵ-ਜਾਗ੍ਰਿਤ ਸਮਾਜ ਦੇ ਪ੍ਰਾਰੰਭਿਕ ਕਾਲ ਵਿਚ ਮੌਜੂਦ ਸਨ । ਵਾਮਨ ਮਲ੍ਹਾਰ ਸਾਹਵੇਂ ਜਿਹੜਾ ਮੱਧ ਵਰਗ ਸੀ, ਉਹ ਹਰੀ ਭਾਊ ਦੀ ਤੁਲਨਾ ਵਿਚ ਅਗਲੀ ਪੀੜ੍ਹੀ ਦਾ ਸੀ । ਇਹ ਵਰਗ ਆਰਥਿਕ-ਸੁਸਿੱਖਿਅਤ ਸੁਵਿਧਾ ਵਾਲਾ ਵਰਗ ਸੀ । ਆਰਥਿਕ ਦ੍ਰਿਸ਼ਟੀ ਤੋਂ ਵੀ ਉਤਲੇ ਦਰਜੇ ਦਾ ਮਾਲਕ ਸੀ । ਵਾਮਨ ਮਲ੍ਹਾਰ ਦੇ ਨਾਵਲਾਂ ਵਿਚ ਪੇਸ਼ ਇਸਤ੍ਰੀ ਹਰੀ ਭਾਊ ਦੇ ਨਾਵਲਾਂ ਦੇ ਟਾਕਰੇ ਵਧੇਰੇ ਅੱਗਰਗਾਮੀ ਹੋ ਗਈ । ਉਹ ਸਾਂਝੇ ਟੱਬਰਾਂ ਦੇ ਦਮਘੋਟੂ ਮਾਹੌਲ ਵਿਚੋਂ ਨਿਕਲ ਗਈ । ਅਨਪੜ੍ਹਤਾ ਅਤੇ ਅਸਭਿਅਕ ਵਿਹਾਰ ਤੋਂ ਮੁਕਤ ਹੋ ਗਈ ; ਅਚਾਰ-ਵਿਹਾਰ ਦੀ ਦ੍ਰਿਸ਼ਟੀ ਤੋਂ ਸੁਤੰਤਰ ਹੋ ਗਈ । ਸੁਤੰਤਰਤਾ ਤੇ ਸਮਤਾ ਦੇ ਤੱਤ ਗ੍ਰਹਿਣ ਕਰਕੇ ਅੱਗੇ ਵਧਣ ਦੀ ਇੱਛੁਕ ਬਣ ਬੈਠੀ । ਪ੍ਰਤੱਖ ਵਾਸਤਵ ਜੀਵਨ ਵਿਚ ਇਸ ਪ੍ਰਕਾਰ ਦੀ ਇਸਤ੍ਰੀ ਦਾ ਪ੍ਰਮਾਣ ਬਹੁਤ ਘੱਟ ਪ੍ਰਾਪਤ ਹੈ । ਪਰ ਅਪਵਾਦ ਰੂਪ ਵਿਚ ਇਕ ਨਵੀਂ ਇਸਤ੍ਰੀ ਦਾ ਉਦੈ ਹੋਇਆ ਅਤੇ ਉਸਦੇ ਆਗਮਨ ਦਾ ਐਲਾਨ ਵਾਮਨ ਮਲ੍ਹਾਰ ਦੇ ਨਾਵਲਾਂ ਵਿਚ ਹੋਇਆ ।

ਤਕਨੀਕ ਦੀ ਦ੍ਰਿਸ਼ਟੀ ਤੋਂ ਵੀ ਵਾਮਨ ਮਲ੍ਹਾਰ ਨੇ ਪੂਰਵਕਾਲੀਨ ਅਤੇ ਸਮਕਾਲੀ ਨਾਵਲ ਦੀ ਤੁਲਨਾ ਵਿਚ ਕਿੰਨੇ ਹੀ ਕਦਮ ਅੱਗੇ ਵਧਾਏ । ਆਤਮਕਥਨ ਉੱਪਰ ਟਿੱਪਣੀ ਪੇਸ਼ ਕਰਨੀ ਉਹਨਾਂ ਦੀ ਸ਼ੈਲੀ ਦੀ ਵਿਸ਼ੇਸ਼ਤਾ ਹੈ । ਇਹ ਕੁਝ ਨਵੇਂ ਰੂਪ ਵਿਚ ਹੋਂਦ ਵਿਚ ਨਹੀਂ ਆਇਆ । ਬਾਬਾ ਪਦਮਨ ਜੀ ਲਿਖਿਤ *ਜਮਨਾ ਪ੍ਰਯਟਨ* ਪਹਿਲੇ ਮਰਾਠੀ ਨਾਵਲ ਵਿਚ ਆਤਮ ਨਿਵੇਦਨ ਸ਼ੈਲੀ ਨੂੰ ਪ੍ਰੌੜ੍ਹਤਾ ਵਜੋਂ ਪੇਸ਼ ਕੀਤਾ ਜਾ ਸਕਦਾ ਹੈ । ਹਰੀ ਭਾਊ ਦਾ ਨਾਵਲ 'ਪਰ ਕੌਣ ਧਿਆਨ ਦਿੰਦਾ' ਜਿਹੜਾ ਕਿ ਉੱਤਮ ਨਾਵਲ ਸਮਝਿਆ ਜਾਂਦਾ ਹੈ, ਵਿਚਲਾ ਕਥਾਨਕ ਆਤਮ ਚਰਿੱਤਰ ਦੁਆਰਾ ਉਸਾਰਿਆ ਗਿਆ ਹੈ । ਇਸ ਪਰਿਸਥਿਤੀ ਵਿਚ ਵਾਮਨ ਮਲ੍ਹਾਰ ਦੀ ਆਤਮ ਚਰਿੱਤਰ ਤਕਨੀਕ ਵਿਚ ਕਿਹੜੀ ਵਿਸ਼ੇਸ਼ਤਾ ਹੈ ? ਇਹ ਵਿਸ਼ੇਸ਼ਤਾ ਦੋ ਪ੍ਰਕਾਰ ਦੀ ਹੈ । ਵਾਮਨ ਮਲ੍ਹਾਰ ਨੇ ਆਤਮ ਕਥਨ ਸ਼ੈਲੀ ਦਾ ਵਿਸਥਾਰ ਵਿਵਿਧ ਪੱਧਤੀਆਂ ਦੁਆਰਾ ਕੀਤਾ । (ਉਦਾਹਰਣ ਪੋਥੀ, ਆਤਮ ਚਰਿੱਤਰ, ਪੱਤਰ ਆਦਿ) । ਦੂਜੇ ਉਹਨਾਂ ਨੇ ਆਤਮ ਲੇਖਨ ਨੂੰ ਵਧੇਰੇ ਪ੍ਰਫੁੱਲਤ ਕੀਤਾ । ਫਡਕੇ ਕਾਲ ਵਿਚ ਇਹ ਪਰੰਪਰਾ ਪੱਛੜ ਗਈ ਸੀ । ਅੱਜ ਫੇਰ ਇਹ ਅੱਗੇ ਵਧ ਰਹੀ ਹੈ । ਭਾਲਚੰਦਰ ਨੇਮਾਡੇ ਦੇ 'ਕੋਸਲਾ' 'ਬਿਚਾਰ', 'ਜੁਰੀਲਾ', 'ਝੂਲ' ਆਦਿ ਇਹ ਨਾਵਲ ਇਸਦੀ ਗਵਾਹੀ ਦਿੰਦੇ ਹਨ । ਆਤਮ-ਕਥਨ, ਸੰਵਾਦਾਤਮਕਤਾ, ਪ੍ਰਪੱਕਤਾ, ਵਿਸ਼ਲੇਸ਼ਣਾਤਮਕਤਾ ਆਦਿ ਵਾਮਨ ਮਲ੍ਹਾਰ ਦੇ ਨਾਵਲਾਂ ਦੇ ਗੁਣ ਨੇਮਾਡੇ ਦੇ ਨਾਵਲਾਂ ਵਿਚ ਵੀ ਮਿਲਦੇ ਹਨ । ਵਾਮਨ ਮਲ੍ਹਾਰ ਦੇ ਵਿਰਸੇ ਨੂੰ ਹੋਰ ਅਮੀਰ ਬਣਾਉਣ ਵਾਲੀ ਨਵੀਂ ਪੀੜ੍ਹੀ ਅੱਗੇ ਆਉਂਦੀ ਦਿਖਾਈ ਦਿੰਦੀ ਹੈ । ਇਸ ਪੀੜ੍ਹੀ ਨੂੰ ਵਾਮਨ ਮਲ੍ਹਾਰ ਦੇ ਪਿੱਛੇ ਲੱਗਣ ਦੀ ਲੋੜ ਨਹੀਂ ਪਰ ਉਹਨਾਂ ਨੂੰ ਕ੍ਰਿਤੱਗਤਾ ਨਾਲ਼ ਯਾਦ ਕਰਨਾ ਨਿਆਂਸੰਗਤ ਹੋਵੇਗਾ ।

# ਸੰਦਰਭ


1. ਊਸ਼ਾ ਹਸਤਕ ਅਤੇ ਵਾ. ਲ. ਕੁਲਕਰਣੀ 'ਨਾਵਲ' ਮਰਾਠੀ ਸਾਹਿੱਤ ਦਾ ਇਤਿਹਾਸ, ਖੰਡ 5, ਭਾਗ ਪਹਿਲਾ, (ਸੰਪਾ. ਸ੍ਰੀ, ਜੋਗ), ਪੁਣੇ, 1973, ਪੰਨਾ 433
2. 'ਸਾਹਿੱਤ ਦੀ ਪ੍ਰਵਿਰਤੀ ਅਤੇ ਉਦੇਸ਼', 'ਵਿਚਾਰ ਸੌਂਦਰਯ', ਬੰਬਈ, 1940, ਪੰਨਾ 90
3. 'ਸਾਹਿੱਤ ਬਾਰੇ ਮੇਰੀ ਦ੍ਰਿਸ਼ਟੀ', ਉਹੀ, ਪੰਨਾ 107
4. 'ਨਵਮਤਵਾਦ ਬਾਰੇ ਮੇਰੇ ਕੁਝ ਵਿਚਾਰ', ਵਿਚਾਰ-ਵਿਹਾਰ, ਪੰਨਾ 23
5. 'ਸਾਹਿੱਤ ਬਾਰੇ ਮੇਰੀ ਦ੍ਰਿਸ਼ਟੀ', ਪੂਰਵੋਕਤ, ਪੰਨਾ 105
6. 'ਮੈਂ ਅਤੇ ਮੇਰੀਆਂ ਪੁਸਤਕਾਂ', ਵਿਚਾਰ ਲਹਿਰੀ (ਦੂਜੀ ਛਾਪ) ਪੁਣੇ 1952, ਪੰਨਾ 54
7. 'ਕੁਸੁਮਾਵਤੀ ਦੇਸ਼ਪਾਂਡੇ', ਮਰਾਠੀ ਨਾਵਲ ਦੇ ਪਹਿਲੇ ਦਹਾਕੇ (ਦੂਜੀ ਛਾਪ) ਬੰਬਈ, 1975, ਪੰਨਾ 128.
8. ਸ੍ਰੀ ਪਾਦ ਕ੍ਰਿਸ਼ਨ ਕੋਲ੍ਹਟਕਰ, 'ਰਾਗਿਣੀ ਅਤੇ ਉਸਦੇ ਭੈਣ ਭਰਾ', ਕੋਲ੍ਹਟਕਰ ਦਾ ਲੇਖ ਸੰਗ੍ਰਹਿ (ਸੰਪਾ. ਖਾਂਡੇਕਰ-ਮਾਡ-ਖੋਲਕਰ-ਖਾਨੋਲਕਰ), ਬੰਬਈ, 1932, ਪੰਨਾ 582
9. ਕੁਸੁਮਾਵਤੀ ਦੇਸ਼ਪਾਂਡੇ, ਪੂਰਵੋਕਤ, ਪੰਨਾ 130.

# ਸਮੀਖਿਆ ਲੇਖਨ

ਪਹਿਲੇ ਦਰਜੇ ਦੇ ਸਾਹਿੱਤ ਸਮੀਖਿਅਕਾਂ ਦੇ ਆਵੱਸ਼ਕ ਗੁਣ ਵਾਮਨ ਮਲ੍ਹਾਰ ਵਿਚ ਦਿਖਾਈ ਦਿੰਦੇ ਹਨ । ਉਹਨਾਂ ਨੇ ਜਿਹੜੀ ਵੀ ਪਰਖ-ਪੜਚੋਲ ਕੀਤੀ ਹੈ ਉਸਦੇ ਵਿਚ ਸਾਹਿੱਤ ਦੇ ਵਿਸ਼ਿਆਂ ਬਾਰੇ ਜੀਵੰਤ ਆਸਥਾ, ਨਿਰਪੱਖਤਾ, ਬਹੁ ਪੱਖੀ ਗਿਆਨ, ਮਰਮ ਸੁਹਿਰਦਤਾ, ਪ੍ਰੌੜ੍ਹ, ਸੌਂਦਰਯ ਦ੍ਰਿਸ਼ਟੀ ਅਤੇ ਨਿਆਂ ਬੁੱਧੀ ਪ੍ਰਗਟ ਹੁੰਦੀ ਹੈ । ਉਹ ਨਵੇਂ ਪੁਰਾਣੇ ਲੇਖਕਾਂ ਦਾ ਸਵਾਗਤ ਕਰਦੇ ਸਨ । ਸਿਧਾਂਤ ਚਿੰਤਕ ਹੋਣ ਨਾਤੇ ਉਹ ਸਾਹਿੱਤ ਦਾ ਮੁਲਾਂਕਣ ਕਦਰਾਂ-ਕੀਮਤਾਂ ਦੀ ਦ੍ਰਿਸ਼ਟੀ ਤੋਂ ਕਰਦੇ ਸਨ । ਇਸ ਸੰਦਰਭ ਵਿਚ ਉਹ ਅਨੇਕਾਂ ਨਵੇਂ ਪ੍ਰਸ਼ਨ ਪੈਦਾ ਕਰਦੇ, ਪਰ ਪੁਰਾਣੇ ਪ੍ਰਸ਼ਨਾਂ ਨੂੰ ਵੀ ਅੱਖੋਂ ਪਰੋਖੇ ਨਹੀਂ ਸਨ ਕਰਦੇ । ਉਹਨਾਂ ਦੀ ਵਿਵੇਕੀ, ਬੇਬਾਕ, ਜਗਿਆਸੂ ਅਤੇ ਰਸਿਕ ਬਿਰਤੀ ਕਾਰਣ ਇਹ ਸਮੀਖਿਆ ਉਪਦੇਸ਼ਾਤਮਕ ਤੇ ਰੋਚਕ ਹੁੰਦੀ ਸੀ । ਉਹਨਾਂ ਦੁਆਰਾ ਕੀਤੀ ਗਈ ਸਾਹਿੱਤ ਸਮੀਖਿਆ ਸਥਾਈ ਆਨੰਦ ਦਾ ਕਾਰਣ ਬਣਦੀ ਹੈ । ਉਹਨਾਂ ਦੀ ਸਾਹਿੱਤਕ ਵਿਸ਼ਿਆਂ ਬਾਰੇ ਜਾਣਕਾਰੀ ਸਮੀਖਿਆ ਨਾਲੋਂ ਵਧੇਰੇ ਸਾਰਥਕ ਪ੍ਰਤੀਤ ਹੁੰਦੀ ਹੈ । ਇਸੇ ਲਈ ਉਹਨਾਂ ਦੀ ਸਮੀਖਿਆ ਵਿਚ ਖੰਡਨ-ਮੰਡਨ ਦੀ ਘਾਟ ਪ੍ਰਤੱਖ ਦਿਖਾਈ ਦਿੰਦੀ ਹੈ ; ਥੋੜ੍ਹੇ ਬਹੁਤ ਪ੍ਰਮਾਣ ਕਲਾ-ਨੀਤੀ ਅਤੇ ਕਲਾ-ਜੀਵਨ ਦੇ ਪ੍ਰਸੰਗ ਵਿਚ ਮਿਲਦੇ ਹਨ ।

ਵਾਮਨ ਮਲ੍ਹਾਰ ਦੇ ਸਮੇਂ ਵਿਚ ਕਲਾ ਕਲਾ ਲਈ ਅਤੇ ਕਲਾ ਜੀਵਨ ਲਈ ਸੰਵਾਦ ਜ਼ੋਰਾਂ 'ਤੇ ਸੀ । (ਇਸਦੀ ਸੁਰ *ਇੰਦੂ ਕਾਲ਼ੇ ਅਤੇ ਸਰਲ਼ਾ ਭੋਲ਼ੇ* ਨਾਵਲ ਵਿਚ ਉੱਚੀ ਹੁੰਦੀ ਸੁਣੀਂਦੀ ਹੈ) । ਕਲਾ ਕਲਾ ਲਈ ਨੀਤੀ ਦਾ ਪੱਖ ਪੂਰਦਿਆਂ ਵਾਮਨ ਮਲ੍ਹਾਰ ਵਾਰ ਵਾਰ ਵਿਅੰਗਾਤਮਕ ਦ੍ਰਿਸ਼ਟੀ ਧਾਰਨ ਕਰਦੇ ਹਨ । ਉਹ ਆਪਣੇ ਸਮੇਂ ਦੇ ਸਿਰਜਣਸ਼ੀਲ ਲੇਖਕ ਹੋਣ ਦੇ ਨਾਤੇ ਆਪਣੀ ਸਮੀਖਿਆ ਵਿਚ ਆਤਮ-ਵਿਸ਼ਵਾਸ਼ ਪ੍ਰਗਟਾਉਂਦੇ ਹਨ । ਉਹਨਾਂ ਦੇ ਮਨ ਵਿਚ ਪੂਰਵਕਾਲੀਨ ਲੇਖਕਾਂ ਬਾਰੇ ਆਦਰ-ਸਤਿਕਾਰ ਸੀ । ਸਮਕਾਲੀਆਂ ਲਈ ਸੁਹਿਰਦਤਾ ਅਤੇ ਨਵੇਂ ਲੇਖਕਾਂ ਪ੍ਰਤੀ ਪ੍ਰੇਮ ਭਾਵ ਸੀ । ਇਸੇ ਕਾਰਣ ਨਵੇਂ ਪੁਰਾਣੇ ਸਭ ਲੇਖਕ ਉਹਨਾਂ ਦੀ ਸਮੀਖਿਆ ਬੜੀ ਉਤਸੁਕਤਾ ਨਾਲ ਪੜ੍ਹਦੇ ਸਨ । ਉਹ ਨਵੇਂ ਲੇਖਕਾਂ ਨੂੰ ਸਵਾਗਤ ਦੀ ਦ੍ਰਿਸ਼ਟੀ ਤੋਂ ਦੇਖਦੇ ਸਨ । ਇਹੋ ਕਾਰਣ ਹੈ ਕਿ ਮਰਾਠੀ ਨੇ ਆਪਣੀ ਪਹਿਲੀ ਸਮੀਖਿਆਤਮਕ ਪੁਸਤਕ (ਸਾਹਿੱਤ ਦੀ ਮਹਾਤਮਤਾ) ਦੀ ਪ੍ਰਸਤਾਵਨਾ ਵਾਮਨ ਮਲ੍ਹਾਰ ਕੋਲੋਂ ਲਿਖਵਾਈ ।

ਸ਼੍ਰੀਪਾਦ ਕ੍ਰਿਸ਼ਣ ਕੋਲ੍ਹਟਕਰ ਅਤੇ ਨ. ਚਿੰ. ਕੇਲਕਰ ਵਾਮਨ ਮਲ੍ਹਾਰ ਦੇ ਸਮਕਾਲੀ ਪ੍ਰਸਿੱਧ ਆਲੋਚਕ ਸਨ । ਨਾ. ਸੀ. ਫੜਕੇ, ਵਿ. ਸਾ. ਖਾਂਡੇਕਰ ਅਤੇ ਗ. ਤ੍ਰਿਯੰ. ਮਾਡਖੋਲਕਰ ਵਾਮਨ ਮਲ੍ਹਾਰ ਤੋਂ ਅਗਲੀ ਨਵੀਂ ਪੀੜ੍ਹੀ ਦੇ ਆਲੋਚਕ ਸਨ । ਸਾਹਿੱਤ ਸਮੀਖਿਆ ਦੀ ਨਵੀਂ ਤੇ ਪੁਰਾਣੀ ਪੀੜ੍ਹੀ ਵਿਚਕਾਰ ਵਾਮਨ ਮਲ੍ਹਾਰ ਇਕ ਕੜੀ ਹਨ । ਕੋਲ੍ਹਟਕਰ ਅਤੇ ਕੇਲਕਰ ਸਮਕਾਲੀ ਹੋਣ ਦੇ ਨਾਤੇ ਉਹਨਾਂ ਦੇ ਵਧੇਰੇ ਨੇੜੇ ਸਨ । ਇਨ੍ਹਾਂ ਦੋਵਾਂ ਦੀਆਂ ਸਾਹਿੱਤ ਕਿਰਤਾਂ ਦੀ ਵਾਮਨ ਮਲ੍ਹਾਰ ਨੇ ਸਮੀਖਿਆ ਕੀਤੀ । ਕੋਲ੍ਹਟਕਰ ਦੀ ਸਮੀਖਿਆ ਮੁੱਖ ਰੂਪ ਵਿਚ ਵਿਸ਼ਲੇਸ਼ਣ ਪ੍ਰਧਾਨ ਹੈ । ਪਰ ਕੇਲਕਰ ਦੀ ਸਮੀਖਿਆ ਪ੍ਰਸ਼ੰਸਾਤਮਕ ਹੋ ਨਿਬੜਦੀ ਹੈ । ਵਾਮਨ ਮਲ੍ਹਾਰ ਦੀ ਆਲੋਚਨਾ ਵਿਚ ਦੋਵਾਂ ਦਾ ਸੰਤੁਲਿਤ ਰੂਪ ਪ੍ਰਗਟ ਹੁੰਦਾ ਹੈ ।

ਕੋਲ੍ਹਟਕਰ ਜਾਂ ਕੇਲਕਰ ਵਾਂਗ ਵਾਮਨ ਮਲ੍ਹਾਰ ਦੀ ਉਪਜੀਵਕਾ ਸਾਹਿੱਤ ਤੇ ਨਿਰਭਰ ਨਹੀਂ ਸੀ । ਸਾਹਿੱਤ ਕਿਰਤਾਂ ਵਾਂਗ ਉਹਨਾਂ ਦਾ ਜੀਵਨ-ਵਿਹਾਰ ਅਤੇ ਵਿਚਾਰ ਵਧੇਰੇ ਰਸਦਾਇਕ ਸਨ । ਇਸੇ ਲਈ ਉਹਨਾਂ ਦੇ ਸਾਹਿੱਤ-ਚਿੰਤਨ ਵਿਚ ਗਹਿਰਾਈ ਸੀ । ਵਾਮਨ ਤੋਂ ਪਿੱਛੋਂ ਸਾਹਿੱਤ-ਸਮੀਖਿਆ ਦੇ ਖੇਤਰ ਵਿਚ ਤਕਨੀਕੀ ਪ੍ਰਧਾਨਤਾ ਨੇ ਜ਼ੋਰ ਪਕੜ ਲਿਆ । ਵਾਮਨ ਮਲ੍ਹਾਰ ਨੇ ਆਪਣੇ ਨਾਵਲਾਂ ਵਿਚ ਤਕਨੀਕ ਦੀ ਦ੍ਰਿਸ਼ਟੀ ਤੋਂ ਨਵੇਂ ਨਵੇਂ ਪ੍ਰਯੋਗ ਕੀਤੇ । ਉਹਨਾਂ ਦੀ ਸਾਹਿੱਤ-ਤਕਨੀਕ ਵਿਚ ਕਿਸੇ ਪ੍ਰਕਾਰ ਦੇ ਹੋਰ ਤਕਨੀਕੀ ਆਕਾਰਾਂ ਦੇ ਸਰੂਪ ਨਹੀਂ ਮਿਲਦੇ । ਤਕਨੀਕ ਨਾਲੋਂ ਉਹ ਵਿਚਾਰਾਂ ਉੱਪਰ ਵਧੇਰੇ ਬਲ ਦਿੰਦੇ ਸਨ । ਤਕਨੀਕ ਨਾਲੋਂ ਉਹ ਕਲਾਕਾਰ ਦੇ ਵਿਅਕਤੀਤਵ ਉਸਦੀ ਰਚਨਾ ਦੇ ਪਿਛੋਕੜ ਵਿਚ ਲੁਕੇ ਹੋਏ ਪ੍ਰਯੋਜਨ ਨੂੰ ਵਧੇਰੇ ਮਹੱਤਵ ਦਿੰਦੇ ਸਨ । ਤਕਨੀਕ ਵੱਲੋਂ ਸੰਪੂਰਨ ਰੂਪ ਵਿਚ ਅੱਖੋਂ ਉਹਲੇ ਕੀਤੀ ਗਈ ਰਚਨਾ ਨੂੰ ਉਹ ਸਵੀਕਾਰ ਨਹੀਂ ਕਰਦੇ ਸਨ । ਇਸੇ ਲਈ ਉਹਨਾਂ ਨੇ ਕੇਲਕਰ ਦੇ ਨਾਵਲਾਂ ਬਾਰੇ ਇਤਰਾਜ਼ ਉਠਾਏ ਹਨ ।

ਸੱਚ ਭਾਵੇਂ ਕਿੰਨਾਂ ਹੀ ਮਹੱਤਵਪੂਰਨ ਹੈ, ਪਰ ਸਾਹਿੱਤ ਵਿਚ ਇਸਦੀ ਅਭਿਵਿਅਕਤੀ ਵਿਲੱਖਣ ਅਤੇ ਸੁੰਦਰ ਰੂਪ ਵਿਚ ਹੋਣੀ ਵਧੇਰੇ ਸਾਰਥਕ ਸਿੱਧ ਹੁੰਦੀ ਹੈ । ਕਲਾ ਦੁਆਰਾ ਕਿਸੇ ਮੱਤ ਦਾ ਪ੍ਰਚਾਰ ਕਰਨ ਦੀ ਮਨਾਹੀ ਨਹੀਂ, ਪਰ ਇਸ ਪ੍ਰਚਾਰ ਵਿਚ ਕਲਾ ਦੇ ਨੇਮਾਂ ਦਾ ਪਾਲਣ ਕਰਨਾ ਜਰੂਰੀ ਹੈ । ਇਸਦੇ ਅਰਥ ਉਹਨਾਂ ਦੀ ਸਮੀਖਿਆ ਕਲਾ ਅਤੇ ਜੀਵਨ ਦੇ ਸੰਤੁਲਿਤ ਵਿਚਾਰਾਂ ਵਿਚ ਦਿਖਾਈ ਦਿੰਦੇ ਹਨ । ਤਾਂ ਵੀ ਵਾਮਨ ਮਲ੍ਹਾਰ ਦੀ ਸਮੀਖਿਆ 'ਤੇ ਝਾਤ ਮਾਰਨ ਤੋਂ ਪਤਾ ਲੱਗਦਾ ਹੈ ਕਿ ਉਹ ਕਲਾਵਾਦੀ ਹੋਣ ਦੀ ਥਾਂ ਵਧੇਰੇ ਕਰਕੇ ਜੀਵਨਵਾਦੀ ਹਨ । ਉਹਨਾਂ ਦੇ ਕਲਾ ਨੀਤੀ ਬਾਰੇ ਵਿਚਾਰਾਂ ਦਾ ਇਸ ਦਿਸ਼ਾ ਵੱਲ ਪ੍ਰਵਾਹ ਹੋਇਆ । ਕਲਾ ਕਿਰਤਾਂ ਬਾਰੇ ਵਾਮਨ ਮਲ੍ਹਾਰ ਦੇ ਵਿਚਾਰਾਂ ਦਾ ਕਲਾਕਾਰਾਂ ਦੇ ਵਿਅਕਤੀਤਵ ਦੀ ਦ੍ਰਿਸ਼ਟੀ ਤੋਂ ਵਧੇਰੇ ਮਹੱਤਵ ਹੈ । ਕਲਾਕਾਰਾਂ ਦੇ ਮਨ ਦੀ ਡੂੰਘਾਈ, ਪ੍ਰੌੜ੍ਹਤਾ, ਵਿਵੇਕਸ਼ੀਲਤਾ, ਮਾਰਮਿਕਤਾ ਆਦਿ ਅਨੁਭਵਾਂ ਦੀ ਪ੍ਰਤੀਤੀ

ਤੋਂ ਕਲਾ ਕਿਰਤ ਦੀ ਪਛਾਣ ਸਹਿਜੇ ਹੀ ਹੋ ਜਾਂਦੀ ਹੈ, ਇਹ ਉਹਨਾਂ ਦਾ ਵਿਚਾਰ ਸੀ ।

ਵਾਮਨ ਮਲ੍ਹਾਰ ਦੀ ਸਾਹਿੱਤਕ ਵਿਸ਼ਿਆਂ ਬਾਰੇ ਭੂਮਿਕਾ ਸਮਝਣ ਲਈ ਉਹਨਾਂ ਦੁਆਰਾ ਲਿਖਿਆ ਹੋਇਆ ਲੇਖ, 'ਸਾਹਿੱਤ ਕਲਾ ਬਾਰੇ ਮੇਰੀ ਦ੍ਰਿਸ਼ਟੀ' ਵਧੇਰੇ ਮਹੱਤਵ ਪੂਰਨ ਹੈ । 'ਕਲਾ ਅਤੇ ਸਾਹਿੱਤ ਕਲਾ ਦਾ ਮੈਂ ਭਗਤ ਹਾਂ, ਤਾਂ ਵੀ ਮੈਂ ਅਨਨ ਭਗਤ ਨਹੀਂ । ਮੈਨੂੰ ਕਦੀ ਵੀ ਇਹ ਗੱਲ ਨਹੀਂ ਵਿਸਰਦੀ ਕਿ ਮਨੁੱਖ ਦਾ ਜਨਮ ਕੇਵਲ ਆਨੰਦ ਲੈਣ ਲਈ ਨਹੀਂ ਹੋਇਆ । ਪਰ ਜੇ ਕਲਾ ਨਹੀਂ ਹੋਵੇਗੀ ਤਾਂ ਇਨਸਾਨ ਦੀ ਜ਼ਿੰਦਗੀ ਵਿਚ ਜ਼ਬਰਦਸਤ ਘਾਟ ਪੈਦਾ ਹੋ ਜਾਵੇਗੀ, ਪਰ ਜੀਵਨ ਕੇਵਲ ਕਲਾਤਮਕ ਵੀ ਨਹੀਂ । ਜੀਵਨ ਵਿਚ ਜੋ ਕੁਝ ਵੀ ਆਨੰਦਦਾਇਕ ਅਤੇ ਪੂਜਣ-ਯੋਗ ਹੈ ਉਸ ਵਿਚ ਕਲਾ ਦੇ ਨਾਲ ਨਾਲ ਨੀਤੀ ਅਤੇ ਸਤਿ ਦਾ ਸਮਾਵੇਸ਼ ਹੁੰਦਾ ਹੈ । ਜੇਕਰ ਇਨ੍ਹਾਂ ਵਿਚ ਇਕਮਿਕਤਾ ਪੈਦਾ ਨਹੀਂ ਹੁੰਦੀ ਤਾਂ ਜ਼ਿੰਦਗੀ ਵਿਚ ਬਹੁਤ ਵੱਡੀ ਘਾਟ ਪੈਦਾ ਹੋ ਜਾਂਦੀ ਹੈ'। ਇਸ ਲਈ ਸਾਹਿੱਤ ਸੰਮੇਲਨ ਦੇ ਪ੍ਰਧਾਨਗੀ ਭਾਸਨ ਵਿਚ ਉਹਨਾਂ ਨੇ ਸਾਹਿੱਤਕਾਰਾਂ ਨੂੰ ਆਦੇਸ਼ ਦਿੱਤਾ, "ਅਸਤਿ, ਦੁਰਜਨਤਾ ਅਤੇ ਹਰ ਤਰ੍ਹਾਂ ਦੀ ਕਰੂਪਤਾ ਦਾ ਵਿਨਾਸ਼ ਕਰਨ ਲਈ ਅਤੇ ਸਤਿ, ਨਿੰਮ੍ਰਤਾ ਅਤੇ ਸੌਂਦਰਯ ਦਾ ਸੰਕਲਪ ਧਾਰਣ ਕਰਨਾ ਦੇਵ ਕ੍ਰਿਤ ਹੋ ਨਿਬੜਦਾ ਹੈ' ।'

ਵਾਮਨ ਮਲ੍ਹਾਰ ਦੇ ਸਾਹਿੱਤ ਬਾਰੇ ਵਿਚਾਰ, ਮੂਲਰੂਪ ਵਿਚ, ਆਦਰਸ਼ਵਾਦੀ ਹਨ, ਪਰ ਉਹਨਾਂ ਨੇ ਵਾਸਤਵਵਾਦ ਅਤੇ ਸੌਂਦਰਯਵਾਦ ਨੂੰ ਤਿਆਗਿਆ ਨਹੀਂ । ਉਹਨਾਂ ਦੇ ਸਿਧਾਂਤਕ ਵਿਚਾਰਾਂ ਵਿਚ ਵਿਅਕਤੀ ਦੀ ਮਹੱਤਤਾ ਤੇ ਸੁਤੰਤਰਤਾ ਅਤੇ ਅਸੰਪ੍ਰਦਾਇਕਤਾ ਤੇ ਮੌਲਿਕ ਪ੍ਰੇਮ ਨੂੰ ਜੇਕਰ ਦ੍ਰਿਸ਼ਟੀ ਗੋਚਰ ਕੀਤਾ ਜਾਵੇ ਤਾਂ ਉਹ ਸੌਂਦਰਯਵਾਦੀ ਸਿੱਧ ਹੁੰਦੇ ਹਨ । ਉਹਨਾਂ ਦੁਆਰਾ ਪੇਸ਼ ਵਾਸਤਵਿਕ ਜੀਵਨ ਦੀ ਚੇਤਨਾ 'ਸੁਸ਼ੀਲਾ ਦਾ ਦੇਵ' ਨਾਵਲ ਵਿਚਲੇ ਕਾਂਡ 'ਇਹੋ ਸਾਡੀ ਸਮਾਜਿਕ ਅਵਸਥਾ' ਅਤੇ *ਇੰਦੂ ਕਾਲ਼ੇ ਤੇ ਸਰਲ਼ਾ ਭੋਲ਼ੇ* ਨਾਵਲ ਦੇ ਅੰਤ ਵਿਚ ਸਪਸ਼ਟ ਹੁੰਦੀ ਹੈ ।

ਵਾਮਨ ਮਲ੍ਹਾਰ ਦੀ ਸਾਹਿੱਤ ਸਮੀਖਿਆ ਨੂੰ ਸਿਧਾਂਤਕ ਅਤੇ ਵਿਹਾਰਕ ਦੋ ਭਾਗਾਂ ਵਿਚ ਵੰਡਣਾ ਜ਼ਰੂਰੀ ਹੈ । ਉਹਨਾਂ ਦੁਆਰਾ ਕੀਤੀ ਗਈ ਸਾਹਿੱਤ ਸਮੀਖਿਆ ਫੁਟਕਲ ਰੂਪਾਂ ਵਿਚ ਹੈ ਅਤੇ ਉਹ ਮੂਲ ਰੂਪ ਵਿਚ 'ਵਿਚਾਰ ਸੌਂਦਰਯ' ਫੁਟਕਲ ਲੇਖ ਸੰਗ੍ਰਹਿ ਵਿਚ ਸੰਕਲਿਤ ਹੈ । *'ਵਿਚਾਰ-ਵਿਹਾਰ'* ਵਿਚ ਵੀ ਕੁਝ ਲੇਖ ਸਾਹਿੱਤ ਬਾਰੇ ਦਰਜ ਹਨ ।

ਵਾਮਨ ਮਲ੍ਹਾਰ ਦੇ ਸਾਹਿੱਤ ਬਾਰੇ ਸਿਧਾਂਤਕ ਵਿਚਾਰਾਂ ਵਿਚ ਨਿਮਨ ਲਿਖਿਤ ਵਿਸ਼ਿਆਂ ਦਾ ਸਮਾਵੇਸ਼ ਹੋਇਆ-ਸਾਹਿੱਤ ਦੀ ਪ੍ਰਵਿਰਤੀ ਤੇ ਪ੍ਰਯੋਜਨ, ਸਾਹਿੱਤ ਕਾਲ-ਨਿਸ਼ਠ ਜਾਂ ਵਿਅਕਤੀ-ਨਿਸ਼ਠ ? ਮਤ-ਪ੍ਰਚਾਰ ਅਤੇ ਕਾਲ, ਸਾਹਿੱਤ ਸੋਧਪੂਰਣ ਜਾਂ ਅਬੋਧ-ਪੂਰਣ ? ਅਜੋਕੇ ਮਹਾਂਕਾਵਿ ਦਾ ਨਿਰਮਾਣ ਕਿਉਂ ਨਹੀਂ ਹੁੰਦਾ ? ਆਤਮ ਨਿਸ਼ਠਾ ਅਤੇ

ਆਤਮ-ਆਵਿਸ਼ਕਾਰ, ਕਲਾ ਕ੍ਰਿਤੀ ਹਾਸਰਸੀ ਜਾਂ ਸੁਖਾਂਤਕ ? ਕਾਵਿ ਆਨੰਦ ਮੀਮਾਂਸਾ, ਅਰਸਤੂ ਦੇ ਕਥਾਰਸਿਜ਼' ਦੇ ਪ੍ਰਚਲਿਤ ਅਰਥ, ਕਲਾ ਅਤੇ ਨੀਤੀ, ਕਲਾ ਅਤੇ ਨੀਤੀ ਸਬੰਧ, ਸਾਹਿੱਤ ਵਿਚ ਮਹਾਤਮਤਾ ਦੇ ਕਾਰਣ ਆਦਿ !

ਵਾਮਨ ਮਲ੍ਹਾਰ ਦੇ ਸਾਹਿੱਤਕ ਵਿਚਾਰਾਂ ਦੀ ਬੁਨਿਆਦ ਸੰਸਕ੍ਰਿਤ ਸਾਹਿੱਤ ਸ਼ਾਸਤ੍ਰ ਦੀ ਬਜਾਇ ਪੱਛਮੀ ਸਾਹਿੱਤ ਸ਼ਾਸਤ੍ਰ ਉੱਪਰ ਵਧੇਰੇ ਹੈ, ਜਿਸ ਦਾ ਆਧਾਰ ਆਧੁਨਿਕ ਗਿਆਨ ਵਿਗਿਆਨ ਅਤੇ ਮਾਨਵ-ਸ਼ਾਸਤ੍ਰ ਹੈ । ਉਹਨਾਂ ਨੇ ਸਮੀਖਿਆ ਦੁਆਰਾ ਵਾਰਤਕ ਸਾਹਿੱਤ-ਰੂਪਾਂ ਬਾਰੇ ਵਿਚਾਰ ਕੀਤੀ ਹੈ । ਇਹ ਗੱਲ ਧਿਆਨਯੋਗ ਹੈ ਕਿ ਵਾਮਨ ਮਲ੍ਹਾਰ ਕਾਲੀਨ ਸਮੀਖਿਆ ਮੁੱਖ ਰੂਪ ਵਿਚ ਕਾਵਿ ਕੇਂਦ੍ਰਿਤ ਅਤੇ ਸੰਸਕ੍ਰਿਤ ਸਾਹਿੱਤ ਸ਼ਾਸਤ੍ਰ 'ਤੇ ਆਧਾਰਿਤ ਸੀ । ਇਸ ਪਿਛੋਕੜ ਵਿਚ ਵਾਮਨ ਮਲ੍ਹਾਰ ਦੀ ਸਮੀਖਿਆ ਦਾ ਆਧੁਨਿਕਪੁਣਾ ਵਧੇਰੇ ਉਜਾਗਰ ਹੁੰਦਾ ਹੈ । ਸਾਹਿੱਤ-ਚਰਚਾ ਦੀ ਪਰਿਭਾਸ਼ਾ ਵੀ ਆਧੁਨਿਕ ਹੈ । ਉਸ ਲਈ ਮੁੱਖ ਰੂਪ ਵਿਚ ਨਵ ਮਾਨਵ ਸ਼ਾਸਤ੍ਰ ਨੂੰ ਆਧਾਰ ਬਣਾਇਆ ਗਿਆ ਹੈ । ਵਾਮਨ ਮਲ੍ਹਾਰ ਨੂੰ ਆਮ ਤੌਰ ਤੇ ਮਾਨਵਵਾਦੀ ਸਾਹਿੱਤਕਾਰ ਮੰਨਿਆਂ ਜਾਂਦਾ ਹੈ । ਮਾਨਵਵਾਦ ਦੇ ਖ਼ੇਤਰ ਵਿਚ ਉਹਨਾਂ ਵੱਲੋਂ ਕੀਤਾ ਗਿਆ ਕਾਰਜ ਵਧੇਰੇ ਮਹੱਤਵਪੂਰਨ ਹੈ । ਸੌਂਦਰਯ ਦਾ ਮਹੱਤਵ ਸਪਸ਼ਟ ਕਰਦਿਆਂ ਉਹ ਕਹਿੰਦੇ ਹਨ ਕਿ ਵਿਲਾਸ ਅਤੇ ਆਤਮ ਪ੍ਰਾਪਤੀ ਜ਼ਿੰਦਗੀ ਦੇ ਜ਼ਰੂਰੀ ਅੰਗ ਹਨ । ਕਲਾਯੋਗੀ ਗਿਆਨ ਯੋਗ ਦੀ ਕੁਠਾਲੀ ਵਿਚ ਢਲ ਸਕਦੇ ਹਨ । ਕਾਰਣ ਆਤਮਾ ਵਿਚ ਸ੍ਵੈ-ਕੇਂਦ੍ਰਿਤ ਬਿਰਤੀ ਦੋਵੇਂ ਪਾਸੇ ਕਾਰਜਸ਼ੀਲ ਹੈ ।

ਵਾਮਨ ਮਲ੍ਹਾਰ ਨੇ *ਕਾਵਿ-ਆਨੰਦ ਮੀਮਾਂਸਾ* ਦਾ ਸੰਕਲਨ ਸੁਤੰਤਰ ਰੂਪ ਵਿਚ ਨਹੀਂ ਕੀਤਾ ਬਲਕਿ ਉਸ ਵਿਚ ਨ. ਚਿੰ. ਕੇਲਕਰ ਦੀ ਕਾਵਿ ਆਨੰਦ ਮੀਮਾਂਸਾ ਦੇ-ਸਵਿਕਲਪ ਸਮਾਧੀ ਕਲਪਨਾ ਦੇ ਕੁਝ ਅੰਸ਼ ਮਿਲਾਕੇ ਉਸਨੂੰ ਤਰਤੀਬ ਦਿੱਤੀ । 'ਤੁਹਾਡੀ ਸੰਗਤ ਨਹੀਂ ਛੱਡੀ ਜਾ ਸਕਦੀ, ਉਸ ਸੰਗਤ ਵਿਚ ਬੈਠਣ ਦਾ ਆਨੰਦ ਭੂਮਿਕਾ ਦੁਆਰਾ ਤੁਹਾਡੀ ਸੇਵਾ ਵਿਚ ਪੇਸ਼ ਕਰਦਾ ਹਾਂ ।' ਇਹ ਆਤਮ ਉਪਮਯ ਭੂਮਿਕਾ ਕੇਲਕਰ ਨੇ ਕਾਵਿ-ਆਨੰਦ ਬਾਰੇ ਲਿਖਕੇ ਭੇਜੀ । ਕੇਲਕਰ ਦੀ ਵਿਭਿੰਨ ਰਾਇ ਦਾ ਇਹ ਕੇਂਦਰ ਬਿੰਦੂ ਹੈ । ਵਾਮਨ ਮਲ੍ਹਾਰ ਨੇ ਇਸ ਭੂਮਿਕਾ ਬਾਰੇ ਅਨੇਕ ਮੱਤਭੇਦ ਜ਼ਾਹਿਰ ਕੀਤੇ । ਕਾਵਿ ਆਨੰਦ ਬਾਰੇ 'ਬਿਨਾਂ ਕਾਰਣ ਅਨੇਕਤਾ ਦੇ ਤੱਤ ਸੁੰਦਰ ਰੂਪ ਵਿਚ ਜੁੜੇ ਹਨ । ਕਵੀ ਅਤੇ ਤੁਹਾਡੇ ਅਨੁਭਵ ਦਾ ਸੁਮੇਲ, ਵਿਚਾਰ ਸੰਗਤੀ ਦੁਆਰਾ ਅਨੇਕਾਂ ਪ੍ਰਿਯ ਵਸਤੂਆਂ ਅਤੇ ਵਿਅਕਤੀਆਂ ਦੀ ਪਛਾਣ ਹੋਣੀ, ਸੁੰਦਰ ਤੇ ਭਵਿਯ ਦ੍ਰਿਸ਼ ਅਤੇ ਪ੍ਰਸੰਗ ਦੇਖਕੇ ਮਨ ਨੂੰ ਉੱਦਾਤ ਅਵਸਥਾ ਪ੍ਰਾਪਤ ਹੋਣੀ, ਭਾਵਨਾਵਾਂ ਦਾ ਵਿਰੇਚਨ ਹੋਣਾ ਆਦਿ ਇਹੋ ਜਿਹੇ ਤੱਤ ਕਾਰਣ ਸਿੱਧ ਹੁੰਦੇ ਹਨ ।' ਇਹ ਕੁਝ ਵਾਮਨ ਮਲ੍ਹਾਰ ਨੇ ਇਸ ਸੰਦਰਭ ਵਿਚ ਆਖਿਆ[3] । ਕਰੁਣਾ ਰਸ ਤੋਂ ਪ੍ਰਾਪਤ ਹੋਣ ਵਾਲੇ ਆਨੰਦ ਦਾ ਸਬੰਧ ਉਹ ਕਰੁਣਾ ਦੀਆਂ ਭਾਵਨਾਵਾਂ ਤੋਂ ਪੈਦਾ ਹੋਣ ਵਾਲੇ ਵਿਵਿਧ ਸੰਸਕਾਰਾਂ ਨਾਲ ਜੋੜਦੇ ਹਨ ।

ਵਾਮਨ ਮਲ੍ਹਾਰ ਦੁਆਰਾ ਕੀਤੀ ਗਈ ਸਾਹਿੱਤ ਚਰਚਾ ਵਿਚ ਕਲਾ ਦਾ ਨੀਤੀ ਨਾਲ

ਸਬੰਧ ਇਕ ਮਹੱਤਵਪੂਰਨ ਵਿਸ਼ਾ ਹੈ । ਕਲਾ, ਨੀਤੀ ਅਤੇ ਸਤਿ ਦੇ ਆਪਸੀ ਸਬੰਧ ਸਪਸ਼ਟ ਕਰਦਿਆਂ ਉਹ ਆਖਦੇ ਹਨ, "ਕਲਾ, ਨੀਤੀ ਤੇ ਸਤਿ ਸਾਧਾਰਣ ਰੂਪ ਵਿਚ ਆਪੋ ਆਪਣੀ ਜਾਂ 'ਤੇ ਸੁਤੰਤਰ ਨੇ ਪਰ ਅੰਤਿਮ ਅਵਸਥਾ ਵਿਚ ਇਕ ਰੂਪ ਹਨ । ਗਿਆਨ ਪ੍ਰਿਜ, ਨੀਤੀ ਪ੍ਰਿਜ ਅਤੇ ਕਲਾ ਪ੍ਰਿਜ ਜਿਹੜੇ ਤਿੰਨ ਭਾਗ ਆਪਣੀ ਸਹੂਲੀਅਤ ਅਨੁਸਾਰ ਤੁਸੀਂ ਮੰਨਦੇ ਹੋ, ਉਹ ਵੱਖਰੇ ਨਹੀਂ ਹਨ, ਉਹ ਆਪਸ ਵਿਚ ਸਾਪੇਖ, ਇਕ ਦੂਜੇ 'ਤੇ ਨਿਰਭਰ ਅਤੇ ਸੰਸਕਾਰਕ ਹਨ ।" ਪਰ ਇਸ ਸਮੇਂ ਕਲਾ, ਨੀਤੀ ਅਤੇ ਸਤਿ ਬਾਰੇ ਅੰਤਿਮ ਸਰੂਪ ਭੂਮਿਕਾ ਪੇਸ਼ ਕਰਦਿਆਂ ਇਸ ਵਿਚ ਹਰ ਇਕ ਘਟਨਾ ਨੂੰ ਆਪੋ ਆਪਣੇ ਖ਼ੇਤਰ ਵਿਚ ਜਿੰਨੀ ਵੀ ਸੰਭਵ ਹੋ ਸਕੇ ਸੁਤੰਤਰਤਾ ਦੇਣੀ ਚਾਹੀਦੀ ਹੈ, ਇਹ ਉਹਨਾਂ ਦਾ ਵਿਚਾਰ ਹੈ[4] ।

ਕਲਾਕਾਰ ਦੀ ਨਿਰਭੈਤਾ ਉਸ ਸਰੂਪ ਵਿਚ ਨੀਤੀ ਸਾਪੇਖ ਨਹੀਂ ਰਹਿਣੀ ਚਾਹੀਦੀ । ਇਹੋ ਜਿਹੀ ਕਲਪਨਾ ਕਰਨ ਵਾਲੇ ਕਲਾਕਾਰਾਂ ਦੀ ਨਿਰਭੈਤਾ ਅਤੇ ਸੁਤੰਤਰਤਾ ਬੰਧਨ-ਯੁਕਤ ਨਹੀਂ ਹੁੰਦੀ ? ਇਹ ਪ੍ਰਸ਼ਨ ਪੈਦਾ ਹੁੰਦਾ ਹੈ । ਇਸ ਪ੍ਰਸ਼ਨ 'ਤੇ ਵਿਚਾਰ ਕਰਦਿਆਂ ਵਾਮਨ ਮਲ੍ਹਾਰ ਨੇ ਕਲਾਕਾਰਾਂ ਦੀ ਸੁਤੰਤਰਤਾ ਸਵੀਕਾਰ ਕੀਤੀ ਹੈ । ਇਸ ਪ੍ਰਸੰਗ ਵਿਚ ਪ੍ਰਚਲਿਤ ਨੀਤੀ ਦਾ ਤਿਆਗ ਕਰਨ ਦੀ ਉਹਨਾਂ ਨੇ ਆਗਿਆ ਦਿੱਤੀ ਹੈ । ਪਰ ਇਹ ਤਿਆਗ ਕਰਨ ਪਿੱਛੇ ਕਲਾਕਾਰਾਂ ਦੀ ਪ੍ਰਯੋਜਨ ਪ੍ਰਚਲਿਤ ਨੀਤੀ ਤੋਂ ਭਿੰਨ ਪਰ ਮਾਨ-ਕਲਿਆਣ ਦੀ ਦ੍ਰਿਸ਼ਟੀ ਤੋਂ ਉਚੱਤਰ ਨੀਤੀ ਨੂੰ ਵਿਕਸਿਤ ਕਰਨ ਵਾਲਾ ਹੋਣਾ ਚਾਹੀਦਾ ਹੈ ; ਇਸ ਗੱਲ ਤੇ ਉਹਨਾਂ ਨੇ ਵਿਸ਼ੇਸ਼ ਬਲ ਦਿੱਤਾ । ਪਰ ਇਹੋ ਜਿਹੀ ਕੋਈ ਲੋੜ ਨਹੀਂ ਹੋਵੇਗੀ ਕਿ ਕਲਾਕਾਰ ਅਕਾਰਣ ਸ਼ਿਸਟਾਚਾਰ ਭੰਗ ਨਾ ਕਰਨ । ਕਲਾਕਾਰ ਹੀ ਆਖ਼ਿਰ ਸਮਾਜ ਬਾਰੇ ਭਵਿੱਖ ਬਾਣੀ ਉਚਾਰਦਾ ਹੈ, ਇਹ ਕੁਝ ਭੁੱਲਣਾ ਨਹੀਂ ਚਾਹੀਦਾ । ਵਾਮਨ ਮਲ੍ਹਾਰ ਦੇ ਮੱਤ ਅਨੁਸਾਰ ਕਲਾ ਨੀਤੀ ਅੰਤਿਮ ਰੂਪ ਵਿਚ ਨਿਰਪੱਖ ਅਤੇ ਸ਼ੁਧ ਅੰਤਹਕਰਣ ਦੁਆਰਾ ਹਰ ਚੀਜ਼ ਦੀ ਮੁਕਤੀ ਵੱਲ ਰੁਚਿਤ ਹੋਣੀ ਚਾਹੀਦੀ ਹੈ । ਵਾਮਨ ਮਲ੍ਹਾਰ ਦੇ ਨਿਬੰਧਾਂ ਵਿਚ ਇਸ ਪ੍ਰਕਾਰ ਦੇ ਕਲਾ ਅਤੇ ਜੀਵਨ ਸਬੰਧੀ ਵਿਚਾਰ ਸ਼ੁੱਧ ਅੰਤਹਕਰਣ, ਨਿਰਪੱਖ ਬੁੱਧੀ, ਵਿਵੇਕ ਅਤੇ ਅਸਾਧਾਰਣ ਮਹੱਤਵ ਵਾਲੇ ਹਨ ।

ਵਾਮਨ ਮਲ੍ਹਾਰ ਦੇ ਸਾਹਿੱਤ ਬਾਰੇ ਸਿਧਾਂਤਕ ਵਿਚਾਰਾਂ ਦੀ ਦ੍ਰਿਸ਼ਟੀ ਤੋਂ ਉਹਨਾਂ ਦੁਆਰਾ ਲਿਖਿਆ ਹੋਇਆ ਨਿਬੰਧ 'ਸਾਹਿੱਤ ਕਾਲਨਿਸ਼ਠ ਜਾਂ ਵਿਅਕਤੀ ਨਿਸ਼ਠ ?' ਵਧੇਰੇ ਮਹੱਤਵਪੂਰਨ ਹੈ । 1930 ਈ. ਤੋਂ ਪਿੱਛੋਂ ਮਹਾਰਾਸ਼ਟਰ ਵਿਚ ਮਾਰਕਸਵਾਦ ਦੀ ਪਛਾਣ ਹੋਣੀ ਸ਼ੁਰੂ ਹੋ ਗਈ ਸੀ । ਜੀਵਨ ਅਤੇ ਸਾਹਿੱਤ ਦੇ ਪ੍ਰਸਪਰ ਸਬੰਧਾਂ ਨੂੰ ਜਾਣਨ ਦੀ ਇਕ ਨਵੀਂ ਨੀਤੀ ਦਾ ਜਨਮ ਹੋਇਆ । ਇਹ ਨੀਤੀ ਮਹੱਤਵਪੂਰਨ ਸੀ ਪਰ ਮਹਾਰਾਸ਼ਟਰ ਵਿਚ ਇਸਦਾ ਪਸਾਰ ਬੇਢੰਗਾ ਤੇ ਬੇਜੋੜ ਸੀ । ਸਾਹਿੱਤ ਸਿਰਜਣਾ ਦਾ ਜੀਵਨ ਨਾਲ ਸਬੰਧ ਸੀਮਤ ਅਰਥ ਧਾਰਣ ਕਰ ਗਿਆ । ਵਾਮਨ ਮਲ੍ਹਾਰ ਲਈ ਮਾਰਕਸਵਾਦ ਵਰਜਿਤ ਖ਼ੇਤਰ ਨਹੀਂ ਸੀ । ਪਰ ਸਾਹਿੱਤ ਅਤੇ ਜੀਵਨ-ਵਿਹਾਰ ਦੀ ਇਹ ਜਕੜਬੰਦ ਪ੍ਰੰਜਾਲੀ

'ਕਾਰਣਾਂ ਦੀ ਅਨੇਕਤਾ' ਉਹਨਾਂ ਵਰਗੇ ਵਧੇਰੇ-ਸਤਿਕਾਰ ਰੱਖਣ ਵਾਲੇ ਵਿਅਕਤੀ, ਸੁਤੰਤਰਤਾਵਾਦੀ ਵਿਚਾਰਕ ਨੂੰ ਸਵੀਕਾਰ ਨਹੀਂ ਸੀ। 'ਕਲਾ, ਨੀਤੀ ਅਤੇ ਸਤਿ ਪ੍ਰੀਤੀ ਕੀ ਹਨ, ਇਹ ਪੂਰਨ ਸੁਤੰਤਰਤਾ ਦੇ ਖ਼ੁੱਲ੍ਹੇ ਡੁੱਲ੍ਹੇ ਵਾਤਾਵਰਨ ਵਿਚ ਫਲਦੇ ਫੁੱਲਦੇ ਹਨ, ਉਹ ਇਹ ਕੁਝ ਆਖਦੇ ਸਨ। ਉਹਨਾਂ ਦਾ ਇਹ ਆਖਣਾ ਠੀਕ ਸੀ।

ਪਰ ਸਾਹਿੱਤ ਅਤੇ ਸਮਾਜ ਦੇ ਪ੍ਰਸਪਰ ਸਬੰਧਾਂ ਦੀ ਭੂਮਿਕਾ ਹੋਰ ਤਤਕਾਲੀਨ ਵਿਦਵਾਨਾਂ ਵਾਂਗ ਦੂਹਰੇ ਰੂਪ ਵਾਲੀ ਹੈ। ਇਸਦਾ ਗਿਆਨ ਉਹਨਾਂ ਦੇ 'ਅਜੋਕੇ ਮਹਾਂਕਾਵਿ ਦਾ ਨਿਰਮਾਣ ਕਿਉਂ ਨਹੀਂ ਹੁੰਦਾ ?' ਨਿਬੰਧ ਤੋਂ ਮਿਲਦਾ ਹੈ। ਅੱਜ ਦੇ ਸਮੇਂ ਵਿਚ ਮਹਾਂਕਾਵਿ ਦਾ ਨਿਰਮਾਣ ਨਾ ਹੋਣ ਬਾਰੇ ਵਿਚਾਰ ਕਰਦਿਆਂ ਉਹ ਵਿਹਲ ਦੇ ਅਭਾਵ, ਸੁਹਜ ਸਵਾਦ ਦੀ ਤਬਦੀਲੀ ਅਤੇ ਸਮਾਜਿਕ ਪਰਿਵਰਤਨ ਨੂੰ ਮੰਨਦੇ ਹਨ। ਜੇਕਰ ਕਾਵਿ ਦ੍ਰਿਸ਼ਟੀ ਹੋਵੇਗੀ ਤਾਂ ਕਿਸੇ ਪ੍ਰਕਾਰ ਦੀਆਂ ਪਰਿਸਥਿਤੀਆਂ ਵਿਚ ਵੀ ਕਾਵਿ-ਰਚਨਾ ਸੰਭਵ ਹੋ ਸਕਦੀ ਹੈ। ਉਹ ਮਹਾਂਕਾਵਿ ਦੇ ਪ੍ਰਭਾਵ ਦੇ ਕਾਰਣ ਅਜੋਕੀ ਪ੍ਰਤਿਭਾ ਦੇ ਅਭਾਵ 'ਚੋਂ ਤਲਾਸ਼ ਕਰਦੇ ਹਨ; ਪਰ ਪ੍ਰਤਿਭਾ ਦੇ ਅਜੋਕੇ ਅਭਾਵ ਦੀ ਮੀਮਾਂਸਾ ਕਰਦੇ ਹੋਏ ਜੀਵਨ ਦੀ ਅਸਥਿਰਤਾ, ਢਲਦੇ ਜੀਵਨ ਮੁੱਲ, ਛੋਟੇ ਛੋਟੇ ਪ੍ਰਸ਼ਨਾਂ ਵਿਚ ਉਲਝਣ ਦੀ ਅਜੋਕੀ ਬਿਰਤੀ ਆਦਿ ਸਮਾਜਿਕ ਕਾਰਣਾਂ ਵੱਲ ਉਂਗਲ ਕਰਦੇ ਹਨ। ਪਹਿਲੇ ਮਹਾਂਕਵਿ ਦੀ ਥਾਂ ਹੁਣ ਨਾਵਲ ਨੇ ਲੈ ਲਈ ਹੈ, ਇਹ ਮੁੱਦਾ 'ਰਾਗਿਣੀ' ਕਰਤਾ ਵਾਮਨ ਮਲ੍ਹਾਰ ਨੇ ਵਾਸਤਵਿਕ ਸਹਿਜ ਰੂਪ ਵਿਚ ਸੁਝਾਇਆ ਸੀ। ਪਰ ਉਹ ਸੁਝਾਉ ਕਿਸੇ ਨੇ ਸਮਝਿਆ ਨਹੀਂ, ਉਸਤੇ ਅਮਲ ਨਹੀਂ ਕੀਤਾ।

ਸਾਹਿੱਤ ਬਾਰੇ ਅਧਿਆਤਮਕ ਪ੍ਰਸ਼ਨਾਂ ਦੀ ਪ੍ਰੌਢ਼ਤਾ ਵਜੋਂ ਵਾਮਨ ਮਲ੍ਹਾਰ ਨੇ ਮਰਢੇਕਰ ਦੀ ਪੁਸਤਕ 'ਸਾਹਿੱਤ ਦੀ ਮਹਾਤਮਤਾ' ਦੀ ਮਹੱਤਵਪੂਰਨ ਪ੍ਰਸਤਾਵਨਾ ਲਿਖੀ। ਸਿਧਾਂਤਕ ਸਰੂਪਾਂ ਦੀ ਸਾਹਿੱਤ ਮੀਮਾਂਸਾ ਕਰਨ ਵਾਲਾ ਇਹ ਮਹੱਤਵਪੂਰਨ ਲੇਖ ਅੰਤਲੀਆਂ ਰਚਨਾਵਾਂ ਵਿਚੋਂ ਇਕ ਹੈ। ਇਸ ਲੇਖ ਦੁਆਰਾ ਸਾਹਿੱਤ ਵਿਚ ਆਤਮ ਨਿਸ਼ਠਾ, ਕਲਾਕ੍ਰਿਤ ਵਿਚ ਸਵੈ ਅਨੁਭਵ ਆਦਿ ਬਾਰੇ ਕੀਤਾ ਵਿਵੇਚਨ ਉਹਨਾਂ ਦੀ ਵਿਲੱਖਣ ਸਮੀਖਿਆ ਬਿਰਤੀ ਅਤੇ ਸਾਹਿੱਤ ਬਾਰੇ ਆਖ਼ਰੀ ਸਮੇਂ ਤੀਕ ਤਾਜ਼ੀ ਨਿਪੁੰਨਤਾ ਦੀ ਗਵਾਹੀ ਪੇਸ਼ ਕਰਦੀ ਹੈ।

ਵਾਮਨ ਮਲ੍ਹਾਰ ਦੀ ਵਿਹਾਰਕ ਸਮੀਖਿਆ ਜ਼ਿਆਦਾਤਰ ਪੁਸਤਕ ਪੜਚੋਲ ਦੇ ਰੂਪ ਵਿਚ ਮਿਲਦੀ ਹੈ। ਉਸ ਵਿਚ ਕਵਿਤਾ ਅਤੇ ਕਹਾਣੀ ਨਾਲੋਂ ਨਾਵਲ ਦੀ ਪੜਚੋਲ ਨੂੰ ਪਹਿਲਾ ਸਥਾਨ ਪ੍ਰਾਪਤ ਹੈ। ਉਹ ਖ਼ੁਦ ਨਾਵਲਕਾਰ ਸਨ, ਇਸ ਲਈ ਇਹ ਕੁਝ ਸੁਭਾਵਿਕ ਹੀ ਸੀ। ਡਾ. ਕੇਤਕਰ ਦੇ ਨਾਵਲਾਂ, ਸ੍ਰੀਪਾਦ ਕ੍ਰਿਸ਼ਣ ਦੀ *ਦੰਭੀ ਦੀ ਦੂਹਰੀ ਚਾਲ*, ਗੋ. ਚਿੰ. ਭਾਟੇ ਦਾ ਨਾਵਲ *ਪ੍ਰੇਮ ਦੀ ਲੌਕਿਕਤਾ* ਆਦਿ ਸਮਕਾਲੀ ਨਾਵਲਾਂ ਅਤੇ ਵ. ਗ. ਤ੍ਰਿਯੰ. ਮਾਡਖੋਲਕਰ ਦੇ *ਟੁੱਟੇ ਮੰਦਰ*, ਪੁ. ਯ. ਦੇਸ਼-ਪਾਂਡੇ ਦੇ *ਬੰਧਨ ਤੋਂ ਪਰ੍ਹੇ* ਆਦਿ ਉੱਤਰ ਕਾਲੀਨ ਨਾਵਲਾਂ ਨੂੰ ਉਹਨਾਂ ਨੇ ਆਪਣੇ ਧਿਆਨ ਦਾ ਕੇਂਦਰ ਬਣਾਇਆ। ਇਸ ਤੋਂ ਬਿਨਾਂ ਪੜਚੋਲ ਵਾਲੇ ਲੇਖਾਂ ਵਿਚ ਕ੍ਰ. ਪ੍ਰ. ਖਾਡੀਲਕਰ ਦੇ

'ਸਤਵ ਪ੍ਰੀਖਿਆ' ਨਾਟਕ, ਨ. ਚਿੰ. ਕੇਂਲਕਰ ਦੇ 'ਗਤ ਗੋਸ਼ਟੀ' ਆਤਮ ਚਰਿੱਤਰ ਵਿਚ ਅਤੇ ਲੇਖਿਕਾ ਕ੍ਰਿਸ਼ਣਾ ਬਾਈ ਦੇ *ਅਰੋਕ ਪ੍ਰਵਾਹ* ਕਹਾਣੀ ਸੰਗ੍ਰਹਿ ਵਿਚ ਸਪਸ਼ਟ ਹੁੰਦਾ ਹੈ ।

ਵਾਮਨ ਮਲ੍ਹਾਰ ਦੇ ਸਮੇਂ ਵਿਚ ਪੁਸਤਕ ਪੜਚੋਲ ਮਹੱਤਵਪੂਰਨ ਸਮੀਖਿ ਖ਼ੇਤਰ ਮੰਨਿਆ ਜਾਂਦਾ ਸੀ । ਵਿਸਤ੍ਰਿਤ ਅਤੇ ਜੀਵਨ-ਵੇਰਵੇ ਪੇਸ਼ ਕਰਨ ਵਾਲੀ ਪੜਚੋਲ ਕਰਨ ਵਾਲੇ ਬਹੁਤ ਸਾਰੇ ਲੇਖਕ ਉਸ ਕਾਲ ਵਿਚ ਜੀਵਿਤ ਸਨ । ਪੁਸਤਕ-ਲੇਖਕ ਦੀ ਪਛਾਣ, ਬੇਬਾਕ ਬਿਆਨ, ਵਿਸ਼ੇਸ਼ ਕ੍ਰਿਤ ਦਾ ਸਰੂਪ, ਮੰਤਵ ਦਾ ਕਥਨ, ਨਿਝਕ ਅਨੁਕੂਲ-ਪ੍ਰਤੀਕੂਲ ਪ੍ਰਤੀਕ੍ਰਿਆ, ਗੁਣ-ਦੋਸ਼, ਭਾਸ਼ਾ ਬਾਰੇ ਵਿਚਾਰ ਆਦਿ ਪੜਚੋਲੀਆ ਲੇਖਾਂ ਦੀ ਬਣਤਰ ਵਿਚ ਸ਼ਾਮਿਲ ਸਨ । ਵਾਮਨ ਮਲ੍ਹਾਰ ਨੇ ਵਧੇਰੇ ਕਰਕੇ ਇਨ੍ਹਾਂ ਵਿਸ਼ਿਆਂ ਦਾ ਸਹਾਰਾ ਲਿਆ । ਵਾਮਨ ਮਲ੍ਹਾਰ ਦੇ ਪੜਚੋਲ ਵਾਲੇ ਲੇਖਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਉਹਨਾਂ ਦੀ ਟੇਕ ਆਤਮ ਨਿਵੇਦਨ ਉੱਪਰ ਵਧੇਰੇ ਸੀ । ਇਹ ਉਹਨਾਂ ਦੀ ਮਨ ਭਾਉਂਦੀ ਸ਼ੈਲੀ ਸੀ । ਉਹਨਾਂ ਦੁਆਰਾ ਕੀਤੀ ਗਈ ਸਮੀਖਿਆ ਵਿਚ ਗੁਣ ਦੋਸ਼ਾਂ 'ਤੇ ਧਰੀ ਗਈ ਉਂਗਲ ਸਾਊਪੁਣੇ ਦਾ ਪ੍ਰਗਟਾਵਾ ਕਰਦੀ ਹੈ । ਪੜਚੋਲ ਕਰਦਿਆਂ ਉਹ ਸਿਧਾਂਤਕ ਪ੍ਰਸ਼ਨਾਂ ਨੂੰ ਬਹਿਸ ਦਾ ਵਿਸ਼ਾ ਬਣਾਉਂਦੇ ਹਨ । ਇਸ ਸਬੰਧ ਵਿਚ ਉਹਨਾਂ ਦੁਆਰਾ ਕੇਤਕਰ ਦੇ ਨਾਵਲ ਦੀ ਸਮੀਖਿਆ ਵਾਲਾ ਲੇਖ ਵਧੇਰੇ ਮਹੱਤਵਪੂਰਨ ਹੈ ।

ਸਮੀਖਿਅਕ ਵਾਮਨ ਮਲ੍ਹਾਰ ਦਾ ਮੁਲਾਂਕਣ ਕਰਦਿਆਂ ਡਾ. ਵ. ਦਿ. ਕੁਲਕਰਣੀ ਮਰਾਠੀ ਸਮੀਖਿਆ ਦਾ ਲੇਖਾ-ਜੋਖਾ ਕਰਦਿਆਂ ਲਿਖਦੇ ਹਨ-

'ਵਾਮਨ ਮਲ੍ਹਾਰ ਨੇ ਸੁਤੰਤਰ ਬਿਰਤੀ ਦੁਆਰਾ ਇਹ ਕੁਝ ਸਿੱਧ ਕਰ ਦਿੱਤਾ ਕਿ ਸਾਹਿੱਤ ਨੂੰ ਆਪਣੇ ਧਿਆਨ ਦਾ ਕੇਂਦਰ ਕਿਵੇਂ ਬਣਾਉਣਾ ਹੈ । ਉਹਨਾਂ ਨੇ ਸੰਸਕ੍ਰਿਤ ਸਾਹਿੱਤ ਸ਼ਾਸਤ੍ਰ ਦੀ ਤਰ੍ਹਾਂ ਆਧੁਨਿਕ ਮਰਾਠੀ ਸਾਹਿੱਤ ਵਿਚਲੇ ਵਾਕਾਂ ਨੂੰ ਵਾਸਤਵ ਰੂਪ ਵਿਚ ਮਹੱਤਵ ਨਾ ਦੇ ਕੇ ਸਾਹਿੱਤ ਸ਼ਾਸਤ੍ਰ ਦੇ ਮੂਲ ਵਿਚਾਰਾਂ ਤੇ ਕਲਮ ਅਜ਼ਮਾਈ.....ਕਲਾ ਸਬੰਧੀ ਵਿਚਾਰਾਂ ਵਿਚ ਇਕ ਪਾਸੜ ਪਹੁੰਚ ਜਾਂ ਹਉਂ ਦਾ ਵਾਤਾਵਰਣ ਦੂਰ ਕਰਨ ਲਈ ਵਾਮਨ ਮਲ੍ਹਾਰ ਨੇ 'ਕਾਰਣਾਨਾਮ ਅਨੇਕਤਾ' ਸਿਧਾਂਤ ਅਤੇ 'ਵਿਚਾਰ ਸੌਂਦਰਯ' ਦੀ ਭੂਮਿਕਾ ਦੁਆਰਾ ਬਹੁਤ ਸਹਾਇਤਾ ਕੀਤੀ । ਵਾਮਨ ਮਲ੍ਹਾਰ ਦੁਆਰਾ ਕੀਤਾ ਗਿਆ ਸਾਹਿੱਤ ਚਿੰਤਨ ਆਧੁਨਿਕ ਸਿਧਾਂਤਕ ਗਿਆਨ ਦਾ ਅਭਿਆਸ ਮਰਾਠੀ ਵਿਚ ਸੁਤੰਤਰ ਚਿੰਤਨ ਹੋ ਨਿਬੜਿਆ । ਸੰਸਕ੍ਰਿਤ ਸਾਹਿੱਤ ਸ਼ਾਸਤ੍ਰ ਦੀ ਰਸਿਕ ਭੂਮੀ ਨਾਲੋਂ ਪੱਛਮੀ ਸਾਹਿੱਤ ਸ਼ਾਸਤ੍ਰ ਵਿਚ ਨਿਰਮਾਣ ਪ੍ਰਤੀ ਕ੍ਰਿਆ ਉੱਪਰ ਵਧੇਰੇ ਜ਼ੋਰ ਦਿੱਤਾ । ਸੱਚ ਤਾਂ ਇਹ ਹੈ ਕਿ ਆਧੁਨਿਕ ਭਾਵ ਅਜੋਕੇ ਨਵ-ਸਾਹਿੱਤ ਵਿਚਾਰਾਂ ਦੀ ਲੀਹ ਵਾਮਨ ਮਲ੍ਹਾਰ ਨੇ ਪਾਈ, ਇਹ ਕਹਿਣਾ ਵਧੇਰੇ ਯੋਗ ਹੈ ।'[8]

# ਸੰਦਰਭ


1. ਵਿਚਾਰ ਸੌਂਦਰਯ, ਪੰਨਾ 105-106
2. ਉਹੀ, ਪੰਨਾ 90
3. ਉਹੀ, ਪੰਨਾ 33-35
4. ਵਾ. ਲ. ਕੁਲਕਰਣੀ, ਵਾਮਨ ਮਲ੍ਹਾਰ ਸਾਹਿੱਤ ਦਰਸ਼ਨ (ਚੌਥੀ ਜਿਲਦ), ਪੰਨਾ 96
5. ਵਿਚਾਰ ਸੌਂਦਰਯ, ਪੰਨਾ 102
6. ਡਾ. ਵ. ਦਿ. ਕੁਲਕਰਣੀ, 'ਸਾਹਿੱਤ-ਵਿਚਾਰ' ਪ੍ਰਦੱਖਣਾ, (ਜਿਲਦ ਪੰਜਵੀਂ), ਪੁਣੇ 1972, ਪੰਨਾ 244-45.

# ਫੁਟਕਲ ਲਲਿਤ ਲੇਖਨ

ਵਾਮਨ ਮਲ੍ਹਾਰ ਦੀਆਂ ਸਿਧਾਂਤਕ ਚਰਚਾ ਵਾਲੀਆਂ ਲਿਖਤਾਂ ਅਤੇ ਨਾਵਲਾਂ ਬਾਰੇ ਵਿਚਾਰ ਕਰਨ ਪਿੱਛੋਂ ਉਹਨਾਂ ਦੇ ਲਲਿਤ-ਲੇਖਨ ਬਾਰੇ ਵਿਚਾਰ ਕਰਨੀ ਜ਼ਰੂਰੀ ਹੈ। ਇਸ ਵਿਚ ਉਹਨਾਂ ਦਾ ਕਥਾਤਮ ਸਾਹਿੱਤ (*ਨਵ ਪੁਸ਼ਪ ਖਾਰੀ,*1916), ਸਿਮ੍ਰਤੀ-ਲੇਖਾਤਮ ਸਾਹਿੱਤ (*ਸਿਮ੍ਰਿਤ ਲਹਿਰੀ,* 1942) ਅਤੇ ਨਾਟ ਸਾਹਿੱਤ (*ਅੱਗ ਦੀ ਖੇਡ,* 1937 ਅਤੇ ਹੋਰ ਛੋਟੇ ਨਾਟਕ) ਸ਼ਾਮਿਲ ਹਨ। ਵਾਮਨ ਮਲ੍ਹਾਰ ਦੀਆਂ ਸਿਧਾਂਤ-ਚਰਚਾ ਵਾਲੀਆਂ ਲਿਖਤਾਂ, ਉਹਨਾਂ ਦੇ ਨਾਵਲ, ਲਲਿਤ-ਲੇਖਨ ਤੋਂ ਬਿਨਾਂ ਵੱਖੋ-ਵੱਖ ਵਿਸ਼ਿਆਂ ਬਾਰੇ ਫੁਟਕਲ ਰੂਪ ਵਿਚ ਲਿਖੀਆਂ ਹੋਈਆਂ ਲਿਖਤਾਂ ਅਜੇ ਤੀਕ ਅਸੰਗ੍ਰਹਿਤ ਪਈਆਂ ਹਨ। ਜਦੋਂ ਇਹ ਲਿਖਤਾਂ ਸੰਗ੍ਰਹਿਤ ਹੋ ਜਾਣਗੀਆਂ ਤਾਂ ਮਰਾਠੀ ਸਾਹਿੱਤ ਵਿਚ ਸਿਧਾਂਤ ਚਰਚਾ ਵਾਲੇ ਵਿਚਾਰਾਂ, ਵਿਅਕਤੀ ਵਿਚਾਰਾਂ ਅਤੇ ਪੁਸਤਕ ਸਮੀਖਿਆ ਦਾ ਸਾਹਿੱਤ ਵਧੇਰੇ ਭਰਪੂਰ ਹੋ ਜਾਵੇਗਾ। ਇਸ 'ਤੇ ਇਕ ਤਰਦੀ ਤਰਦੀ ਨਜ਼ਰ ਮਾਰਨੀ ਜ਼ਰੂਰੀ ਹੈ। ਉਹਨਾਂ ਨੇ ਨਾਟ ਸਾਹਿੱਤ ਅਤੇ ਕਥਾ ਸਾਹਿੱਤ ਬਾਰੇ ਵਿਚਾਰ ਕਰਨੀ ਬਣਦੀ ਹੈ। 'ਸਿਮ੍ਰਿਤ ਲਹਿਰੀ' ਪੁਸਤਕ ਵਧੇਰੇ ਮਹੱਤਵਪੂਰਨ ਮੌਲਿਕ ਰਚਨਾ ਹੋਣ ਦੇ ਨਾਤੇ ਕੁਝ ਵਿਸਥਾਰਪੂਰਵਕ ਚਰਚਾ ਮੰਗਦੀ ਹੈ।

## ਅੱਗ ਦੀ ਖੇਡ

1937 ਈ. ਵਿਚ ਲਿਖਿਆ ਇਹ ਨਾਟਕ 'ਸੁਤੰਤਰ ਸਮਾਜਿਕ ਨਾਟਕ' ਹੈ। ਵਾਮਨ ਮਲ੍ਹਾਰ ਨੇ ਇਕੋ ਨਾਟਕ ਲਿਖਿਆ। ਪੁਰਸ਼ ਪਾਤਰ ਸੁਸਤ, ਤਕਨੀਕੀ ਦੋਸ਼, ਪੁਰਾਣੀ ਪੱਧਤੀ ਦੀ ਨਾਟ ਰਚਨਾ ਅਤੇ ਕਥਾਨਕ ਦੇ ਦੋਸ਼ ਕਾਰਣ ਵਾਮਨ ਮਲ੍ਹਾਰ ਦੀ ਇਹ ਲਲਿਤ ਰਚਨਾ ਕਾਫੀ ਨੀਵੇਂ ਦਰਜੇ ਦੀ ਸਿੱਧ ਹੋਈ। ਇਸ ਰਚਨਾ ਦੀ ਮਹੱਤਤਾ ਉਸ ਸਮੇਂ ਦੇਂ ਕਾਫ਼ੀ ਚਰਚਿਤ ਨਵ ਵਿਚਾਰਵਾਦ ਦੀ ਦ੍ਰਿਸ਼ਟੀ ਤੋਂ ਵਧੇਰੇ ਹੈ।

ਇਸ ਨਾਟਕ ਵਿਚ ਪੇਸ਼ ਨਵੇਂ ਵਿਚਾਰਾਂ ਬਾਰੇ ਪ੍ਰੋ. ਵਾ. ਲ. ਕੁਲਕਰਣੀ ਲਿਖਦੇ ਹਨ-"ਥੋੜ੍ਹੇ ਜਿਹੇ ਧਿਆਨ ਨਾਲ ਦੇਖਣ ਤੋਂ ਪਤਾ ਚੱਲ ਜਾਂਦਾ ਹੈ ਕਿ ਨਵੇਂ ਵਿਚਾਰਾਂ ਵਾਲੀ 'ਵਿਜਯਾ' ਦੇ ਚਰਿੱਤਰ ਦੁਆਰਾ ਵਾਮਨ ਮਲ੍ਹਾਰ ਨੇ ਪ੍ਰਮਾਣਿਤ ਸਮਾਜ ਨੂੰ ਪੇਸ਼ ਕੀਤਾ ਹੈ.....'ਇਸਤ੍ਰੀ ਪੁਰਸ਼ਾਂ ਦੇ ਇਕੱਠੇ ਰਹਿਣ ਨਾਲ, ਗੱਲ-ਕੱਥ ਕਰਨ ਨਾਲ ਸਮਾਜ ਨੂੰ ਕਿਸੇ ਪ੍ਰਕਾਰ ਦਾ ਖ਼ਤਰਾ ਨਹੀਂ। ਵਿਆਹ ਸੰਸਥਾ ਦੀ ਲੋੜ ਨਹੀਂ।' ਇਹੋ ਜਿਹੇ

ਵਿਚਾਰ ਦ੍ਰਿੜਤਾ ਨਾਲ ਪੇਸ਼ ਕਰਨ ਵਾਲੀ, ਸਮੇਂ ਸਥਾਨ ਤੇ ਵਿਅਕਤੀ ਦੀ ਪਰਵਾਹ ਨਾ ਕਰਨ ਵਾਲੀ, ਆਪਣੇ ਆਪ ਦਾ ਖ਼ਾਸ ਧਿਆਨ ਰੱਖਣ ਵਾਲੀ, ਸਵੈ ਅਭਿਮਾਨੀ, ਨਿਰਛਲ, ਸਾਫ਼ ਗੋਅ, ਮੂੰਹ ਫੱਟ ਅਤੇ ਬੇਪਰਵਾਹ ਗੁਣਾਂ ਵਾਲੀ ਔਰਤ (ਵਿਜਯਾ) ਹੈ । ਸਮੇਂ ਸਮੇਂ ਬਰਟਰੰਡ ਰੱਸਲ ਦੁਆਰਾ ਪੇਸ਼ ਕੀਤੇ ਗਏ ਵਿਚਾਰਾਂ ਕਾਰਣ ਅਨਪੜ੍ਹ ਨਰ ਮਾਦਾ ਦੇ ਚਰਿੱਤਰ ਉੱਪਰ ਕਿੰਨਾਂ ਭੈੜਾ ਅਸਰ ਹੋਇਆ, ਇਹ ਕੁਝ ਦੇਖਕੇ ਕਿ 'ਨਵੇਂ ਵਿਚਾਰਾਂ ਦੀ ਚੰਗਿਆੜੀ ਕਿਸ ਵੇਲੇ ਅਜਿਹੀ ਅੱਗ ਲਾਵੇਗੀ, ਇਹ ਗੱਲ ਮੇਰੇ ਧਿਆਨ ਵਿਚ ਆਈ ਹੀ ਨਹੀਂ........' ਸਪਸ਼ਟ ਰੂਪ ਵਿਚ ਇਹ ਕੁਝ ਕਬੂਲ ਕਰਨ ਦਾ ਵਿਵੇਕ ਉਸ ਕੋਲ ਸੀ ।"[1]

ਇਸ ਕਾਲ ਵਿਚ ਨਵੀਂ ਵਿਚਾਰਧਾਰਾ ਵਿਸ਼ੇਸ਼ ਰੂਪ ਵਿਚ ਫ਼ੈਲ ਰਹੀ ਸੀ । ਇਸ ਵਿਚਾਰਧਾਰਾ ਵਿਚੋਂ ਬਹੁਤ ਕੁਝ ਵਾਮਨ ਮਲ੍ਹਾਰ ਨੇ ਗ੍ਰਹਿਣ ਕੀਤਾ । ਦੂਜੇ ਪਾਸੇ ਇਸ ਵਿਚਾਰਧਾਰਾ ਨੂੰ ਨਿਰਖਣ ਪਰਖਣ ਦੀ ਲੋੜ ਸੀ । ਨਿਰਣੇ ਰਹਿਤ ਸਥਾਨ ਤੇ ਕਾਲ ਦੇ ਵਿਚਾਰਾਂ ਨੂੰ ਦੋ ਫਾੜ ਕਰਨ ਵਾਲੀ ਵਿਚਾਰਧਾਰਾ ਦਾ ਪੁਰਸਕਾਰ 'ਅੱਗ ਦੀ ਖੇਡ' ਹੋਵੇਗਾ, ਇਹ ਕੁਝ ਵਾਮਨ ਮਲ੍ਹਾਰ ਮਹਿਸੂਸ ਕਰਦੇ ਸਨ । ਇਸ ਪ੍ਰਕਾਰ ਦੀ ਸਾਵਧਾਨੀ ਵੱਲ ਸੰਕੇਤ ਕਰਨ ਦੀ ਭੂਮਿਕਾ 'ਚੋਂ ਇਸ ਦ੍ਰਿਸ਼ਟੀ ਤੋਂ ਇਸ ਨਾਟਕ ਦਾ ਮਹੱਤਵ ਵਧੇਰੇ ਉਘੱੜਦਾ ਹੈ । ਨਵੇਂ ਸਿਧਾਂਤ ਚਿੰਤਨ ਅਤੇ ਵਿਚਾਰਾਂ ਨੂੰ ਅੱਖਾਂ ਖੋਲ੍ਹ ਕੇ ਸਵੀਕਾਰ ਕੀਤਾ ਜਾਵੇ । ਵਾਮਨ ਮਲ੍ਹਾਰ ਦੀ ਇਹ ਇੱਛਾ ਇਸ ਨਾਟਕ ਨੂੰ ਲਿਖਣ ਦੀ ਪ੍ਰੇਰਨਾ ਸਿੱਧ ਹੋਈ ।

## ਸੰਵਾਦ ਅਤੇ ਨਾਟਿਕਾ

1940 ਈ. ਪੂਰਵ ਲਿਖੇ ਗਏ ਛੋਟੇ ਛੋਟੇ ਨਾਟਕ ਪ੍ਰਮੁੱਖ ਰੂਪ ਵਿਚ ਸਕੂਲਾਂ, ਕਾਲਜਾਂ ਵਿਚ ਖੇਡਣ ਲਈ ਲਿਖੇ ਗਏ ਸਨ । ਵਾਮਨ ਹਿੰਗਣੇ ਕਾਲਜ ਵਿਚ ਅਧਿਆਪਕ ਸਨ । ਇਸ ਲਈ ਸਾਹਿੱਤ ਸੰਮੇਲਨਾਂ ਵਿਚ ਉਪਯੁਕਤ ਹੋਣ ਵਾਲੇ ਸੰਵਾਦ ਅਤੇ ਨਾਟਿਕਾਵਾਂ ਲਿਖੀਆਂ । 'ਅਰਥਾਤ ਵਿਸ਼ੇਸ਼ ਨੀਤੀ ਸਿਧਾਂਤ ਸਿਖਾਉਣ ਦਾ ਉਹਨਾਂ ਦਾ ਉਦੇਸ਼ ਸੀ, ਇਸ ਕਰਕੇ ਉਹਨਾਂ ਦੀਆਂ ਲਿਖਤਾਂ ਵਿਚ ਵਿਲੱਖਣਤਾ ਪ੍ਰਗਟ ਹੁੰਦੀ ਹੈ ।

ਕਿਸੇ ਵਿਸ਼ੇ ਨੂੰ ਨਿਰਖਣ ਪਰਖਣ ਦੀ ਉਹਨਾਂ ਦੀ ਆਦਤ, ਕਲਪਨਾ ਅਤੇ ਸ਼ਬਦ-ਕਲਾ 'ਤੇ ਆਧਾਰਿਤ ਪ੍ਰਸੰਗ ਅਨੁਸਾਰ ਹਾਸ ਰਸ, ਨਵ ਨਿਰਮਾਣਿਤ ਪ੍ਰਤਿਭਾ ਦੀ ਆਧੁਨਿਕ ਕਲਪਨਾ, ਇਸਤ੍ਰੀ ਦੇ ਮਨ ਅਤੇ ਸੁਭਾਉ ਦੇ ਸਹਾਨ ਭੂਤੀ ਪੂਰਨ ਦਰਸ਼ਨ, ਲਿਖਿਤ 'ਚੋਂ ਪ੍ਰਗਟ ਹੋਣ ਵਾਲੀ ਪ੍ਰਬਲ ਸਿਧਾਂਤ ਨਿਸ਼ਠਾ ਆਦਿ ਇਹਨਾਂ ਸਾਰੀਆਂ ਲਿਖਤਾਂ ਦੇ ਗੁਣ ਵਿਸ਼ੇਸ਼ ਰੂਪ ਵਿਚ ਇਨ੍ਹਾਂ ਸੰਵਾਦਾਂ ਵਿਚ ਪ੍ਰਗਟ ਹੁੰਦੇ ਹਨ । ਇਨ੍ਹਾਂ ਲਿਖਤਾਂ ਵਿਚ ਵਾਮਨ ਮਲ੍ਹਾਰ ਦੀ ਤਲਖ਼ ਕਾਲਪਨਿਕ ਸ਼ਕਤੀ ਕਿਵੇਂ ਸਹਿਜ ਅਵਸਥਾ ਧਾਰਨ ਕਰਦੀ ਹੈ, ਇਹ ਦੇਖਣ ਯੋਗ ਹੈ, 'ਸਵਰਾਜਾ-ਮਰ ਗਿਆ' ਸੰਵਾਦ ਵਿਚ ਪਾਤਰਾਂ ਦੇ ਨਾਂ ਰਾਜਕਰਣ

ਬਾਈ, ਸਮਾਜਿਕ ਬਾਈ, ਗੋਰਖ਼ ਬਾਈ, ਰਾਸ਼ਟਰੀ ਸਿੱਖਿਆ ਬਾਈ, ਏਕੀਕਰਣ ਬਾਈ, ਸਵਦੇਸ਼ੀ ਬਾਈ, ਸਤਿਆਗ੍ਰਹੀ ਬਾਈ ਆਦਿ ਸਿਧਾਂਤਾਂ ਦੇ ਆਗ੍ਰਹਿ ਪਿੱਛੋਂ ਛੁਪੇ ਹੋਏ ਇਕਾਂਗੀਪਨ ਨੂੰ ਵਾਮਨ ਮਲ੍ਹਾਰ ਨੇ ਉਘਾੜ ਕੇ ਦੇਖਣ ਦੀ ਕੋਸ਼ਿਸ਼ ਕੀਤੀ ਹੈ । 'ਲੀਲਾ ਰਹੱਸ' ਵੀ ਇਹੋ ਜਿਹਾ ਹੀ ਨਾਟਕੀ ਸੰਵਾਦ ਹੈ । ਇਸ ਸੰਵਾਦ ਵਿਚ ਵਾਮਨ ਮਲ੍ਹਾਰ ਨੇ ਸ਼ਾਬਦਿਕ ਕਿਲ੍ਹਾ ਉਸਾਰਨ ਉੱਪਰ ਵਧੇਰੇ ਜ਼ੋਰ ਦਿੱਤਾ ਹੈ । 'ਕੀ ਸੁਪਨਾ ਹੀ ਤਾਂ ਨਹੀਂ ?" ਨਾਟਿਕਾ ਵਾਮਨ ਮਲ੍ਹਾਰ ਦੀ ਨਿੱਜੀ ਕਲਪਨਾ ਦੀ ਖੁੱਲ੍ਹੀ ਪੇਸ਼ਕਾਰੀ ਕਰਨ ਵਾਲੀ ਕ੍ਰਿਤ ਹੈ । ਆਰੀਆਵਰਤ ਵਿਚ ਵਰਗ-ਦ੍ਵੇਸ਼ ਇਸ ਨਾਟਿਕਾ ਦਾ ਵਿਸ਼ਾ ਸੀ- 'ਹੌਲੀ ਹੌਲੀ ਸੁਧਾਰ ਹੁੰਦਾ ਜਾ ਰਿਹਾ ਹੈ-" ਇਹ ਆਸ਼ਾਵਾਦ ਵਾਮਨ ਮਲ੍ਹਾਰ ਨੇ ਇਸ ਨਾਟਿਕਾ ਦੇ ਅੰਤ ਵਿਚ ਪੇਸ਼ ਕੀਤਾ ।

ਸਭਾ-ਸੰਮੇਲਨਾਂ ਦੀਆਂ ਪ੍ਰਸੰਗਿਕ ਲੋੜਾਂ ਦੀ ਪੂਰਤੀ ਲਈ ਵਾਮਨ ਮਲ੍ਹਾਰ ਨੇ ਛੋਟੇ ਨਾਟਕਾਂ ਦੀ ਰਚਨਾ ਕੀਤੀ । ਗਿਣਤੀ ਅਤੇ ਗੁਣਾਂ ਦੇ ਲਿਹਾਜ਼ ਨਾਲ ਇਹ ਸੀਮਿਤ ਹਨ । ਤਾਂ ਵੀ ਇਨ੍ਹਾਂ ਰਚਨਾਵਾਂ ਤੋਂ ਵਾਮਨ ਮਲ੍ਹਾਰ ਦੀ ਸਿਧਾਂਤ ਚਰਚਾ ਅਤੇ ਸੁਹਿਰਦ ਵਿਅਕਤੀਮਤ ਦੁਆਰ ਸੰਪੂਰਨ ਵਿਚਾਰ ਕਰਨ ਦੀ ਬਿਰਤੀ ਅਤੇ ਨਵੀਨ ਦਰਸ਼ਨ ਲਈ ਤ੍ਰਿਖ਼ਾਵੰਤ ਕਾਲਪਨਿਕ ਪ੍ਰਤਿਭਾ ਦੇ ਦਰਸ਼ਨ ਹੁੰਦੇ ਹਨ ।

## ਨਵ ਪੁਸ਼ਪ ਖ਼ਾਰੀ

*ਨਵ ਪੁਸ਼ਪ ਖ਼ਾਰੀ* (1916 ਈ.) ਵਾਮਨ ਮਲ੍ਹਾਰ ਦੇ ਲਲਿਤ ਲੇਖਨ ਦਾ ਆਰੰਭ ਬਿੰਦੂ ਹੈ । ਵਾਮਨ ਮਲ੍ਹਾਰ ਨੇ 1916 ਈ. ਤੋਂ ਪਹਿਲਾਂ 'ਮਨੋਰੰਜਨ', 'ਨਵ ਯੁਗ', ਚਿੱਤ੍ਰਮਯ ਜਗਤ', 'ਕੇਰਲ ਕੋਕੀਲ' ਆਦਿ ਪੱਤਰਕਾਵਾਂ ਵਿਚ ਸਮੇਂ ਸਮੇਂ ਜਿਹੜੇ 'ਮਨੋਰੰਜਕ ਲੇਖ ਜਾਂ ਛੋਟੀਆਂ ਗੋਸ਼ਟਾਂ' ਲਿਖੀਆਂ, ਉਹਨਾਂ ਵਿਚੋਂ ਬਹੁਤ ਸਾਰੀਆਂ ਦਾ ਸੰਗ੍ਰਹਿ 'ਨਵ ਪੁਸ਼ਪ ਖਾਰੀ' ਵਿਚ ਕੀਤਾ ਗਿਆ । ਇਸ ਸੰਗ੍ਰਹਿ ਵਿਚ 'ਮਨੋਰੰਜਕ ਕਹਾਣੀਆਂ ਜਾਂ ਨਿੱਕੀਆਂ ਕਹਾਣੀਆਂ' ਸ਼ਬਦ ਪ੍ਰਯੋਗ 'ਨਵ ਪੁਸ਼ਪ ਖਾਰੀ' ਦੀ ਪਹਿਲੀ ਜਿਲਦ ਦੇ ਸੰਪਾਦਕ ਕਾ. ਰ. ਮਿੱਤਰ ਨੇ ਕੀਤਾ । ਇਸ ਸੰਦਰਭ ਵਿਚ- ਵਾ. ਮ. ਜੋਸ਼ੀ ਦੇ 'ਮਨੋਰੰਜਕ ਲੇਖ' ਭਾਵ ਅਜੋਕੇ ਲਘੂ ਨਿਬੰਧ ਅਤੇ ਉਹਨਾਂ ਦੀਆਂ 'ਨਿੱਕੀਆਂ ਕਹਾਣੀਆਂ' ਭਾਵ ਅਜੋਕੀਆਂ ਲਘੂ ਕਥਾਵਾਂ ਹਨ ।" ਡਾ. ਮਾ. ਗੋ. ਦੇਸ਼ਮੁਖ ਦੀ ਪਰਖ ਪੜਚੋਲ ਸ਼ੁਰੂ ਵਿਚ ਹੀ ਦ੍ਰਿਸ਼ਟੀ ਗੋਚਰ ਹੁੰਦੀ ਹੈ । ਇਸ ਸੰਗ੍ਰਹਿ ਵਿਚ 'ਮਨੋਰੰਜਕ ਲੇਖ' ਅਜੋਕੇ 'ਲਲਿਤ ਲੇਖਨ' ਦਾ ਹੀ ਪੂਰਵ ਰੂਪ ਹਨ, ਇਸ ਗੱਲ ਨੂੰ ਧਿਆਨ ਵਿਚ ਰੱਖਣਾ ਹੈ ।

*ਨਵ ਪੁਸ਼ਪ ਖਾਰੀ* ਵਿਚ ਜਿਸ ਜਾਤੀ ਅਤੇ ਸ਼ੈਲੀ ਦਾ ਉਲੇਖ ਵਾਮਨ ਮਲ੍ਹਾਰ ਨੇ ਕੀਤਾ ਹੈ ਉਹ ਉਹਨਾਂ ਦੇ ਡੇਕਨ ਕਾਲਜ ਵਿਚਲੇ ਵਿਦਿਆਰਥੀ ਜੀਵਨ ਵਲ ਸੰਕੇਤ ਕਰਦਾ ਹੈ । ਡੇਕਨ ਕਾਲਜ ਵਿਚ ਪੜ੍ਹਦਿਆਂ ਵਾਮਨ ਮਲ੍ਹਾਰ ਹੁਰਾਂ ਨੂੰ ਲਲਿਤ ਲੇਖਨ ਦੀ ਚੇਟਕ ਲੱਗ ਗਈ ਸੀ, ਇਸੇ ਲਈ ਉਥੇ ਰਹਿੰਦਿਆਂ ਇਸ ਪ੍ਰਕਾਰ ਦੀਆਂ ਲਿਖਤਾਂ

ਲਿਖੀਆਂ । ਉਸ ਸਮੇਂ ਉਹਨਾਂ ਨੇ 'ਫਰੋਜ਼ਨ ਵਾਇਸੇਜ਼' ਅੰਗ੍ਰੇਜ਼ੀ ਪਰਸਨਲ ਲੇਖ ਦਾ ਅਨੁਵਾਦ 'ਬੈਠੀਆਂ ਹੋਈਆਂ' ਆਵਾਜ਼ਾਂ ਨਾਂ ਦੇ ਇਕ ਮਨੋਰੰਜਕ ਲੇਖ ਵਿਚ ਕੀਤਾ ਜਿਹੜਾ ਉਹਨਾਂ ਦੇ ਸਹਿਪਾਠੀਆਂ ਨੂੰ ਬਹੁਤ ਪਸੰਦ ਆਇਆ । 'ਔਰਤਾਂ ਨੂੰ ਸੱਜੀ ਅੱਖ ਨਾਲ ਨਹੀਂ ਦਿਸਦਾ' ਨਾਂ ਦੀ ਕਹਾਣੀ ਵੀ ਡੇਕਨ ਕਾਲਜ ਵਿਚ ਪੜ੍ਹਦਿਆਂ ਲਿਖੀ । ਵਾਮਨ ਰਾਓ ਦੀਆਂ ਇਨ੍ਹਾਂ ਲਿਖਤਾਂ ਵਿਚ ਹਾਸ-ਵਿਅੰਗ ਬੁੱਧੀ, ਹਲਕਾ ਉਪਹਾਸ (ਦੂਜਾ ਇਕ ਸ਼ੋਧ), ਅਸਾਧਾਰਣ ਕਲਪਨਾ (ਅਪ੍ਰਕਾਸ਼ਿਤ-ਕਿਰਣਾਂ ਦਾ ਦਿਵਯ ਪ੍ਰਕਾਸ਼), ਮਨੁੱਖੀ ਸੁਭਾਉ ਦਰਸ਼ਨ (ਹੰਕਾਰ) ਆਦਿ ਵਿਸ਼ੇਸ਼ ਰੂਪ ਵਿਚ ਦਿਖਾਈ ਦਿੰਦੇ ਹਨ ।

'ਔਰਤਾਂ ਨੂੰ ਸੱਜੀ ਅੱਖ ਨਾਲ ਨਹੀਂ ਦਿਸਦਾ' ਲੇਖ ਕੇਵਲ ਕਾਲਪਨਿਕ ਵਿਲਾਸ ਨਹੀਂ । ਕਲਪਨਾ-ਵਿਲਾਸ ਪ੍ਰਮੁੱਖ ਹੋਣ ਤੋਂ ਬਿਨਾਂ ਇਸ ਲੇਖ ਦੇ ਅੰਤ ਵਿਚ ਜਿਹੜੀ ਕਲਾਬਾਜ਼ੀ ਪੇਸ਼ ਕੀਤੀ ਹੈ ਉਹ ਇਹ ਹੈ ਕਿ ਔਰਤਾਂ ਨੂੰ ਸੱਜੀ ਅੱਖ ਨਾਲ ਨਹੀਂ ਦਿਸਦਾ' ਦੀ ਖੋਜ ਕਰਨ ਵਾਲੇ ਵਿਸ਼ਵ ਨਾਥ ਪੰਤ ਨੂੰ ਖ਼ੁਦ ਵੀ ਸੱਜੀ ਅੱਖ ਰਾਹੀਂ ਦਿਖਾਈ ਨਹੀਂ ਦਿੰਦਾ, ਇਹ ਤਰਕ ਪੇਸ਼ ਕਰਨਾ ਵਧੇਰੇ ਦਿਲਚਸਪ ਹੈ । ਦੂਜਾ ਇਸ ਸ਼ੋਧ ਲੇਖ ਦਾ ਇਸ਼ਾਰਾ ਉਹਨਾਂ ਸਨਾਤਨੀਆਂ ਵੱਲ ਹੈ ਜਿਹੜੇ ਈਮਾਨਦਾਰ ਸੁਧਾਰਕਾਂ ਦੀ ਟੀਕਾ ਟਿੱਪਣੀ ਕਰਦੇ ਹਨ । 'ਠੀਕ ਜੇ ਇਹ ਗੱਲ ਸੀ ਤਾਂ ਹੋਰ ਉੱਪਰੋਂ ਉੱਪਰੋਂ ਦੇਖੋ ਭਾਵ ਤਰਦੀ ਨਜ਼ਰ ਮਾਰੋ...' ਆਲੋਚਨਾ ਕਰਦਿਆਂ ਸੱਚੀ ਤੇ ਦਿਆਲੂ ਵਿਵੇਕ ਬੁੱਧੀ ਦੇ ਡੂੰਘੇ ਵਿਚਾਰ ਇਕ ਪਾਸੇ ਰੱਖਕੇ ਪੜਚੋਲ ਆਰੰਭ ਕਰਦਿਆਂ, ਕਲਮ ਤੇਜ਼ੀ ਨਾਲ ਚਲਦੀ ਹੈ, ਉਸ ਵਿਚ ਥੋੜ੍ਹਾ ਜਿਹਾ ਤਿੱਖਾਪਨ ਆਉਂਦਾ ਹੈ ਅਤੇ ਲੋਕਾਂ ਨੂੰ ਛੇਤੀ ਮਾਨਤਾ ਪ੍ਰਾਪਤ ਹੁੰਦੀ ਹੈ । ਸਿੱਖਿਆ ਦੇਣ ਵਾਲਿਆਂ, ਮਾਨ ਇੱਜ਼ਤ ਦੇ ਲੋਭੀਆਂ ਦਾ ਇਕ ਉਪਹਾਸਪੂਰਨ ਵਿਅਕਤੀ ਚਰਿੱਤਰ ਵਾਮਨ ਮਲ੍ਹਾਰ ਨੇ ਇੱਥੇ ਪੇਸ਼ ਕੀਤਾ ਹੈ । ਨਾਟਕ ਖ਼ੇਤਰ ਵਿਚ ਅਜਿਹਾ ਇਕ ਵਿਅਕਤੀ ਚਰਿੱਤਰ ਉਹਨਾਂ ਨੇ ਉਲੀਕਿਆ ਹੈ । ਸਮਕਾਲੀ ਨਾਟਕ ਲੇਖਨ ਉੱਪਰ ਕੀਤੀ ਇਹ ਟੀਕਾ ਟਿੱਪਣੀ ਕਥਾ ਰੂਪ ਆਲੋਚਨਾ ਪ੍ਰਤੀਤ ਹੁੰਦੀ ਹੈ । ਨਾਟਕ ਲੇਖਣ ਵਿਸ਼ੇ ਤੇ ਵਿਅਕਤੀ ਚਿੱਤਰਣ ਬਾਰੇ ਪੈਦਾ ਹੋਏ ਸਿੱਕੇਬੰਦ ਵਿਚਾਰ ਇਸ ਆਲੋਚਨਾ ਦਾ ਵਿਸ਼ਾ ਹਨ ।

'ਚਾਰਿਤ੍ਰਕਾਂਤੀ' ਹਿੰਦੁਸਤਾਨ ਵਿਚ ਵਸਣ ਵਾਲੇ ਇਕ ਯੂਰਪੀਨ ਪਤੀ ਪਤਨੀ ਦੀ ਕਹਾਣੀ ਹੈ । ਇਸ ਕਥਾ ਵਿਚ ਵਾਮਨ ਰਾਓ ਨੇ ਸਮੁੱਚੀ ਇਸਤ੍ਰੀ ਜਾਤੀ ਬਾਰੇ ਹਮਦਰਦੀ ਵਾਲਾ ਦ੍ਰਿਸ਼ਟੀ ਕੋਣ ਪ੍ਰਗਟ ਕੀਤਾ ਹੈ । 'ਦੋ ਸੁਦੇਸ਼ੀਆਂ ਦਾ ਝਗੜਾ' ਨੂੰ ਇਕ ਵਸ਼ਿਸ਼ਟ ਕਹਾਣੀ ਕਹਿਣਾ ਪਵੇਗਾ । ਅੰਗ੍ਰੇਜ਼ ਔਰਤ ਅਤੇ ਉਸਦਾ ਭਾਰਤੀ ਪਤੀ ਇਨ੍ਹਾਂ ਦੋਵਾਂ ਦਾ ਸ੍ਵਦੇਸ਼ ਪ੍ਰੇਮ ਆਪਸੀ ਪਿਆਰ ਦੇ ਰਸਤੇ ਵਿਚ ਰੁਕਾਵਟ ਬਣਕੇ ਤਲਾਕ ਦੀ ਨੌਬਤ ਤੀਕ ਅਪੱੜਦਾ ਹੈ । ਵਾਮਨ ਮਲ੍ਹਾਰ ਨੇ ਸ੍ਵਦੇਸ਼ੀ ਸਿਧਾਂਤ ਦੀ ਇਕ ਪਾਸੜ ਝਾਕੀ ਪੇਸ਼ ਕੀਤੀ ਹੈ । 'ਦੋ ਸੁਦੇਸ਼ੀਆਂ ਦਾ ਝਗੜਾ' ਕਹਾਣੀ ਦੀ ਰਚਨਾ ਨੂੰ ਦੇਖਕੇ ਇੰਜ ਪ੍ਰਤੀਤ ਹੁੰਦਾ ਹੈ ਕਿ ਇਹ ਅਜੋਕੇ ਲਘੂ ਨਾਵਲ ਦਾ ਪੂਰਵ ਰੂਪ ਸੀ । ਇਸ ਕਹਾਣੀ ਦੀ ਵੰਡ ਉਹਨਾਂ ਨੇ ਪੰਜ ਕਾਂਡਾਂ ਵਿਚ ਕੀਤਾ ਹੈ ।

'ਅਪ੍ਰਕਾਸ਼ਿਤ ਕਿਰਨਾਂ ਦਾ ਦਿਵਯ ਪ੍ਰਕਾਸ਼' ਕਹਾਣੀ ਦੀ ਵੰਡ ਵਿਗਿਆਨ ਸੰਕਲਪਨਾ ਦੇ ਆਧਾਰ ਤੇ ਕੀਤੀ ਗਈ ਹੈ । ਮਰਾਠੀ ਵਿਚ ਅੱਜ ਵਿਗਿਆਨ ਕਥਾ ਕਿੱਥੇ ਅੱਪੜੀ ਹੈ । ਇਸ ਪਰਿਸਥਿਤੀ ਵਿਚ ਵਾਮਨ ਮਲ੍ਹਾਰ ਨੇ ਇਕੱਹਤਰ ਸਾਲ ਪਹਿਲਾਂ ਜਿਹੜੀ ਵਿਗਿਆਨ ਕਲਪਨਾ ਆਧਾਰਿਤ ਕਹਾਣੀ ਲਿਖੀ, ਇਕ ਕੌਤਕ ਹੋ ਨਿਬੜੀ । ਵਾਮਨ ਮਲ੍ਹਾਰ ਦੇ ਨਾਵਲਾਂ ਵਿਚ 'ਨਵੀਂ ਇਸਤ੍ਰੀ' ਉਹਨਾਂ ਦੇ ਆਰੰਭਕ ਕਥਾ ਸਾਹਿੱਤ ਦਾ ਸ਼ਿੰਗਾਰ ਬਣੀ । ਕਿਸ਼ਤੀ ਬਦਲੀ ਵਿਚ ਪੁਰਸ਼ਾਂ ਨਾਲ ਯੁੱਧ ਬਾਰੇ ਚਰਚਾ ਕਰਨ ਵਾਲੀ ਜਮਨਾ ਖਰੇ ਦੇ ਪਾਤਰ ਨੂੰ ਦੇਖਕੇ ਇਹ ਕੁਝ ਸਪੱਸ਼ਟ ਹੁੰਦਾ ਹੈ ।

*'ਨਵ ਪੁਸ਼ਪ ਧਾਰੀ'* ਵਿਚ ਪੁਸ਼ਪਾਂ ਦੇ ਰੰਗ ਰੂਪ ਵਿਵਿਧ ਪ੍ਰਕਾਰ ਦੇ ਹਨ । ਇਨ੍ਹਾਂ ਵਿਚ ਇਕਰੂਪਤਾ ਨਹੀਂ । ਇਸ ਵਿਚ ਵਾਮਨ ਮਲ੍ਹਾਰ ਦੀ ਬਿਰਤੀ-ਪ੍ਰਵਿਰਤੀ ਅਤੇ ਸ਼ੈਲੀ ਵਿਚ ਗੰਗੋਤ੍ਰੀ ਦੇ ਦਰਸ਼ਨ ਹੁੰਦੇ ਹਨ, ਇਸੇ ਲਈ ਇਹ ਸੰਗ੍ਰਹਿ ਮਹੱਤਵਪੂਰਨ ਹੈ । ਜੀਵਨ ਪ੍ਰਤੀ ਵੱਧ ਤੋਂ ਵੱਧ ਬੁੱਧੀਨਿਸ਼ਟ ਦ੍ਰਿਸ਼ਟੀ ਅਤੇ ਸਿਧਾਂਤਕ ਪਰਖ-ਪੜਚੋਲ ਕਰਨ ਦੀ ਪ੍ਰਤਿਭਾ ਦੇ ਦਰਸ਼ਨ ਉਹਨਾਂ ਦੀਆਂ ਆਰੰਭਿਕ ਲਿਖਤਾਂ ਤੋਂ ਹੀ ਪ੍ਰਗਟ ਹੁੰਦੇ ਹਨ ।

## ਸਿਮ੍ਰਿਤ ਲਹਿਰੀ

*ਨਵ ਪੁਸ਼ਪ ਧਾਰੀ* ਅਤੇ *ਸਿਮ੍ਰਿਤ ਲਹਿਰੀ* ਪੁਸਤਕਾਂ ਲੇਖਨ ਕਾਲ ਦ੍ਰਿਸ਼ਟੀ ਤੋਂ ਦੋ ਵੱਖ ਵੱਖ ਦਿਸ਼ਾਵਾਂ ਵੱਲ ਸੰਕੇਤ ਕਰਦੀਆਂ ਹਨ । 'ਨਵ ਪੁਸ਼ਪ ਧਾਰੀ' ਵਿਚ 1916 ਈ. ਤੋਂ ਪਹਿਲਾਂ ਦੀਆਂ ਲਿਖਤਾਂ ਦਰਜ ਹਨ ਤੇ *ਸਿਮ੍ਰਿਤ ਲਹਿਰੀ* ਵਿਚ 1935 ਤੋਂ ਪਿੱਛੋਂ ਦੀਆਂ ਲਿਖਤਾਂ । 'ਨਵ ਪੁਸ਼ਪ ਧਾਰੀ' ਵਿਚ ਵਾਮਨ ਮਲ੍ਹਾਰ ਇਕ ਉਮੀਦਵਾਰ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ । *ਸਿਮ੍ਰਿਤ ਲਹਿਰੀ* ਵਿਚ ਉਹਨਾਂ ਦੀਆਂ ਲਿਖਤਾਂ ਵਿਚ ਪ੍ਰਪੱਕਤਾ ਦੇ ਫ਼ਲ ਨਜ਼ਰ ਆਉਂਦੇ ਹਨ । ਦੋਵਾਂ ਪੁਸਤਕਾਂ ਵਿਚ ਸਮਾਨਤਾ ਦਾ ਇਕ ਸੂਤਰ, ਵਾਮਨ ਮਲ੍ਹਾਰ ਦੀਆਂ ਲਿਖਤਾਂ ਵਿਚ ਹਮੇਸ਼ਾ ਪੇਸ਼ ਹੋਣ ਵਾਲਾ ਅਨੁਭਵੀ ਵਿਅਕਤੀਮਤ ਅਤੇ ਉਹਨਾਂ ਦੀ ਕਾਵਿ-ਸ਼ਾਸਤ੍ਰੀ ਬਿਰਤੀ ਹੈ । ਵਾਮਨ ਮਲ੍ਹਾਰ ਦੀਆਂ ਸਾਰੀਆਂ ਲਿਖਤਾਂ ਵਿਚ ਇਹ ਬਿਰਤੀ ਪ੍ਰਤੱਖ ਦਿਖਾਈ ਦਿੰਦੀ ਹੈ । *'ਨਵ ਪੁਸ਼ਪ ਧਾਰੀ'* ਨੂੰ ਜੇਕਰ ਉਹਨਾਂ ਦੇ ਲੇਖਨ ਦੀ ਗੰਗੋਤ੍ਰੀ ਮੰਨ ਲਿਆ ਜਾਵੇ ਤਾਂ ਇਸ ਗੰਗਾ ਦੇ ਪ੍ਰਵਾਹ ਵਿਚ ਸ਼ੁੱਧਤਾ, ਸਵੱਛਤਾ ਅਤੇ ਪੱਵਿਤਰਤਾ ਦਾ ਸਪਰਸ਼ 'ਸਿਮ੍ਰਿਤ ਲਹਿਰਾਂ' ਦੁਆਰਾ ਹੋਇਆ । ਸ਼੍ਰੀਪਾਦ ਕ੍ਰਿਸ਼ਨ ਕੋਲ੍ਹਟਕਰ ਨੇ *'ਰਾਗਿਣੀ'* ਦੀ ਤੁਲਨਾ ਗੰਗਾ ਮਾਈ ਨਾਲ ਕੀਤੀ ਹੈ । ਯਥਾਰਥ ਰੂਪ ਵਿਚ ਇਹੀ ਕੁਝ *'ਸਿਮ੍ਰਿਤ ਲਹਿਰੀ'* ਦੀਆਂ ਤਰੰਗਾਂ 'ਤੇ ਵੀ ਲਾਗੂ ਹੁੰਦਾ ਹੈ ।

ਵਾਮਨ ਮਲ੍ਹਾਰ ਦੀਆਂ ਵਿਲੱਖਣ ਪੁਸਤਕਾਂ ਕਿਹੜੀਆਂ ਹਨ ? ਇਸ ਪ੍ਰਸ਼ਨ ਦੇ ਉੱਤਰ ਆਪੋ ਆਪਣੀ ਰੁੱਚੀ ਅਨੁਸਾਰ ਭਿੰਨ ਭਿੰਨ ਹੋ ਸਕਦੇ ਹਨ । ਪਰ 'ਸਿਮ੍ਰਿਤ ਲਹਿਰੀ' ਮੰਤਵ ਅਤੇ ਅਭਿਵਿਅਕਤੀ ਦੀ ਦ੍ਰਿਸ਼ਟੀ ਤੋਂ ਸ਼੍ਰੇਸ਼ਟ ਹੈ । ਇਹ ਨਿਰਣਾ ਕਿਸੇ ਨੂੰ ਸਵੀਕਾਰ ਕਰਨਾ ਮੁਸ਼ਕਿਲ ਨਹੀਂ ਹੋਵੇਗਾ । ਵਾਮਨ ਮਲ੍ਹਾਰ ਦੀ ਪ੍ਰੌੜ੍ਹ ਪ੍ਰਤਿਭਾ ਅਤੇ

ਸੂਝਬੂਝ 'ਸਿਮ੍ਰਿਤ ਲਹਿਰੀ' ਵਿਚ ਭਰੀ ਪਈ ਹੈ । ਇਥੇ ਉਹਨਾਂ ਦੇ ਵਿਅਕਤੀਤਵ, ਵਿਚਾਰਾਂ ਅਤੇ ਕਾਵਿ-ਸ਼ਾਸਤ੍ਰੀ ਹਾਸ ਭਰਪੂਰ ਸ਼ੈਲੀ ਦੇ ਵਿਵਿਧ ਅੰਗ ਸੰਜਮਤਾ, ਸੁਝਾਉ ਅਤੇ ਅਨਉਪਚਾਰਿਕਤਾ ਜਿਸ ਰੂਪ ਵਿਚ ਪ੍ਰਗਟ ਹੋਏ ਬਹੁਤ ਦਿਲਕਸ਼ ਹਨ ।

*ਸਿਮ੍ਰਿਤ ਲਹਿਰੀ* ਮਰਾਠੀ ਸਾਹਿੱਤ ਵਿਚ ਲਲਿਤ ਨਿਬੰਧਾਂ ਦਾ ਇਕ ਸ੍ਰੇਸ਼ਟ ਸੰਗ੍ਰਹਿ ਹੈ । ਲਲਿਤ ਨਿਬੰਧ ਰਚਨਾ ਇਕ ਸੁਤੰਤਰ ਭ੍ਰਮਣ ਵਾਂਗ ਹੁੰਦੀ ਹੈ ਜਿਸ ਵਿਚੋਂ ਪ੍ਰੌੜ੍ਹ ਆਤਮ ਵਿਸ਼ਵਾਸ਼ ਝਲਦਾ ਹੈ । ਉਸ ਵਿਚ ਵਿਸ਼ੇ ਦੀ ਬਣਤਰ ਦੀਆਂ ਲਕੀਰਾਂ ਵਾਹੁਣ ਦੀ ਵੀ ਲੋੜ ਨਹੀਂ ਹੁੰਦੀ । ਉਸਦੀ ਤਕਨੀਕ ਚਾਰ ਮਿੱਤਰਾਂ ਦੇ ਸਹਿਜ ਸੰਵਾਦ ਦਾ ਸਾਧਾਰਣ ਰੂਪ ਹੁੰਦੀ ਹੈ । ਉਸ ਵਿਚ ਅਣ-ਇੱਛਿਤ ਵਿਚਾਰ ਨਿਰਸੰਕੋਚ ਪ੍ਰਗਟ ਹੁੰਦੇ ਹਨ । ਉਸ ਵਿਚ ਕਾਵਿ-ਆਤਮਕਤਾ, ਹਾਸਮਈ ਬੁੱਧੀ ਅਤੇ ਕ੍ਰੀੜਾ ਬਿਰਤੀ ਦਾ ਪ੍ਰਗਟਾਉ ਹੁੰਦਾ ਹੈ । ਇਨ੍ਹਾਂ ਤੱਥਾਂ ਕਾਰਣ ਚੰਗਾ ਲਲਿਤ ਨਿਬੰਧ ਪਾਠਕਾਂ ਨੂੰ ਚਿੰਤਨ-ਪੱਧਰ ਤੀਕ ਲੈ ਜਾਂਦਾ ਹੈ । ਇਸ ਪ੍ਰਕਾਰ ਦੀ ਪ੍ਰਸਿੱਦ ਨਿਬੰਧ ਰਚਨਾ ਕਦੀ ਘੱਟ ਹੀ ਦ੍ਰਿਸ਼ਟੀ ਗੋਚਰ ਹੁੰਦੀ ਹੈ । *ਸਿਮ੍ਰਿਤ ਲਹਿਰੀ* ਇਸ ਦ੍ਰਿਸ਼ਟੀ ਤੋਂ ਅਪਵਾਦਾਤਮਕ ਰਚਨਾ ਹੈ ।

ਛੇ ਆਨੇ ਦੀ ਕੀਮਤ ਦੇ ਤਾਂਬੇ ਨਾਲੋਂ 'ਦੁਨੀਆਂ ਵਿਚ ਸਮੁੱਚੀ ਕ੍ਰਾਂਤੀ ਕਿਹੋ ਜਿਹੀ ਹੋਵੇਗੀ ?' ਇਸ ਵਿਸ਼ੇ ਤੋਂ ਲੈਕੇ ਅਨੇਕਾਂ ਵਿਸ਼ਿਆਂ ਨੂੰ *ਸਿਮ੍ਰਿਤ ਲਹਿਰੀ* ਵਿਚ ਛੋਹਿਆ ਗਿਆ ਹੈ । ਇਨ੍ਹਾਂ ਵਿਸ਼ਿਆਂ ਦਾ ਨਿਭਾ ਸਹਿਜ ਨਾਲ ਅਨਉਪਚਾਰਿਕਤਾ ਦੇ ਰੂਪ ਵਿਚ ਵਾਮਨ ਮਲ੍ਹਾਰ ਦੁਆਰਾ ਹੋਇਆ । ਸੁਝਾਉ ਵਿਧੀ ਦੁਆਰਾ ਉਹ ਹੌਲੀ ਹੌਲੀ ਗੰਭੀਰ ਵਿਚਾਰਾਂ ਵੱਲ ਵਧਦੇ ਹਨ । *ਸਿਮ੍ਰਿਤ ਲਹਿਰੀ* ਵਿਚ ਅਨੇਕਾਂ ਵੱਖੋ ਵੱਖਰੇ ਵਿਸ਼ੇ ਹਨ । ਇਸਤ੍ਰੀ ਸ੍ਰੇਸ਼ਟ ਹੈ ਕਿ ਪੁਰਸ਼ ? ਵਹੁਟੀ ਪ੍ਰੀਖਿਆ ਦੀ ਪੁਰਾਣੀ ਰੀਤ ਦੋਸ਼ਪੂਰਣ ਜਾਂ ਨਿਰਦੋਸ਼ ? ਕੀ ਅਜੋਕੀ ਇਸਤ੍ਰੀ ਜਨਮ ਭਰ ਅਣਵਿਆਹੀ ਰਹਿ ਸਕਦੀ ਹੈ ? ਔਰਤਾਂ ਲਈ ਅਜੋਕਾ ਸੁਤੰਤਰਤਾਵਾਦ ਸਮਾਜ ਉਸਾਰੂ ਹੈ ਜਾਂ ਢਾਊ ? ਕੀ ਅਜੋਕੀ ਪਰਿਵਾਰਿਕ ਅਵਸਥਾ ਤਿਆਗਣ ਯੋਗ ਹੈ ? ਲਹਿਣੇਦਾਰਾਂ ਦੇ ਹਿਰਦੇ ਪਰਿਵਰਤਨ ਨਾਲ ਕੀ ਸਮਾਜ ਦਾ ਸੁਧਾਰ ਸੰਭਵ ਹੋ ਸਕੇਗਾ ? ਨਿੱਜੀ ਜਾਇਦਾਦ ਦਾ ਹੱਕ ਖ਼ਤਮ ਕਰਨ ਨਾਲ ਕੀ ਸਮਾਜ ਵਿਚ ਨਵਾਂ ਯੁੱਗ ਆਉਣਾ ਸੰਭਵ ਹੋ ਸਕੇਗਾ ? ਅਜੋਕੀ ਜਨਤਾ ਨੂੰ ਸ਼ਾਹੂਕਾਰਾਂ ਪਾਸੋਂ ਕਿਹੜਾ ਖ਼ਤਰਾ ਹੈ ? ਨੈਤਿਕ ਸਦਗੁਣ ਦੁਰਗੁਣ ਕਿਵੇਂ ਨਿਸ਼ਚਿਤ ਹੁੰਦੇ ਹਨ ? ਈਮਾਨਦਾਰੀ ਤੇ ਦੈਵੀ ਗੁਣ ਦੁਰਗੁਣ ਕਿਉਂ ਬਣਦੇ ਹਨ ? ਲੋਕ ਮੱਤ ਲਈ ਕਿੰਨੀਂ ਕੀਮਤ ਚੁਕਾਉਣੀ ਪਵੇਗੀ ? ਅਜੋਕੇ ਵਿਗਿਆਨਕ ਯੁੱਗ ਵਿਚ ਸ਼ਗਨ ਅਪਸ਼ਗਨ ਕੌਣ ਵਿਚਾਰੇਗਾ ? ਫਲਾਂ ਧਰਮ ਦੇ ਲੋਕ ਚੰਗੇ, ਫਲਾਂ ਦੇ ਮਾੜੇ, ਕੀ ਇਹ ਵਿਸ਼ਵਾਸ਼ ਠੀਕ ਹੋਵੇਗਾ ? ਮੁਲੰਮੇ ਬਾਜ਼ੀ ਉੱਪਰੋਂ ਠੀਕ ਵਿਚੋਂ ਖੋਖਲੀ ਹੁੰਦੀ ਹੈ ਕੀ ਇਹ ਸੱਚ ਹੈ ?

ਵਾਮਨ ਮਲ੍ਹਾਰ ਦੇ *ਸਿਮ੍ਰਿਤ ਲਹਿਰੀ* ਵਿਚ ਪੇਸ਼ ਕੀਤੇ ਉਪਰੋਕਤ ਵਿਚਾਰ ਮਹੱਤਵਪੂਰਨ ਅਤੇ ਸਮਕਾਲੀ ਹਨ । ਇਨ੍ਹਾਂ ਵਿਚੋਂ ਬਹੁਤ ਸਾਰੇ ਵਿਸ਼ੇ ਨੌਜਵਾਨ ਪੀੜ੍ਹੀ ਦੇ ਨਿੱਤ ਦੇ ਚਿੰਤਨ ਦੇ ਵਿਸ਼ੇ ਹਨ । (ਬਹੁਤ ਸਾਰੇ ਅੱਜ ਵੀ ਹਨ) । ਇਹ ਵਿਸ਼ੇ ਪੂਰਨ ਰੂਪ ਵਿਚ ਵਿਚਾਰ ਭਰਪੂਰ ਹੋਣ ਕਰਕੇ ਨੌਜਵਾਨਾਂ ਦੇ ਮਨ ਨਾਲ ਉਹਨਾਂ ਦੇ ਸੁਭਾਉ ਅਨੁਸਾਰ

ਪਿਆਰ ਭਰੇ ਸੰਵਾਦ ਰਚਾਉਂਦੇ ਹਨ . ਇਨ੍ਹਾਂ ਵਿਚ ਗੱਪਸ਼ੱਪ ਮਾਰਨ ਦੇ ਸਹਿਜ ਵਿਸ਼ੇ ਵੀ ਸ਼ਾਮਿਲ ਹਨ । ਬੋਲਬਾਣੀ ਤੋਂ ਲੈਕੇ ਖੇਲਣ-ਕੁੱਦਣ ਦੇ ਹਿਤ ਵਿਚ ਦਿੱਤੇ ਗਏ ਮਸ਼ਵਰੇ-ਜਿਹੜੇ ਤੁਹਾਨੂੰ ਚੰਗੇ ਲੱਗਦੇ ਹਨ ਉਹ ਅਪਣਾਉ-'ਸਿਮ੍ਰਿਤ ਲਹਿਰੀ' ਦੀ ਸ਼ੈਲੀ ਦੇ ਵਿਸ਼ੇਸ ਗੁਣ ਹਨ ।

*ਸਿਮ੍ਰਿਤ ਲਹਿਰੀ* ਵਿਚ ਖੇਡਾਂ, ਗੱਪਾਂ ਅਤੇ ਪਿਆਰ ਕਾਰਣ ਕਥਾ ਵਰਨਣ ਬਹੁਤ ਸੁਭਾਵਿਕ ਲੱਗਦਾ ਹੈ । ਬ੍ਰਿਤਾਂਤਕ ਵਿਧਾ ਕਾਰਣ ਵਾਮਨ ਮਲ੍ਹਾਰ ਨੇ ਕੁਝ ਵਿਅਕਤੀਆਂ ਦੇ ਰੇਖਾ ਚਿੱਤਰ ਪੇਸ਼ ਕੀਤੇ ਹਨ । ਸਿਮ੍ਰਿਤ ਲਹਿਰੀ ਦੇ ਸਾਰੇ ਲੇਖਾਂ ਵਿਚੋਂ ਧੋਂਡੋਪੰਤ ਬਰਵੇ ਮਰਾਠੀ ਸਾਹਿੱਤ ਵਿਚ ਅਭੁੱਲ ਰੇਖਾ ਚਿੱਤਰ ਵਜੋਂ ਸਥਾਪਿਤ ਹੋਇਆ ਹੈ । ਧੋਂਡੋਪੰਤ ਬਰਵੇਂ ਅਤੇ ਉਹਨਾਂ ਦਾ ਵਿਦਿਆਰਥੀ ਪਰਿਵਾਰ ਵਾਮਨ ਮਲ੍ਹਾਰ ਨੇ ਆਪਣੀ ਕਲਪਨਾ ਦੁਆਰਾ ਨਿਰਮਿਤ ਕੀਤਾ । ਮਹਾਂਰਾਸ਼ਟਰ ਵਿਚ ਸੁਪ੍ਰਸਿੱਧ ਸਮਾਜ ਸੁਧਾਰਕ ਧੋਂਡੋਪੰਤ ਕਰਵੇ ਵਾਂਗ ਧੋਂਡੋਪੰਤ ਬਰਵੇ ਵੀ ਸਚਮੁੱਚ ਦੇ ਕੋਈ ਪ੍ਰਾਧਿਆਪਕ ਸਨ, ਪਾਠਕਾਂ ਨੂੰ ਇੰਜ ਪ੍ਰਤੀਤ ਹੋਇਆ । ਇਸੇ ਲਈ ਵਾਮਨ ਮਲ੍ਹਾਰ ਨੇ ਪ੍ਰਸਤਾਵਨਾ ਵਿਚ ਇਹ ਸ਼ਬਦ ਉਦੇਸ਼ਪੂਰਨ ਰੂਪ ਵਿਚ ਲਿਖੇ-'ਉਹ ਮੇਰੇ ਮਿੱਤਰ ਸਨ, ਮੈਂ ਉਹਨਾਂ ਨੂੰ ਆਪਣੀ ਜਾਣਕਾਰੀ ਦੇਣ ਲਈ ਆਖਦਾ । ਪਰ ਉਹ ਟਾਲਮਟੋਲ ਕਰ ਜਾਂਦੇ । ਅੰਤ, ਮੈਂ ਉਹਨਾਂ ਵੱਲੋਂ ਦਿੱਤੀ ਗਈ ਵਾਕਫ਼ੀਅਤ ਨੂੰ ਕਲਮਬੰਦ ਕਰ ਲਿਆ ।' ਪਾਠਕਾਂ ਦਾ ਵਿਸ਼ਵਾਸ਼ ਪ੍ਰਾਪਤ ਕਰਨ ਲਈ ਇਹੋ ਜਿਹੀ ਪ੍ਰਸਤਾਵਨਾ 'ਆਸ਼੍ਰਮ ਹਿਰਣੀ' ਵਿਚ ਵੀ ਮਿਲਦੀ ਹੈ । ਇਸ ਭੁਲਾਂਦਰੇ ਵਾਲੀ ਜੁਗਤ ਨਾਲ *ਸਿਮ੍ਰਿਤ ਲਹਿਰੀ* ਦੀਆਂ ਲਿਖਤਾਂ ਜਾਣਕਾਰੀ ਭਰਪੂਰ ਸਾਹਿੱਤ ਦਾ ਜੀਵੰਤ ਜਗਤ ਪ੍ਰਗਟ ਕਰਦੀਆਂ ਹਨ ।

ਧੋਂਡੋਪੰਤ ਬਰਵੇ ਕਹਾਣੀਆਂ ਘੜਨ ਵਾਲੇ ਅਧਿਆਪਕ ਸਨ । ਉਹ ਸੰਸਕ੍ਰਿਤ ਦੇ ਅਧਿਆਪਕ ਸਨ । ਇਸੇ ਲਈ ਸਿਧਾਂਤਕ ਵਿਸ਼ੇ ਉਹਨਾਂ ਨੂੰ ਵਧੇਰੇ ਚੰਗੇ ਲੱਗਦੇ ਸਨ । ਸਾਹਿੱਤ ਉਹਨਾਂ ਦਾ ਮਨਭਾਉਂਦਾ ਖ਼ੇਤਰ ਸੀ, ਇਸੇ ਲਈ ਉਹਨਾਂ ਨੇ ਆਲੋਚਨਾਤਮਕ ਲੇਖ ਲਿਖੇ । ਵਿਦਿਆਰਥੀਆਂ ਨਾਲ ਉਹ ਵਧੇਰੇ ਖ਼ੁੱਲ੍ਹਾਂ ਡੁੱਲ੍ਹਾ ਵਿਹਾਰ ਕਰਦੇ ਸਨ । ਉਹਨਾਂ ਨੂੰ ਬਹੁਤ ਪਿਆਰ ਕਰਦੇ ਸਨ । ਵਿਦਿਆਰਥੀਆਂ ਨਾਲ ਖੁੱਲ੍ਹੀ ਚਰਚਾ ਕਰਦੇ । ਉਹ ਹਰ ਇਕ ਪ੍ਰਸ਼ਨ ਨੂੰ ਸਾਰੇ ਪੱਖਾਂ ਤੋਂ ਵਿਚਾਰਨ ਦੀ ਸਲਾਹ ਦਿੰਦੇ । ਇਹ ਸਾਰਾ ਕੁਝ ਧੋਂਡੋਪੰਤ ਬਰਵੇ ਦੇ ਸੁਭਾਉ ਵਿਚ ਸ਼ਾਮਿਲ ਸੀ । ਉਹ ਸਾਫ਼ਗੋਅ ਸਨ । ਉਹਨਾਂ ਦੇ ਢੁੱਕਵੇਂ ਵਿਚਾਰਾਂ ਵਿਚ ਹੱਠੀਪੁਣਾ ਨਹੀਂ ਸੀ । ਸਾਦਾ ਪੋਸ਼ਾਕ, ਸ਼ਰਮਾਕਲ ਸੁਭਾਉ ਅਤੇ ਆਪਣੇ ਆਪ ਨੂੰ ਵਿਸਾਰੀ ਰੱਖਣਾ-ਇਹ ਉਹਨਾਂ ਦੇ ਵਿਸ਼ੇਸ਼ ਲੱਛਣ ਸਨ । ਕਈ ਵੇਰੀਂ ਉਹਨਾਂ ਦੇ ਵਿਦਿਆਰਥੀ ਅਤੇ ਸਹਿਯੋਗੀਆਂ ਨੂੰ ਉਹਨਾਂ ਬਾਰੇ ਗ਼ਲਤ-ਫ਼ਹਿਮੀ ਹੋ ਜਾਂਦੀ ਸੀ ਪਰ ਧੋਂਡੋਪੰਤ ਦੇ ਮੂਲ ਰਜ਼ਅ ਅਤੇ ਪ੍ਰੌੜ੍ਹ ਸੁਭਾਉ ਕਾਰਣ ਇਹ ਗ਼ਲਤਫ਼ਹਿਮੀ ਛੇਤੀ ਹੀ ਦੂਰ ਹੋ ਜਾਂਦੀ ਸੀ ।

ਪ੍ਰੋ. ਧੋਂਡੋਪੰਤ ਬਰਵੇ ਅਤੇ ਵਾਮਨ ਮਲ੍ਹਾਰ ਵਿਚ ਵਿਲੱਖਣ ਰੂਪ ਵਿਚ ਸਮਾਨਤਾ ਨਜ਼ਰ ਆਉਂਦੀ ਹੈ । (ਪਹਿਲੀ ਛਾਪ ਵਿਚ ਧੋਂਡੋਪੰਤ ਬਰਵੇ ਦਾ ਜਿਹੜਾ ਚਿੱਤਰ ਉਘੱੜਿਆ ਹੈ ਉਹ ਵਾਮਨ ਮਲ੍ਹਾਰ ਦੇ ਵਿਅਕਤੀ-ਰੇਖਾ ਚਿੱਤਰ ਨਾਲ ਮਿਲਦਾ ਹੈ, ਇਹ ਗੱਲ

ਧਿਆਨਯੋਗ ਹੈ) । ਤਾਂ ਵੀ 'ਸਿਮ੍ਰਿਤੀ ਲਹਿਰੀ' ਦੇ ਰੂਪ ਵਿਚ ਨਹੀਂ ਉਲੀਕੀਆਂ । ਫੇਰ ਵੀ ਸਿਮ੍ਰਿਤੀ ਚਿੱਤਰਾਂ ਦੀ ਇਹ ਪੁਸਤਕ ਅਵੱਲ ਦਰਜੇ ਦੀ ਹੈ । *ਸਿਮ੍ਰਿਤ ਲਹਿਰੀ* ਵਿਚ ਵਾਮਨ ਮਲ੍ਹਾਰ ਦੀ ਪ੍ਰਤਿਭਾ ਦਾ ਮੁਕਤ ਰੂਪ ਵਿਚ ਸੰਚਾਰ ਹੋਇਆ । ਉਹਨਾਂ ਦੀ ਇਹ ਛੋਟੀ ਪੁਸਤਕ ਬਹੁਤ ਦਿਲਚਸਪ ਹੈ । *ਸਿਮ੍ਰਿਤ ਲਹਿਰੀ* ਦੀ ਪ੍ਰਸ਼ੰਸਾ ਵਿ. ਸ. ਖਾਂਡੇਕਰ ਨੇ ਇਨ੍ਹਾਂ ਸ਼ਬਦਾਂ ਦੁਆਰਾ ਕੀਤੀ : 'ਇਸ ਨਿੱਕੀ ਜਿਹੀ ਪੁਸਤਕ ਵਿਚ ਵਿਵਿਧ ਪ੍ਰਕਾਰ ਦੇ ਅਨੁਭਵ ਸਮੋਏ ਹੋਏ ਹਨ, ਨਿੱਜੀ ਕਥਾ ਪ੍ਰਸੰਗ, ਮਜ਼ੇਦਾਰ ਸੁਭਾਉ ਚਿੱਤਰਨ, ਮਾਰਮਿਕ ਸਿਧਾਂਤ-ਚਰਚਾ, ਖੜਕਦੇ ਸੰਵਾਦ, ਰਮਣੀਕ ਖੇਡ-ਸਥਲ, ਸੁੰਦਰ ਵਿਚਾਰ ਅਤੇ ਵਾਰਤਾਲਾਪ ਹਨ । ਨਿਵੇਦਨ ਸ਼ੈਲੀ ਦੀ ਸੰਵਾਦਤਮਕ ਚਰਚਾ ਸਹਿਜ ਰੂਪ ਵਿਚ ਸਾਰੀਆਂ ਕਥਾਵਾਂ ਵਿਚ ਮਿਲਦੀ ਹੈ ਜਿਹੜੀ ਤੁਹਾਡੇ ਬੌਧਿਕ ਅਤੇ ਭਾਵਨਾਤਮਕ ਆਨੰਦ ਵਿਚ ਵਾਧਾ ਕਰਦੀ ਹੈ । ਕਿਸੇ ਨਦੀ ਦੇ ਕੰਢੇ ਸੈਰ ਕਰਨ ਜਾਉ ਤਾਂ ਫੁੱਲਾਂ, ਪੰਛੀਆਂ ਅਤੇ ਵਣਾਂ ਦੇ ਦਰਸ਼ਨ ਕਰਨ ਨਾਲ ਮਨ ਖੇੜੇ ਵਿਚ ਆ ਜਾਂਦਾ ਹੈ । ਇੰਜ ਹੀ ਇਹ ਪੁਸਤਕ ਪੜ੍ਹਦੇ ਪਾਠਕਾਂ ਨੂੰ ਅਨੁਭਵ ਹੁੰਦਾ ਹੈ । ਇਸ ਸਾਰੀ ਸਿਮ੍ਰਿਤੀ ਉੱਪਰ ਸੂਖ਼ਮ ਦ੍ਰਿਸ਼ਟੀ, ਸੰਸਾਰਿਕ ਫ਼ਲਸਫ਼ੇ ਦੀ ਜਿਹੜੀ ਹਲਕੀ ਜਿਹੀ ਸੁਨਹਿਰੀ ਭਾਅ ਮਾਰਦੀ ਪਰਛਾਈਂ ਦਿਖਾਈ ਦਿੰਦੀ ਹੈ, ਉਹ ਬਹੁਤ ਦੇਰ ਤੀਕ ਤੁਹਾਡੀਆਂ ਅੱਖਾਂ ਅੱਗੇ ਘੁੰਮਦੀ ਰਹਿੰਦੀ ਹੈ । *ਸਿਮ੍ਰਿਤ ਲਹਿਰੀ* ਦਾ ਪਠਨ ਪਾਠਨ ਤੁਹਾਨੂੰ ਅੰਤਰਮੁਖੀ ਬਣਾ ਕੇ ਕੁਝ ਛਿਣਾਂ ਲਈ ਉਦਾਤ ਪੱਧਰ ਤੇ ਲੈ ਜਾਂਦਾ ਹੈ ।'[4]

ਕਿਸੇ ਵੀ ਉੱਤਮ ਦਰਜੇ ਦੇ ਸਾਹਿੱਤ ਦਾ ਉਦੇਸ਼ ਕਿਹੜੀ ਗੱਲ 'ਤੇ ਨਿਰਭਰ ਹੈ ? ਇਹ ਉਦੇਸ਼ ਹੋਣਾ ਜ਼ਰੂਰੀ ਹੈ, ਇੰਜ ਹਰ ਇਕ ਸਾਹਿੱਤਕਾਰ ਨੂੰ ਮਹਿਸੂਸ ਹੁੰਦਾ ਹੈ, ਪਰ ਇਹ ਸਭ ਸਹਿਜੇ ਹੀ ਪ੍ਰਾਪਤ ਨਹੀਂ ਹੁੰਦਾ । ਸਾਹਿੱਤਕਾਰ ਨੂੰ ਇਕ ਵੱਖਰੇ ਪ੍ਰਕਾਰ ਦੀ ਬਿਰਤੀ ਧਾਰਣ ਕਰਨੀ ਪੈਂਦੀ ਹੈ । ਜੀਵਨ ਦੇ ਅਰਥਾਂ ਦੀ ਖੋਜ ਉੱਚੀ ਪੱਧਰ 'ਤੇ ਖਲੋ ਕੇ ਕਰਨੀ ਪੈਂਦੀ ਹੈ । ਉਸ ਲਈ ਸਤਿ, ਸੌਂਦਰਯ ਅਤੇ ਨਿੰਮ੍ਰਤਾ ਵਿਚਕਾਰ ਸੁਮੇਲ ਪੈਦਾ ਕਰਨਾ ਪੈਂਦਾ ਹੈ । ਵਾਮਨ ਮਲ੍ਹਾਰ ਨੇ ਆਪਣੀਆਂ ਲਿਖਤਾਂ ਨੂੰ ਚਿੰਤਨ ਦੁਆਰਾ ਜਿਹੜੀ ਸੇਧ ਦਿੱਤੀ ਉਸ ਕਾਰਣ *ਸਿਮ੍ਰਿਤ ਲਹਿਰੀ* ਵਰਗੀ ਨਿੱਕੀ ਜਿਹੀ ਪੁਸਤਕ ਨੇ ਵੀ ਸ਼੍ਰੇਸ਼ਟ ਪਦਵੀ ਪ੍ਰਾਪਤ ਕਰ ਲਈ ।

## ਸੰਦਰਭ

1. ਵਾ. ਲ. ਕੁਲਕਰਣੀ, ਵਾਮਨ ਮਲ੍ਹਾਰ : ਸਾਹਿੱਤ ਦਰਸ਼ਨ (ਤੀਜੀ ਛਾਪ) ਬੰਬਈ, 1974 ਈ. ਪੰਨਾ 38
2. ਉਹੀ, ਪੰਨਾ 67
3. ਡਾ. ਮਾ. ਗੋ. ਦੇਸ਼ਮੁਖ, 'ਪ੍ਰਸਤਾਵਨਾ' ਨਵ ਪੁਸ਼ਪ ਖਾਰੀ (ਚੌਥੀ ਛਾਪ) ਪੁਣੇ 1964, ਪੰਨਾ 5
4. ਵਿ. ਸ. ਖਾਂਡੇਕਰ, 'ਪ੍ਰਸਤਾਵਨਾ' ਸਿਮ੍ਰਿਤ ਲਹਿਰੀ (ਚੌਥੀ ਛਾਪ) ਪੁਣੇ, 1959, ਪੰਨਾ 14.

# ਅੰਤਿਕਾ

ਵਾਮਨ ਮਲ੍ਹਾਰ ਦੇ ਵਿਅਕਤੀਤਵ ਅਤੇ ਯੋਗਿਤਾ, ਸਾਊਪੁਣਾ ਅਤੇ ਸੁਖਾਂਵੀ-ਸੁਗੰਧੀ, ਮਰਾਠੀ ਸਾਹਿੱਤ ਅਤੇ ਸੰਸਕ੍ਰਿਤੀ ਦੇ ਖ਼ੇਤਰ ਵਿਚ ਹਰ ਪਾਸੇ ਫ਼ੈਲੀ ਹੋਈ ਹੈ । ਸਾਹਿੱਤ ਅਤੇ ਸੰਸਕ੍ਰਿਤੀ ਦੋਵੇਂ ਸ਼ਬਦ ਵੱਖੋ ਵੱਖ ਪ੍ਰਸੰਗ ਵਿਚ ਵਰਤੇ ਜਾਂਦੇ ਹਨ, ਪਰ ਵਾਮਨ ਮਲ੍ਹਾਰ ਦੀਆਂ ਲਿਖਤਾਂ ਵਿਚ ਇਹ ਭਿੰਨ ਨਹੀਂ ਹਨ । ਸਾਹਿੱਤ ਅਤੇ ਸੰਸਕ੍ਰਿਤੀ ਦੇ ਭਿੰਨ ਰੂਪਾਂ ਬਾਰੇ ਵਿਚਾਰ ਕਰਨ ਪਿਛੋਂ ਉਹ ਅੰਤਿਮ ਰੂਪ ਵਿਚ ਇਨ੍ਹਾਂ ਨੂੰ ਇਕ ਰੂਪ ਹੀ ਮੰਨਦੇ ਹਨ । ਇਨ੍ਹਾਂ ਦੋਵਾਂ ਦਾ ਸੁਮੇਲ ਵਿਕਾਸ ਦੀ ਦਿਸ਼ਾ ਸਪਸ਼ਟ ਕਰਦਾ ਹੈ ।

ਵਾਮਨ ਮਲ੍ਹਾਰ ਮਹਾਂਰਾਸ਼ਟਰ ਦੇ ਸ੍ਰੇਸ਼ਟ ਪ੍ਰਾਧਿਆਪਕ, ਸਿਧਾਂਤ ਚਿੰਤਕ, ਨਾਵਲਕਾਰ, ਵਿਸ਼ੇਸ਼ ਸਾਹਿੱਤ ਸਮੀਖਿਅਕ, ਲਲਿਤ ਨਿਬੰਧਕਾਰ, ਸਾਹਿੱਤ ਸੇਵਕ ਆਦਿ ਦੇ ਰੂਪ ਵਿਚ ਵਧੇਰੇ ਪ੍ਰੀਚਿਤ ਹਨ । ਪਰ, ਉਹਨਾਂ ਦੇ ਵਿਅਕਤੀਤਵ ਅਤੇ ਯੋਗਿਤਾ ਵਿਚ ਸਮਾਇਆ ਹੋਇਆ ਇਕੋ ਇਕ ਤੱਤ ਉਹਨਾਂ ਦਾ ਜੀਵਨ-ਚਿੰਤਨ ਹੈ । ਇਸ ਜੀਵਨ ਨੂੰ ਠੀਕ ਪਾਸੇ ਲਾਉਣ ਦੀ ਕੋਸ਼ਿਸ-ਇਹ ਜੀਵਨ ਉਨੱਤ ਕਿਵੇਂ ਹੋਵੇਗਾ-ਇਹ ਤੀਬਰ ਇੱਛਾ ਅਤੇ ਇਸ ਇੱਛਾ ਦੁਆਰਾ ਸਰਬ-ਯੋਗਿਤਾ, ਸਰਬ-ਧਰਮ ਅਤੇ ਸ੍ਰੇਣੀਆਂ ਦੀ ਖੋਜ ਅਤੇ ਇਹ ਖੋਜ ਦੇਸ਼ ਕਾਲ ਦੀਆਂ ਪਰਿਸਥਿਤੀਆਂ ਅਨੁਸਾਰ ਕਿਵੇਂ ਹੋਵੇ ; ਇਸ ਸਬੰਧ ਵਿਚ ਉਹਨਾਂ ਦੁਆਰਾ ਕੀਤਾ ਗਿਆ ਮਾਰਗ ਦਰਸ਼ਨ ਦੁਰਲੱਭ ਅਤੇ ਅਮੁੱਲ ਹੈ ।

ਵਾਮਨ ਮਲ੍ਹਾਰ ਨੂੰ ਮਹਾਂਰਾਸ਼ਟਰ ਦੇ ਤੱਤਵੇਤੇ, 'ਮਹਾਂਰਾਸ਼ਟਰ ਦੇ ਸੁਕਰਾਤ' ਆਦਿ ਦੀਆਂ ਪਦਵੀਆਂ ਦਿੱਤੀਆਂ ਗਈਆਂ, ਉਹਨਾਂ ਦਾ ਸਿਧਾਂਤ ਚਿੰਤਨ ਖੁਸ਼ਕ ਪ੍ਰਕਾਰ ਦਾ ਨਹੀਂ ਸੀ । ਉਹ ਜੀਵਨ ਦੇ ਵਿਵਿਧ ਰਸ ਰੂਪ ਤੇ ਰੰਗਾਂ ਨਾਲ ਭਰਪੂਰ, ਦਿਲਚਸਪ ਤੇ ਸੁੰਦਰ ਸੀ । ਕਾਰਣ ਇਹ ਸੀ ਕਿ ਉਹਨਾਂ ਦੇ ਦਰਸ਼ਨ ਵਿਚ ਕੋਰੜੂ ਸ਼ਾਬਦਿਕ ਚਰਚਾ ਨਹੀਂ ਸੀ । ਉਹ ਖ਼ੁਦ ਫ਼ਿਲਾਸਫ਼ੀ ਦੇ ਐਮ. ਏ. ਸਨ ਅਤੇ ਫ਼ਿਲਾਸਫ਼ੀ ਦੇ ਅਧਿਆਪਕ ਵੀ । ਇਹ ਕੁਝ ਹੁੰਦਿਆਂ ਸੁੰਦਿਆਂ ਵੀ ਉਹਨਾਂ ਨੇ ਅਧਿਆਤਮ ਸਿੱਧੀ ਦਾ ਕਦੇ ਅਭਿਮਾਨ ਨਹੀਂ ਸੀ ਕੀਤਾ । ਜੀਵਨ ਵਿਚ ਘਟਨਾ ਪ੍ਰਸੰਗ ਹੋਵੇ ਜਾਂ ਜੀਵਨ ਦਾ ਫ਼ਲਸਫ਼ਾ ਹੋਵੇ, ਉਸਦੇ ਸਾਰੇ ਅੰਗਾਂ ਅਤੇ ਪ੍ਰਸ਼ਨਾਂ ਦੇ ਪ੍ਰਸ਼ਨਾਂ ਨੂੰ ਭਲੀ ਪ੍ਰਕਾਰ ਸਮਝਣ ਦੀ ਉਹਨਾਂ ਦੀ ਭੂਮਿਕਾ ਰਹੀ ਹੈ ।

ਵਿਸ਼ਵ ਦਾ ਆਰੰਭਿਕ ਰੂਪ ਕੀ ਸੀ ? ਅੱਜ ਉਹ ਕਿਹੋ ਜਿਹਾ ਹੈ ਅਤੇ ਭਵਿੱਖ ਵਿਚ ਕਿਹੋ ਜਿਹਾ ਹੋਵੇਗਾ ਜਾਂ ਕਿਹੋ ਜਿਹਾ ਹੋਣਾ ਚਾਹੀਦਾ ਹੈ ; ਇਸ ਵੱਲ ਵਾਮਨ

ਮਲ੍ਹਾਰ ਨੇ ਵਿਸ਼ੇਸ਼ ਧਿਆਨ ਦਿੱਤਾ । ਇਸ ਦ੍ਰਿਸ਼ਟੀ-ਕੋਣ ਦੁਆਰਾ ਉਹਨਾਂ ਨੇ ਮਨੁੱਖ ਦੇ ਇਤਿਹਾਸਕ ਕਰਤੱਵ ਦਾ ਸਰੂਪ ਅਤੇ ਦਿਸ਼ਾ ਨਿਸਚਿਤ ਕਰਨ ਦੀ ਕੋਸ਼ਿਸ ਕੀਤੀ । ਉਹਨਾਂ ਦੇ ਜਤਨਾਂ ਦੇ ਫ਼ਲਸਰੂਪ ਕਲਾ ਅਤੇ ਸਾਹਿੱਤ ਦੀ ਸਿਰਜਣਾ ਸੰਭਵ ਹੋਈ ।

ਕਲਾ ਅਤੇ ਕਲਾ ਸਿਰਜਣਾ ਵਿਚ 'ਵਿਚਾਰ' ਨੂੰ ਵਾਮਨ ਮਲ੍ਹਾਰ ਵਧੇਰੇ ਮਹੱਤਵਪੂਰਨ ਸਮਝਦੇ ਸਨ । ਕਾਰਣ ਮਨੁੱਖ ਵਿਚਾਰਸ਼ੀਲ ਪ੍ਰਾਣੀ ਹੈ, ਇਹ ਗੱਲ ਕਿਸੇ ਨੇ ਆਖੀ ਤਾਂ ਇਸਦੇ 'ਤੇ ਵਿਚਾਰ ਕਰਨ ਦੀ ਕੀ ਲੋੜ ਹੈ ? ਵਿਚਾਰਾਂ ਦੇ ਯੋਗ ਅਯੋਗ ਹੋਣ ਦੇ ਆਧਾਰ ਕਿਵੇਂ ਨਿਸਚਿਤ ਕਰੋਗੇ ? ਇਹੋ ਜਿਹੀਆਂ ਗੱਲਾਂ ਸਾਧਾਰਣ ਆਦਮੀ ਦੀ ਸਮਝ ਤੋਂ ਬਾਹਰ ਦੀਆਂ ਹਨ । ਵਿਚਾਰਾਂ ਦੇ ਯੋਗ ਆਤਮ ਗਿਆਨ ਪੂਰਣ ਦਿਸ਼ਾ ਸਵੀਕਾਰ ਨਾ ਕਰਨ ਕਰਕੇ ਜਗਤ ਵਿਚਦੁੱਖ, ਗ਼ਲਤਫ਼ਹਿਮੀ, ਦੁਰਜਨਤਾ ਤੇ ਦਲਿਦੱਰਤਾ ਆਦਿ ਵਧ ਰਹੇ ਹਨ, ਇਹ ਕੁਝ ਵਾਮਨ ਮਲ੍ਹਾਰ ਦਾ ਦਿਲ ਆਖਦਾ ਸੀ । ਇਸੇ ਲਈ ਉਹਨਾਂ ਨੇ ਵਿਚਾਰ-ਤੱਤ ਉੱਪਰ ਆਪਣਾ ਸਾਰਾ ਧਿਆਨ ਕੇਂਦ੍ਰਿਤ ਕੀਤਾ । ਇਨ੍ਹਾਂ ਵਿਚਾਰਾਂ ਦੇ ਵਿਹਾਰਿਕ ਅਤੇ ਸਿਧਾਂਤਿਕ ਪੱਲੇ ਨੂੰ ਉਹਨਾਂ ਨੇ ਉਲਟ ਪੁਲਟ ਕਰਕੇ ਦੇਖਿਆ ਅਤੇ ਦੂਜਿਆਂ ਨੂੰ ਵੀ ਦਿਖਾਇਆ । ਉਹਨਾਂ ਨੇ ਸ਼ੁੱਧ ਵਿਚਾਰ ਯੁਕਤ ਆਚਾਰ ਦਾ ਮਹੱਤਵ ਤੇ ਪਵਿੱਤਰਤਾ ਸਪਸ਼ਟ ਤੇ ਸਵੱਛ ਰੂਪ ਵਿਚ ਨਿੰਮ੍ਰਤਾ ਦੇ ਭਾਵਾਂ ਦੁਆਰਾ ਮਰਾਠੀ ਸੁਸਿੱਖਿਅਤ ਵਰਗ ਦੇ ਸਨਮੁੱਖ ਅਨੇਕਾਂ ਵਾਰ ਪੇਸ਼ ਕੀਤੀ । 'ਸਰਬਮੁਖੀ ਮੰਗਲ ਬੋਲਾਂ' ਦੀ ਚਾਬੀ ਕਿੱਥੇ ਹੈ, ਇਹ ਸਪਸ਼ਟ ਕਰਨ ਦਾ ਜਤਨ ਕੀਤਾ ।

ਆਧੁਨਿਕ ਮਰਾਠੀ ਸਾਹਿੱਤ ਦੇ ਖ਼ੇਤਰ ਵਿਚ ਵਿਚਾਰਵਾਨ, ਕਵੀ, ਅਧਿਆਤਮਵਾਦੀ ਅਤੇ ਲਲਿਤ ਨਿਬੰਧ ਲੇਖਨ ਦੇ ਨਾਤੇ ਪ੍ਰਸਿੱਧ ਹੋਏ ਵਿਅਕਤੀ ਅਨੇਕਾਂ ਹਨ । ਉਹਨਾਂ ਦੁਆਰਾ ਆਪੋ ਆਪਣੇ ਖ਼ੇਤਰ ਵਿਚ ਕੀਤਾ ਕਾਰਜ ਅਮੁੱਲਾ ਹੈ । ਪਰ ਇਨ੍ਹਾਂ ਸਾਰੇ ਮਰਾਠੀ ਸਾਹਿੱਤਕਾਰਾਂ ਦੀ ਸੰਗਤ ਵਿਚ ਬੈਠੇ ਹੋਏ ਵਾਮਨ ਮਲ੍ਹਾਰ ਵਿਲੱਖਣ ਦਿਖਾਈ ਦਿੰਦੇ ਹਨ । ਇਸਦਾ ਕਾਰਣ ਉਹਨਾਂ ਦਾ ਅਸਾਧਾਰਣ ਵਿਅਕਤੀਤਵ ਹੈ ਅਤੇ ਉਹਨਾਂ ਦੇ ਵਿਅਕਤੀਤਵ ਦੀ ਰਸਾਇਣ ਉਹਨਾਂ ਦੀਆਂ ਪੁਸਤਕਾਂ 'ਚੋਂ ਪ੍ਰਗਟ ਹੁੰਦੀ ਹੈ । ਮਰਾਠੀ ਸਾਹਿੱਤ ਵਿਚ ਇਹ ਸਾਰਾ ਕੁਝ ਦੁਰਲੱਭ ਅਤੇ ਅਤਿਸਾਧਾਰਣ ਹੈ । 'ਵਾਮਨ ਮਲ੍ਹਾਰ ਦੀਆਂ ਲਿਖਤਾਂ ਪੜ੍ਹਕੇ ਚਿੱਤ ਤੇ ਬਿਰਤੀ ਸਥਿਰ ਹੋ ਜਾਂਦੇ ਹਨ, ਮਨ ਪ੍ਰਸੰਨ ਹੋ ਜਾਂਦਾ ਹੈ । ਅੰਤਹਕਰਣ ਵਿਚ ਸੱਚੀ ਬਿਰਤੀ ਦੀਆਂ ਨਵੀਆਂ ਕਰੂੰਬਲਾਂ ਫੁੱਟ ਫੁੱਟ ਪੈਂਦੀਆਂ ਹਨ, ਜਿੰਦਗੀ ਵਿਚ ਵਿਸ਼ਵਾਸ ਵਧਦਾ ਹੈ । ਆਚਾਰ ਵਿਚਾਰ ਅੰਤਰਮੁਖਤਾ ਧਾਰਣ ਕਰਕੇ ਆਸ ਭਰਪੂਰ ਸਿੱਧ ਹੁੰਦਾ ਹੈ । ' ਵ. ਲ. ਕੁਲਕਰਣੀ ਦੇ ਇਹ ਸ਼ਬਦ ਵਧੇਰੇ ਯਥਾਰਥਕ ਹਨ ।[1]

## ਸੰਦਰਭ

1. ਵ. ਲ. ਕੁਲਕਰਣੀ, ਵਾਮਨ ਮਲ੍ਹਾਰ : **ਸਾਹਿੱਤ ਦਰਸ਼ਨ** (ਤੀਜੀ ਛਾਪ) ਪੰਨਾ 8

# ਵਾਮਨ ਮਲ੍ਹਾਰ ਜੋਸ਼ੀ : ਸਾਹਿੱਤ ਸੂਚੀ

**ਨਾਵਲ** ਰਾਗਿਣੀ (ਪੂਰਵਾਰਧ 1915, ਉੱਤਰਾਰਧ 1916 ਈ.) ਆਸ਼੍ਰਮ ਹਿਰਣੀ (1916), ਨਲਿਨੀ (1919), ਸੁਸ਼ੀਲਾ ਦਾ ਦੇਵ (1930), ਇੰਦੂ ਕਾਲ਼ੇ ਤੇ ਸਰਲਾ ਭੋਲ਼ੇ (1935 ਈ.)

**ਲਲਿਤ ਸਾਹਿੱਤ**

(ੳ) ਬ੍ਰਿਤਾਂਤਾਤਮਕ : ਨਵ ਪੁਸ਼ਪ ਖਾਰੀ (1916 ਈ.), ਦੇਸ਼ ਸੇਵਕ ਦਾ ਰਹੱਸ 1921 ਈ. (ਸਹਿ-ਸੰਪਾਦਕ)

(ਅ) ਲਲਿਤ ਨਿਬੰਧ : ਸਿਮ੍ਰਿਤ ਲਹਿਰੀਂ (1942 ਈ.)

(ੲ) ਨਾਟਕ : ਅੱਗ ਦੀ ਖੇਡ (1937 ਈ.)

**ਆਲੋਚਨਾ** (1916) A Gist of the Gita-Rahasya (1916)

(ਡਾ. ਵਿਲਾਸ-ਖੋਲੇ ਸੰਪਾਦਿਤ 'ਵਾ. ਮ. ਜੋਸ਼ੀ : ਜੀਵਨ ਦ੍ਰਿਸ਼ਟੀ ਅਤੇ ਸਾਹਿੱਤ ਵਿਚਾਰ, ਪੁਣੇ 1983 ਤੀਕ ਸ਼ਾਮਿਲ)

**ਵਿਚਾਰਿਕ ਚਰਚਾਤਮਕ** ਆਧੁਨਿਕ ਸੁਸਿੱਖਿਅਤਾਂ ਦਾ ਵੇਦਾਂਤ (ਪੁਰਵਣੀ), 1915 (ਪ੍ਰੋ. ਮਹਾਦੇਵ ਮਲ੍ਹਾਰ- 'ਆਧੁਨਿਕ ਸੁਸਿਖਅਤਾਂ ਦਾ ਵੇਦਾਂਤ ਅਤੇ ਸਵਾਮੀ ਸਚੱਦਾਨੰਦ ਦੇ ਵਿਚਾਰ, ਬੰਬਈ, 1936 ਇਸ ਗ੍ਰੰਥ ਵਿਚ ਸ਼ਾਮਿਲ), ਨੀਤੀ ਸ਼ਾਸ਼ਤ੍ਰ ਪ੍ਰਵੇਸ਼ (1919), ਸੁਕਰਾਤ ਦੇ ਸੰਵਾਦ (1922), ਵਿਚਾਰ ਵਿਲਾਸ (1927), ਠਾਣੇ ਪੁਸਤਕ ਮਾਲਾ ਵਾਰਸ਼ਿਕ ਸਮਾਰੋਹ : ਪ੍ਰਧਾਨਗੀ ਭਾਸ਼ਣ (1932), ਵਿਚਾਰ ਸੌਂਦਰਯ (1940), ਵਿਚਾਰ ਲਹਿਰੀ (1943), ਵਿਚਾਰਵਿਹਾਰ (1944)

## ਵਾਮਨ ਮਲ੍ਹਾਰ ਜੋਸ਼ੀ ਬਾਰੇ ਮਹੱਤਵਪੂਰਨ ਲਿਖਤਾਂ

**ਚਰਿੱਤਰ ਤੇ ਵਿਅਕਤੀਤਵ** : ਕਾਨਿਟਕਰ ਰਾ. ਪ੍ਰ. ਵਾਮਨ ਮਲ੍ਹਾਰ ਜੋਸ਼ੀ, ਐਂਨ ਭਿੜੇ ਐਂਡ ਕੰਪਨੀ, ਪੁਣੇ 1930 । ਜੋਸ਼ੀ ਵ. ਮ. ਮਾਧਿਆਂ ਦਾ ਸਤਿਕਾਰ, ਪੁਣੇ, 1960, ਪਟਵਰਧਨ ਨਾ. ਮ. ਵਾਮਨ ਮਲ੍ਹਾਰ ਜੋਸ਼ੀ ਦਾ ਚਰਿੱਤਰ, ਪੁਣੇ (ਸਮਾਂ ਨਿਰਦੇਸ਼ ਨਹੀਂ), ਪਾਧੇ ਪ੍ਰਭਾਕਰ, ਤਿੰਨ ਤਪੱਸਵੀ, ਸਕੂਲ ਐਂਡ ਕਾਲਜ ਬੁੱਕਸਟਾਲ ਕੋਲ੍ਹਾਪੁਰ, 1946 ।

**ਆਲੋਚਨਾ** : ਕੁਲਕਰਣੀ ਵ. ਲ. ਵਾਮਨਮਲ੍ਹਾਰ ਸਾਹਿੱਤ ਦਰਸ਼ਨ (1944), ਖੋਲੇ ਵਿਲਾਸ (ਸੰਪਾ.) ਵਾ. ਮ. ਜੋਸ਼ੀ : ਜੀਵਨ ਦ੍ਰਿਸ਼ਟੀ ਅਤੇ ਸਹਿੱਤ ਵਿਚਾਰ, ਪੁਣੇ, 1983, ਪਾਧੇ ਪ੍ਰਭਾਕਰ, ਵਾਮਨ ਮਲ੍ਹਾਰ ਅਤੇ ਵਿਚਾਰ ਸੌਂਦਰਯ, ਬੰਬਈ, ਮਰਾਠੀ ਸਾਹਿੱਤ ਸੰਘ ਪ੍ਰਕਾਸ਼ਨ ।

**ਸੰਪਾਦਕ** : ਖਾਂਡੇਕਰ ਵਿ. ਸ. (ਸੰਪਾ.) ਵਾਮਨ ਮਲ੍ਹਾਰ ਜੋਸ਼ੀ, ਵਿਅਕਤੀ ਅਤੇ ਵਿਚਾਰ, 1948. ਕੁਲਕਰਣੀ ਵਾ. ਲ. ਅਤੇ ਕੁਲਕਰਣੀ ਗੋ. ਮ. (ਸੰਪਾ.) ਵਾ. ਮ. ਜੋਸ਼ੀ ਸਾਹਿੱਤ ਦਰਸ਼ਨ, ਸਾਹਿੱਤ ਅਕਾਦਮੀ 1985, ਡਾ. ਅ. ਨ. ਦੇਸ਼ਪਾਂਡੇ ਅਤੇ ਸ੍ਰੀ. ਗ. ਵ. ਜੋਸ਼ੀ (ਸੰਪਾ.) ਸਾਹਿੱਤ ਵਿਚ ਵਿਵੇਕ (ਵਾ. ਮ. ਜੋਸ਼ੀ ਦੇ ਸਾਹਿੱਤ ਸ਼ਾਸਤ੍ਰੀ ਲੇਖ ਸੰਗ੍ਰਿਹਿ) ਪੁਣੇ, 1962) ।

---

Indian ... SHIMLA
116243
23/11/04

ਵਾਮਨ ਮਲ੍ਹਾਰ ਜੋਸ਼ੀ ਆਧੁਨਿਕ ਮਰਾਠੀ ਸਾਹਿੱਤਕ ਦੁਨੀਆ ਵਿਚ ਇਕ ਮਹੱਤਵਪੂਰਨ ਵਿਅਕਤੀ ਹਨ । ਉਹਨਾਂ ਦੇ ਵਿਅਕਤੀਤਵ ਅਤੇ ਵਿਚਾਰਾਂ ਦੀ ਮਧੁਰਤਾ, ਸੁਖਦ ਤੇ ਸੁਗੰਧ ਸਾਹਿੱਤਕ ਜਗਤ ਵਿਚ ਫ਼ੈਲੀ ਹੋਈ ਹੈ-ਕਿਉਂਕਿ ਉਹ ਲੇਖਨ ਸੁੰਦਰ ਹੈ, ਅਤਿਸੁੰਦਰ ।

ਮਹਾਨ ਸਿਧਾਂਤ ਚਿੰਤਕ, ਸ੍ਰੇਸ਼ਟ ਵਿਚਾਰਵਾਨ, 'ਮਹਾਰਾਸ਼ਟਰ ਦੇ ਸੁਕਰਾਤ' ਜਿਹੀਆਂ ਪਦਵੀਆਂ ਮਹਾਰਾਸ਼ਟਰ ਨੇ ਉਹਨਾਂ ਨੂੰ ਪ੍ਰਸ਼ੰਸਾ ਅਤੇ ਪ੍ਰੇਮ-ਆਦਰ ਵਜੋ ਪ੍ਰਦਾਨ ਕੀਤੀਆਂ ਹਨ । ਮਰਾਠੀ ਵਿਚ ਕਾਵਿ ਸ਼ਾਸਤ੍ਰੀ ਵਿਨੋਦ ਭਰਪੂਰ ਵਿਧਾਂਤ-ਚਿੰਤਨਾਤਮਕ ਨਾਵਲ ਦੀ ਸਿਰਜਣਾ ਦਾ ਮਾਨ ਵੀ ਉਹਨਾਂ ਨੂੰ ਹੀ ਦਿੱਤਾ ਜਾਂਦਾ ਹੈ । ਬੇਲਾਗ ਸਮੀਖਿਅਕ, ਸੂਖ਼ਮ ਦ੍ਰਿਸ਼ਟੀ ਵਾਲੇ ਲਲਿਤ ਨਿਬੰਧ ਲੇਖਕ, ਸਤਿ, ਨਿੰਮ੍ਰਤਾ ਤੇ ਸੌਂਦਰਯ ਦੇ ਅਨਨ ਉਪਾਸਕ ਕਰਕੇ ਵੀ ਉਹਨਾਂ ਦੀ ਪਛਾਣ ਕੀਤੀ ਜਾਂਦੀ ਹੈ । ਉਹਨਾਂ ਦੁਆਰਾ ਨਿਰਮਾਣ ਕੀਤੀਆਂ ਸਹਿੱਤਕ ਕ੍ਰਿਤਾਂ ਮਰਯਾਦਿਤ ਅਤੇ ਮੌਲਿਕ ਹਨ । ਉਹਨਾਂ ਵਿਚ ਵਾਮਨ ਮਲ੍ਹਾਰ ਕਾਲ ਦੇ ਸੁਸਿੱਖਿਅਤ ਨੌਜਵਾਨ ਇਸਤ੍ਰੀ ਪੁਰਸ਼ਾਂ ਦੇ ਮਨਾਂ ਦੀਆਂ ਵਿਚਾਰਧਾਰਕ ਅਤੇ ਭਾਵਨਾਤਮਕ ਉਲਝਣਾਂ ਦੇ ਸਪਸ਼ਟ ਅਤੇ ਹਰਸ਼ ਭਰਪੂਰ ਦਰਸ਼ਨ ਹੁੰਦੇ ਹਨ । ਉਹ ਰਸਿਕ ਪਾਠਕਾਂ ਦੀ ਚਤੁਰਾਈ ਵਿਚ ਸਿਆਣਪ ਦਾ ਵਾਧਾ ਕਰਦੇ ਅਤੇ ਉਹਨਾਂ ਦੇ ਸਨਮੁੱਖ ਵੱਖੋ ਵੱਖ ਪ੍ਰਕਾਰ ਦੀਆਂ ਅੜਾਉਣੀਆਂ ਨੂੰ ਖੇਡਪਣ ਦੇ ਰੂਪ ਵਿਚ ਖੋਲ੍ਹ ਕੇ ਦਰਸਾਉਂਦੇ ਹਨ ।

ਆਧੁਨਿਕ ਮਰਾਠੀ ਸਾਹਿੱਤ ਦੇ ਖ਼ੇਤਰ ਵਿਚ ਵਿਚਾਰਵਾਨ ਕਵੀ, ਸਿਧਾਂਤਕਾਰ, ਲਲਿਤ ਲੇਖਕ, ਅਨੇਕਾਂ ਪ੍ਰਸਿੱਧੀ ਪ੍ਰਾਪਤ ਵਿਅਕਤੀ ਹਨ । ਪਰ, ਇਨ੍ਹਾਂ ਸਾਰੇ ਮਰਾਠੀ ਸਾਹਿੱਤਕਾਰਾਂ ਦੀ ਸੰਗਤ ਵਿਚ ਬੈਠੇ ਹੋਏ ਵਾਮਨ ਮਲ੍ਹਾਰ ਵੱਖਰੇ ਦਿਖਾਈ ਦਿੰਦੇ ਹਨ । ਇਸਦਾ ਕਾਰਣ ਉਹਨਾਂ ਦਾ ਅਸਾਧਾਰਣ ਵਿਅਕਤੀਤਵ ਹੈ ਜਿਸ ਵਿਚ ਸਮੋਈ ਹੋਈ ਰਸਾਇਣ ਉਹਨਾਂ ਦੀਆਂ ਪੁਸਤਕਾਂ ਵਿਚ ਪ੍ਰਗਟ ਹੁੰਦੀ ਹੈ । ਮਰਾਠੀ ਵਿਚ ਇਹ ਕੁਝ ਦੁਰਲੱਭ ਅਤੇ ਬਹੁਤ ਘੱਟ ਪ੍ਰਾਪਤ ਹੈ ।

ਇਸ ਪੁਸਤਕ ਦੇ ਲੇਖਕ ਗੋਵਿੰਦ ਮਲ੍ਹਾਰ ਕੁਲਕਰਣੀ ਇਕ ਪ੍ਰਸਿੱਧ ਸਮੀਖਿਅਕ ਅਤੇ ਮਰਾਠੀ ਦੇ ਪ੍ਰਾਧਿਆਪਕ ਹਨ । ਉਹਨਾਂ ਨੇ ਵਾਮਨ ਮਲ੍ਹਾਰ ਜੋਸ਼ੀ ਦੇ ਸਾਹਿੱਤ ਦਾ ਡੂੰਘਾ ਅਧਿਐਨ ਕੀਤਾ ਹੈ । ਸਾਹਿੱਤ ਅਕਾਦੇਮੀ ਨੇ 'ਵ. ਮ. ਜੋਸ਼ੀ ਸਾਹਿੱਤ ਦਰਸ਼ਨ' (ਚੋਣ-ਸੰਗ੍ਰਹਿ) ਪ੍ਰਕਾਸ਼ਿਤ ਕੀਤਾ ਹੈ । ਉਸਦਾ ਸੰਪਾਦਨ ਵਾ. ਲ. ਕੁਲਕਰਣੀ ਅਤੇ ਗੋ. ਮ. ਕੁਲਕਰਣੀ ਹੁਰਾਂ ਨੇ ਕੀਤਾ ਹੈ ।

Library IIAS, Shimla
P 891.460 92 J 78 K
00116243

ISBN 81-7201-784-7

ਪੰਦਰਾਂ ਰੁਪਏ